# ਸੋਧ

ਸਤੰਬਰ 1976 (ਜਿਲਦ 5 ਨੰਬਰ 9)

**September 1976**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਜਿਲਦ 5
ਸਤੰਬਰ 1976
ਨੰਬਰ 9

ਇਕਾਨੋਮਿਜ਼ਮ ਤੇ ਕਲਚਰ—4 (ਸਫ਼ਾ 3) — ਪ੍ਰੋ. ਕਿਸ਼ਨ ਸਿੰਘ
ਇਨਕਲਾਬੀ ਸਿਖ ਲਹਿਰ ਦਾ ਪਿਛੋਕੜ (ਸਫ਼ਾ 9) — ਜਗਜੀਤ ਸਿੰਘ
ਡਾਕਟਰ ਜ.ਸ. ਗਰੇਵਾਲ ਦਾ ਸੁੱਧਾ ਧੱਕਾ (ਸਫ਼ਾ [illegible]) — ਪ੍ਰੋ: ਕਿਸ਼ਨ ਸਿੰਘ
ਆਰਥਕਤਾ : ਇਕ ਵਾਰ ਫਿਰ (ਸਫ਼ਾ 23) — ਕਰਮ ਸਿੰਘ
ਸਰਮਾਏਦਾਰ ਉਤਪਾਦਨ ਪ੍ਰਣਾਲੀ ਬਾਰੇ—2 (ਸਫ਼ਾ 29) — ਨਿਰਮਲ ਆਜ਼ਾਦ
ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 36) — ਡਾ: ਫੌਜਾ ਸਿੰਘ, ਮੁਖ਼ਤਿਆਰ ਸਿੰਘ ਗਿੱਲ, ਡਾ: ਗੰਡਾ ਸਿੰਘ, ਹਮਦਰਦਵੀਰ ਨੌਸ਼ਹਿਰਵੀ, ਕੇ. ਐਸ. ਥਾਪਰ, ਜਗਜੀਤ ਸਿੰਘ, ਨਛੱਤਰ ਸਿੱਧੂ, ਜਗਜੀਤ ਸਿੰਘ ਸੰਧੂ, ਮੁਸ਼ਤਾਕ ਸਿੰਘ, ਭੂਪਿੰਦਰ ਸਿੰਘ ਖਹਿਰਾ ਅਤੇ ਪ੍ਰੋ: ਕਿਸ਼ਨ ਸਿੰਘ
ਪੁਸਤਕ ਰੀਵੀਊ : ਜੀਵਨ ਤੇ ਬਾਣੀ ਸੰਚਾਰ ਗੁਰੂ ਤੇਗ ਬਹਾਦਰ (ਸਫ਼ਾ 59) — ਸੁਰਜੀਤ ਹਾਂਸ

Edited, Printed & Published
by Gurvel Singh Pannu,
A/42, Defence Colony,
New Delhi-110024.
Ph. No. 62 63 00

Printed at 'LOK PRINTERS'
A1/12, Krishan Nagar, Delhi-51.

Price : Rs. 1.25 Per Copy
Subscription :
Annual (India) : Rs. 12
U.K , U.S.A., Canada : £ 5 / $ 10 (By Air)
£2.50 / $5 (By Sea)
(Pakistan) : Rs. 20
Life membership : Rs. 100
£50 / $ 100 (By Air) : £ 25 or $ 50 (By Sea)

ਇੰਗਲੈਂਡ ਵਸਦੇ ਪਾਠਕਾਂ ਦੇ ਅਸੀਂ ਬਹੁਤ ਸ਼ੁਕਰਗੁਜ਼ਾਰ ਹਾਂ ਜਿੰਨਾਂ ਸਾਨੂੰ ਇੰਗਲੈਂਡ ਆਉਣ ਦਾ ਸੱਦਾ ਦਿਤਾ, ਸਾਡੀ ਆਉ-ਭਗਤ ਕੀਤੀ ਅਤੇ ਸੇਧ ਨੂੰ ਭਰਵਾਂ ਹੁੰਗਾਰਾ ਦਿਤਾ । ਉਥੋਂ ਦੇ ਲੇਖਕਾਂ ਅਤੇ ਸਾਹਿਤ-ਸਭਾਵਾਂ ਦੇ ਸਰਗਰਮ ਕਾਮਿਆਂ ਦੇ ਵੀ ਅਸੀਂ ਖ਼ਾਸ ਤੌਰ 'ਤੇ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਦੀ ਹਿੰਮਤ ਤੇ ਸਹਿਯੋਗ ਸਦਕਾ ਸਾਹਿਤ ਸਭਾਵਾਂ ਦੇ ਮੈਂਬਰਾਂ ਤੇ ਹੋਰਨਾਂ ਲੇਖਕਾਂ ਨਾਲ ਮਿਲ ਕੇ ਬੈਠਣ ਤੇ ਵਿਚਾਰ ਵਟਾਂਦਰਾ ਕਰਨ ਦਾ ਅਵਸਰ ਸਾਨੂੰ ਮਿਲਿਆ ।

ਸੇਧ ਦੇ ਪ੍ਰੇਮੀਆਂ ਅਤੇ ਸਹਿਯੋਗੀਆਂ ਦੇ ਸੁਝਾਅ ਅਨੁਸਾਰ ਅਸੀਂ ਸੇਧ ਸਮੁੰਦਰੀ ਡਾਕ ਰਾਹੀਂ ਭੇਜਣ ਦਾ ਫੈਸਲਾ ਲਿਆ ਹੈ । ਅਗੋਂ ਤੋਂ ਚੰਦੇ ਦੇ ਦਰ ਇਸ ਪ੍ਰਕਾਰ ਹੋਣਗੇ :

ਸਾਲਾਨਾ ਚੰਦਾ ਪੌਂਡ ਪੰਜ (ਹਵਾਈ ਡਾਕ ਰਾਹੀਂ); ਪੌਂਡ 2.50 (ਸਮੁੰਦਰੀ ਡਾਕ ਰਾਹੀਂ), ਲਾਈਫ਼ ਮੈਂਬਰੀ : ਪੌਂਡ ਪੰਜਾਹ (ਹਵਾਈ ਡਾਕ ਰਾਹੀਂ) ਤੇ ਪੌਂਡ 25 (ਸਮੁੰਦਰੀ ਡਾਕ ਰਾਹੀਂ) ।

ਚੰਦਾ ਹੇਠ ਲਿਖੇ ਪਤੇ 'ਤੇ ਚੈਕ ਰਾਹੀਂ ਜਾਂ ਕੈਸ਼ ਦਿਤਾ ਜਾ ਸਕਦਾ ਹੈ :

Mrs. S. SAINI, 95, BURNS AVE, SOUTHALL, MIDDX,
(Ph. 574—5938)

ਕਨੇਡਾ ਤੇ ਅਮ੍ਰੀਕਾ ਵਸਦੇ **ਸੇਧ** ਪ੍ਰੇਮੀ ਆਪਣਾ ਚੰਦਾ Mr. G.S. PANNU 3368E, 27th Ave., Vancouver-16 (B—C) ਨੂੰ ਕੈਸ਼ ਜਾਂ ਚੈਕ ਰਾਹੀਂ ਦੇ ਸਕਦੇ ਹਨ । ਹਵਾਈ ਡਾਕ ਰਾਹੀਂ ਚੰਦਾ ਦਸ ਡਾਲਰ ਹੈ ਤੇ ਸਮੁੰਦਰੀ ਡਾਕ ਰਾਹੀਂ ਪੰਜ ਡਾਲਰ । ਏਸੇ ਤਰ੍ਹਾਂ ਲਾਈਫ਼ ਮੈਂਬਰੀ ਹਵਾਈ ਡਾਕ ਰਾਹੀਂ ਸੌ ਡਾਲਰ ਤੇ ਸਮੁੰਦਰੀ ਰਾਹੀਂ ਪੰਜਾਹ ਡਾਲਰ ਹੈ ।

ਪ੍ਰੋ. ਕਿਸ਼ਨ ਸਿੰਘ

## ਇਕਾਨੌਮਿਜ਼ਮ ਤੇ ਕਲਚਰ (4)

ਅਸੀਂ ਹੁਣ ਇਹ ਦੇਖਣਾ ਹੈ ਕਿ ਇਕਾਨੌਮਿਜ਼ਮ ਕਲਚਰ ਦੇ ਹਰ ਪਹਿਲੂ, ਹਰ ਮੁਹਾਜ਼ 'ਤੇ ਉਸ ਨੂੰ ਕਿਸ ਰਾਹੇ ਪਾਉਂਦਾ ਹੈ । ਇਕਾਨੌਮਿਜ਼ਮ ਮਾਰਕਸਵਾਦ ਦੇ ਅੰਦਰ ਵਿਗਾੜ ਪਾਉਂਦਾ ਹੈ; ਉਸ ਦੇ ਅਰਥ ਹੀ ਪੁਠੇ ਕਢਦਾ ਹੈ । ਇਸ ਵੇਲੇ ਸਾਰੇ ਸੰਸਾਰ ਦੇ ਮਾਰਕਸਵਾਦੀ ਦਾਇਰੇ ਵਿਚ, ਆਪਸ ਵਿਚ ਵਿਰੋਧੀ ਦੋ ਧੜਿਆਂ ਦੀ ਸਿਰ-ਧੜ ਦੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਚਲ ਰਹੀ ਹੈ । ਇਕਾਨੌਮਿਜ਼ਮ ਦੇ ਸ਼ਿਕਾਰ ਮਾਰਕਸਵਾਦੀ ਮਾਰਕਸ ਦੀਆਂ ਆਪਣੀਆਂ ਲਿਖਤਾਂ ਵਿਚ ਵੱਡਾ ਪਾੜਾ ਪਾਉਂਦੇ ਹਨ । ਉਹ ਉਸ ਦੀਆਂ ਮੁਢਲੀਆਂ ਤੇ ਵਡੇਰੀ ਉਮਰ ਦੀਆਂ ਲਿਖਤਾਂ ਵਿਚ ਸਿਰਫ਼ ਵੱਢਾ ਹੀ ਨਹੀਂ ਪਾਉਂਦੇ, ਉਨ੍ਹਾਂ ਨੂੰ ਇਕ ਦੂਸਰੇ ਦੇ ਵਿਰੋਧੀ ਕਰਾਰ ਦੇਂਦੇ ਹਨ । ਉਹ ਕਹਿੰਦੇ ਹਨ ਕਿ ਮਾਰਕਸ ਦੀ ਲਿਖਤ Economic & Philosophic MSS. ਅਤੇ ਉਨ੍ਹਾਂ ਨਾਲ ਦੀਆਂ ਹੋਰ ਮੁਢਲੀਆਂ ਲਿਖਤਾਂ ਲਿਖਣ ਵੇਲੇ ਮਾਰਕਸ ਦਿਮਾਗ਼ੀ ਤੇ ਵਿਚਾਰਧਾਰਕ ਤੌਰ 'ਤੇ ਅਜੇ ਮੁੰਡੂ ਸੀ । ਮਾਰਕਸਵਾਦ ਵਿਚ ਅਜੇ ਉਹ ਬਾਲਗ ਨਹੀਂ ਸੀ ਹੋਇਆ । ਆਪਣੀਆਂ ਪਹਿਲੇ ਦੌਰ ਦੀਆਂ ਮੁਢਲੀਆਂ ਲਿਖਤਾਂ ਦੀ ਆਪਣੇ ਦਿਮਾਗ ਦਵਾਲਿਉਂ ਕੁੰਜ ਲਾਹ ਕੇ, ਉਨ੍ਹਾਂ ਲਿਖਤਾਂ ਦੀ ਵਸਤੂ ਤੋਂ ਪਾਕ ਹੋਕੇ, ਉਸ ਨੂੰ ਪਿੱਛੇ ਛਡ ਕੇ, ਉਸ 'ਤੇ ਲਕੀਰ ਫੇਰ ਕੇ ਹੀ ਉਹ ਮਾਰਕਸਵਾਦ ਵਿਚ ਬਾਲਗ ਹੋਇਆ । ਉਨ੍ਹਾਂ ਦੀ ਵਸਤੂ ਨੂੰ ਤਲਾਂਜਲੀ ਦੇਕੇ ਹੀ ਉਹ ਸਹੀ, ਬਾਲਗ ਮਾਰਕਸਵਾਦ ਦਾ ਕਰਤਾ ਬਣਿਆ । ਇਕਾਨੌਮਿਜ਼ਮ ਦਾ ਸ਼ਿਕਾਰ ਹੋਏ ਮਾਰਕਸਵਾਦੀਆਂ ਦੇ ਵਿਰੋਧੀ ਧੜੇ, ਅਸਲ ਮਾਰਕਸਵਾਦੀਆਂ ਦਾ ਪੈਂਤੜਾ ਇਹ ਹੈ ਕਿ ਮੁਢੋਂ ਲਗ ਕੇ ਅਖੀਰ ਤਕ ਹੀ ਮਾਰਕਸ ਦੀਆਂ ਲਿਖਤਾਂ ਦਾ ਮੂਲ ਇਕ ਹੈ । ਉਸ ਦੀਆਂ ਮੁਢਲੀਆਂ ਤੇ ਵਡੇਰੀ ਉਮਰ ਦੀਆਂ ਲਿਖਤਾਂ — E. & P. MSS. ਅਤੇ Capital— ਆਦਿ ਦਾ ਆਪਸ ਵਿਚ ਕੋਈ ਵਿਰੋਧ ਨਹੀਂ ।

ਇਹ ਹੈ ਆਪਸ ਵਿਚ ਵਿਰੋਧੀ ਦੋਹਾਂ ਧੜਿਆਂ ਦੇ ਦਰਮਿਆਨ ਚਲ ਰਹੀ ਵਿਚਾਰਧਾਰਕ ਜਦੋ-ਜਹਿਦ ਦਾ ਰੂਪ । ਇਸ ਵਿਚਾਰਧਾਰਕ ਜਦੋ-ਜਹਿਦ ਦੀ ਵਸਤੂ ਕੀ ਹੈ ? ਇਸ ਵਿਚਾਰਧਾਰਕ ਜਦੋ-ਜਹਿਦ ਦੀ ਵਸਤੂ ਹੈ ਕਿ ਮਾਰਕਸਵਾਦ ਦਾ, ਸਮਾਜਵਾਦ ਦੀ ਸਥਾਪਤੀ ਦਾ ਇਤਿਹਾਸਕ ਰੋਲ ਕੀ ਹੈ ? ਉਹ ਕਿਹੜਾ ਇਤਿਹਾਸਕ ਮਸਲਾ ਹੈ ਜਿਸ ਨੂੰ ਹਲ ਕਰਨਾ ਮਾਰਕਸਵਾਦ ਦੀ, ਸਮਾਜਵਾਦ ਦੀ ਸਥਾਪਤੀ ਦੀ ਖ਼ਾਸ ਜ਼ਿਮੇਂਵਾਰੀ ਹੈ ? ਇਸ ਦਾ ਲਫ਼ਜ਼ੀ ਜਵਾਬ ਤਾਂ ਸਪਸ਼ਟ ਹੈ । ਰੂਪਕ ਪੱਧਰ 'ਤੇ ਇਸ ਸਵਾਲ ਦੇ ਜਵਾਬ ਵਿਚ ਦੋਹਾਂ ਧੜਿਆਂ ਵਿਚ ਕੋਈ ਫਰਕ ਨਹੀਂ । ਰੂਪਕ ਪੱਧਰ ਤੇ ਲਫ਼ਜ਼ੀ ਪੱਧਰ 'ਤੇ ਦੋਹਾਂ ਧੜਿਆਂ ਦਾ ਜਵਾਬ ਹੈ ਕਿ ਮਾਰਕਸਵਾਦ ਦਾ ਰੋਲ ਸਰਮਾਏਦਾਰੀ ਦੇ ਵਿਰੁਧ ਇਨਕਲਾਬ ਲਿਆ ਕੇ ਸਮਾਜਵਾਦ ਸਥਾਪਤ ਕਰਨਾ ਹੈ । ਪਰ ਰੂਪਕ ਤੇ ਲਫ਼ਜ਼ੀ ਪੱਧਰ 'ਤੇ ਰਿਹਾਂ ਦੋਹਾਂ ਧੜਿਆਂ ਦੇ ਆਪਸ ਵਿਚ ਵਿਰੋਧ ਦੀ ਸਮਝ ਨਹੀਂ ਆਉਂਦੀ । ਜੇ ਏਸੇ ਰਾਹੇ ਪੈ ਕੇ ਅਸਲੀਅਤ

'ਤੇ ਪਹੁੰਚਣਾ ਹੋਵੇ ਤਾਂ ਦੋਹਾਂ ਧੜਿਆਂ ਦਾ ਆਪਸ ਵਿਚ ਪਾੜਾ ਹੈ ਸਮਾਜਵਾਦ ਦੇ ਅਸਲੇ ਦਾ,
ਉਸ ਦੀ ਵਸਤੂ ਦਾ । ਸਰਮਾਇਦਾਰੀ ਨੂੰ ਖ਼ਤਮ ਕਰਨ ਤੇ ਸਮਾਜਵਾਦ ਨੂੰ ਲਿਆਉਣ ਦੇ
ਤਰੀਕੇ ਦਾ । ਜਿਨ੍ਹਾਂ ਮੁਲਕਾਂ ਵਿਚ ਸਰਮਾਇਦਾਰੀ ਨਿਜ਼ਾਮ ਕਾਬਜ਼ ਹੈ ਜਦੋਂ ਉਨ੍ਹਾਂ ਮੁਲਕਾਂ ਦੀਆਂ
ਕਮਿਊਨਿਸਟ ਪਾਰਟੀਆਂ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਜਾਣ ਤਾਂ ਜਿਸ ਤਰ੍ਹਾਂ ਸੇਧ ਦੇ ਸਫ਼ਿਆਂ
ਵਿਚ ਦਸਿਆ ਜਾ ਚੁਕਾ ਹੈ ਉਹ ਬੁਰਜਵਾਜ਼ੀ ਦੀਆਂ ਅੱਖਾਂ ਵਿਚ ਪਤਵੰਤੀਆਂ ਬਣਨ ਦੇ ਰਾਹੇ ਪੈ
ਜਾਂਦੀਆਂ ਹਨ । ਉਨ੍ਹਾਂ ਦਾ ਅਮਲ ਬਹੁਤ ਹਦ ਤਕ ਟਰੇਡ ਯੂਨੀਅਨੀ ਜਦੋ-ਜਹਿਦ ਤਕ ਹੀ ਮਹਿਦੂਦ
ਹੋ ਜਾਂਦਾ ਹੈ । ਵਧ ਤੋਂ ਵਧ ਉਹ ਪੈਦਾਵਾਰ ਦੇ ਕੇਂਦਰਾਂ ਦੇ ਬੰਦੋਬਸਤ ਵਿਚ ਵਰਕਰਾਂ ਦੀ ਸ਼ਮੂਲੀਅਤ
ਦੀ ਮੰਗ ਕਰਦੀਆਂ ਹਨ । ਪਰ ਇਹ ਮੰਗ ਵੀ ਬਹੁਤ ਹੱਦ ਤਕ ਮੂੰਹ-ਰਖਣੀ ਤੇ ਨਾਹਰੇਬਾਜ਼ੀ ਹੀ
ਰਹਿੰਦੀ ਹੈ । ਨਾਲੇ ਪੈਦਾਵਾਰ ਦੇ ਕੇਂਦਰਾਂ ਦੇ ਬੰਦੋਬਸਤ ਵਿਚ ਵਰਕਰਾਂ ਦੀ ਸ਼ਮੂਲੀਅਤ ਨਾਲ ਬੁਰ-
ਜਵਾਜ਼ੀ ਦੀ ਜਾਨ ਨੂੰ ਨਹੀਂ ਬਣਦੀ । ਜਿਸ ਤਰ੍ਹਾਂ ਟਰੇਡ ਯੂਨੀਅਨਾਂ ਦੀ ਲੀਡਰਸ਼ਿਪ ਬਹੁਤ ਹਦ ਤਕ
ਬੁਰਜਵਾਜ਼ੀ ਨਾਲ ਰਲ ਚੁਕੀ ਹੁੰਦੀ ਹੈ, ਇਸ ਤਰ੍ਹਾਂ ਹੀ ਬੁਰਜਵਾਜ਼ੀ ਨੂੰ ਆਪਣੇ ਆਪ 'ਤੇ ਮਾਣ ਹੈ
ਕਿ ਉਹ ਪੈਦਾਵਾਰ ਦੇ ਕੇਂਦਰਾਂ ਦੇ ਬੰਦੋਬਸਤ ਵਿਚ ਸ਼ਾਮਲ ਵਰਕਰਾਂ ਨੂੰ ਵੀ ਹੱਥਾਂ 'ਤੇ ਪਾ ਲਵੇਗੀ ।
ਅਗਲੇ ਅਗੇ ਹੀ ਬੁਰਜਵਾਜ਼ੀ ਦੇ ਨਾਲ ਰਲਕੇ ਪਤਵੰਤੇ ਬਣਨ ਨੂੰ ਤਿਆਰ ਹੁੰਦੇ ਹਨ । ਸਿਆਸੀ
ਖੇਤਰ ਵਿਚ ਵੀ ਇਨ੍ਹਾਂ ਪਾਰਟੀਆਂ ਦੀ ਮੰਗ ਤੇ ਨਿਸ਼ਾਨਾ ਹੋਰ ਬੁਰਜਵਾ ਪਾਰਟੀਆਂ ਵਾਂਗ ਬੁਰਜਵਾ
ਸਰਕਾਰ ਤੇ ਬੁਰਜਵਾ ਸਟੇਟ ਵਿਚ ਹਿੱਸੇਦਾਰ ਬਣਨਾ ਹੀ ਹੁੰਦਾ ਹੈ । ਪਰੋਲਤਾਰੀ ਸਿਆਸੀ ਪੈਂਤੜੇ
ਤੇ ਉਸ ਦੀ ਸਿਆਸਤ ਨੂੰ ਉਹ ਤਰਕ ਕਰ ਦੇਂਦੀਆਂ ਹਨ । ਉਨ੍ਹਾਂ ਵਾਸਤੇ ਵਿਚਾਰਧਾਰਕ ਜਮਾਤੀ
ਜਦੋ-ਜਹਿਦ ਕਰਨ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਧਰਵਾਸ ਉਹ ਆਪਣੇ ਆਪ ਨੂੰ ਇਹ ਦੇਣ
ਲਗ ਪੈਂਦੀਆਂ ਹਨ ਕਿ ਸਰਮਾਇਦਾਰੀ ਦੇ ਆਪਣੇ ਅੰਦਰੂਨੀ ਵਿਰੋਧਾਂ ਨੇ ਹੀ ਆਏ ਵਕਤ 'ਤੇ ਇਸ
ਨੂੰ ਲੈ ਮਰਨਾ ਹੈ । ਦੂਸਰੇ ਲਫ਼ਜ਼ਾਂ ਵਿਚ, ਮਾਰਕਸਵਾਦ ਦੀ ਲਫ਼ਾਜ਼ੀ ਨੂੰ ਤਾਂ ਉਹ ਵਰਤੀ ਜਾਂਦੀਆਂ
ਹਨ ਪਰ ਉਸ ਦੇ ਮੂਲ ਤੇ ਅਸਲੇ ਨੂੰ ਤਿਆਗ ਕੇ ਉਹ ਸੁਧਾਰਵਾਦੀ ਹੋ ਨਿਬੜਦੀਆਂ ਹਨ । ਉਨ੍ਹਾਂ
ਵਾਸਤੇ ਮਾਰਕਸਵਾਦ ਦੀ, ਪਰੋਲਤਾਰੀ ਸਿਆਸਤ ਦੀ, ਦੂਸਰੇ ਲਫ਼ਜ਼ਾਂ ਵਿਚ ਪਰੋਲਤਾਰੀ ਦੇ ਪੈਂਤੜੇ
ਤੋਂ ਮਨੁਖੀ ਅੰਗ ਦੇ ਅਮਲ ਦੀ ਕੋਈ ਅਹਿਮੀਅਤ ਹੀ ਨਹੀਂ ਰਹਿੰਦੀ । ਇਹ ਗੱਲ ਸਬਬੀਂ ਨਹੀਂ
ਕਿ ਇਕਾਨੋਮਿਜ਼ਮ ਦੀਆਂ ਸ਼ਿਕਾਰ ਹੋਈਆਂ ਪਾਰਟੀਆਂ ਨੇ, ਜਾਂ ਉਨ੍ਹਾਂ ਦੀ ਲੀਡਰਸ਼ਿਪ ਨੇ ਸਮਾਜਕ
ਉਸਾਰੀ ਦੀ ਅਜ ਦੀ ਸਟੇਜ ਬਾਬਤ ਮਾਰਕਸਵਾਦ ਦੀ ਇਕ ਕਲਾਸਿਕ ਵੀ ਪੈਦਾ ਨਹੀਂ ਕੀਤੀ ।
ਸਿਰਫ਼ ਮਾਰਕਸਵਾਦ ਨੂੰ ਹਰ ਨੁਕਤੇ ਬਾਬਤ ਵਿਗਾੜਿਆ ਹੀ ਹੈ ।

ਸਮਾਜਵਾਦੀ ਇਨਕਲਾਬ ਆਏ ਹਨ ਸਨਅਤੀ ਤੌਰ 'ਤੇ ਪਛੜੇ ਹੋਏ ਮੁਲਕਾਂ ਵਿਚ । ਇਨ੍ਹਾਂ
ਮੁਲਕਾਂ ਦੀਆਂ ਪਾਰਟੀਆਂ ਦੇ ਹੱਥ ਸਟੇਟ ਦੀ ਤਾਕਤ ਤਾਂ ਆ ਗਈ ਹੈ ਪਰ ਨਾਲ ਹੀ ਆ ਪਈ ਹੈ
ਇਨ੍ਹਾਂ ਦੇ ਸਿਰ ਦੋ ਇਨਕਲਾਬਾਂ ਦੇ ਇਤਿਹਾਸਕ ਕੰਮਾਂ ਨੂੰ ਨੇਪਰੇ ਚੜ੍ਹਾਉਣ ਦੀ ਜ਼ਿਮੇਂਵਾਰੀ ।
ਪਹਿਲੀ ਜ਼ਿਮੇਂਵਾਰੀ ਹੈ ਬੁਰਜਵਾ ਇਨਕਲਾਬ ਦੇ ਇਤਿਹਾਸਕ ਕੰਮ ਨੂੰ ਨੇਪਰੇ ਚੜ੍ਹਾਉਣ ਦੀ ।
ਉਹ ਇਨ੍ਹਾਂ ਦੇ ਸਿਰ ਕਿਉਂ ਪਈ ਹੈ ? ਇਸ ਵਾਸਤੇ ਕਿ ਅਜ ਦੇ ਇਤਿਹਾਸਕ ਪ੍ਰਸੰਗ ਵਿਚ ਪਛੜੇ
ਹੋਏ ਮੁਲਕਾਂ ਵਿਚ ਉਥੋਂ ਦੀ ਸਥਾਨਕ ਬੁਰਜਵਾਜ਼ੀ ਆਪਣੀ ਇਤਿਹਾਸਕ ਜ਼ਿਮੇਂਵਾਰੀ ਨਿਭਾਉਣੋਂ
ਅਸਮਰੱਥ ਹੈ । ਇਸ ਵਾਸਤੇ ਅਸਮਰੱਥ ਹੈ ਕਿ ਇਤਿਹਾਸਕ ਉਸਾਰੀ ਦੇ ਕਾਨੂੰਨ ਨੇ ਉਸ ਨੂੰ
ਨਿਊ ਕਲੋਨੀਅਲ ਬੁਰਜਵਾਜ਼ੀ ਬਣਾ ਕੇ ਨਿਪੁੰਸਕ ਕਰ ਦਿਤਾ ਹੈ । ਸੋ ਇਕ ਜ਼ਿਮੇਂਵਾਰੀ ਇਨ੍ਹਾਂ
ਪਾਰਟੀਆਂ ਦੇ ਸਿਰ ਹੈ ਪੈਦਾਵਾਰ ਦੇ ਫ਼ੀਊਡਲ ਰੂਪ ਨੂੰ ਖਤਮ ਕਰਕੇ ਸਮਾਜ ਦੀ ਸਨਅਤੀ ਉਸਾਰੀ



ਕਰਨ ਦੀ । ਉਸ ਨੂੰ ਵੀਹਵੀਂ ਸਦੀ ਦੀ ਦਸ਼ਾ ਵਿਚ ਲਿਆਉਣ ਦੀ । ਅਤੇ ਦੂਸਰੀ ਜ਼ਿਮੇਵਾਰੀ ਇਨ੍ਹਾਂ ਦੇ ਸਿਰ ਹੈ ਸਮਾਜਵਾਦ ਨੂੰ, ਪੈਦਾਵਾਰ ਦੇ ਸਮਾਜਵਾਦੀ ਰਿਸ਼ਤਿਆਂ ਨੂੰ ਉਸਾਰਨ ਦੀ । ਸਮਾਜ ਦੀ ਨੀਂਹ ਤੇ ਉਸਾਰ, ਦੋਹਾਂ ਨੂੰ ਸਮਾਜਵਾਦੀ ਬਣਾਉਣ ਦੀ । ਦੂਸਰੇ ਲਫ਼ਜ਼ਾਂ ਵਿਚ ਮਨੁਖ ਨੂੰ, ਉਸ ਦੀ ਕਲਚਰ ਨੂੰ, ਸਹੀ ਅਰਥਾਂ ਵਿਚ ਸਮਾਜਵਾਦੀ ਬਣਾਉਣ ਦੀ, ਅਤੇ ਸਮਾਜ ਦੀ ਸਟੇਟ ਨੂੰ ਸਹੀ ਅਰਥਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਬਣਾਉਣ ਦੀ ।

ਇਨ੍ਹਾਂ ਮੁਲਕਾਂ ਵਿਚ ਜਿਹੜੀਆਂ ਪਾਰਟੀਆਂ ਇਕਾਨੋਮਿਜ਼ਮ ਦਾ ਸ਼ਿਕਾਰ ਹੋ ਗਈਆਂ ਹਨ ਉਹ ਰਾਹੇ ਪੈ ਗਈਆਂ ਹਨ ਮੁਲਕ ਨੂੰ ਸਨਅਤੀ ਤੌਰ 'ਤੇ ਉਸਾਰਨ ਦੇ, ਬੁਰਜਵਾ ਲੀਹਾਂ 'ਤੇ । ਮਤਲਬ ਹੈ ਕੰਮ ਦੀ ਵੰਡ, ਪੈਦਾਵਾਰ ਦੇ ਰਿਸ਼ਤਿਆਂ, ਮਨੁਖੀ ਬਣਤਰ, ਉਸ ਦੀ ਕੰਮ ਦੀ ਪਰੇਰਨਾ, ਉਸ ਦੇ ਮਨ ਦੇ ਮਨੋਰਥਾਂ, ਉਸ ਦੀ ਕਲਚਰ ਨੂੰ ਬੁਰਜਵਾ ਰਖਦਿਆਂ ਹੋਇਆਂ । ਸਟੇਟ ਨੂੰ ਅਫ਼ਸਰਸ਼ਾਹੀ ਰਖਦਿਆਂ ਹੋਇਆ । ਵਰਕਰਾਂ 'ਤੇ ਵਿਸ਼ਵਾਸ਼ ਰਖਣ ਦੀ ਥਾਂ, ਉਨ੍ਹਾਂ 'ਤੇ ਬੇਇਤਬਾਰੀ ਕਰਦਿਆਂ ਹੋਇਆਂ । ਪੂਰਨ ਯਕੀਨ ਅਫ਼ਸਰਸ਼ਾਹੀ ਵਿਚ ਰਖਦਿਆਂ ਹੋਇਆ । ਉਸ ਦੇ ਹੱਥ ਸਭ ਕੁਛ ਸੌਂਪਦਿਆਂ ਹੋਇਆਂ । ਇਨ੍ਹਾਂ ਲੀਹਾਂ 'ਤੇ ਤੁਰਦਿਆਂ ਉਹ ਹੀ ਹੋਇਆ ਹੈ ਜੋ ਹੋਣਾ ਸੀ । ਸਥਾਪਤ ਹੋ ਗਈ ਹੈ ਸਰਮਾਇਦਾਰੀ, ਬੁਰਜਵਾ ਫਾਰਮੇਸ਼ਨ ।

ਇਨਕਲਾਬ ਦੇ ਮਗਰੋਂ ਇਤਿਹਾਸਕ ਉਸਾਰੀ ਦੇ ਕਾਨੂੰਨ ਦੀ ਇਨ੍ਹਾਂ ਮੁਲਕਾਂ ਵਿਚ ਮੰਗ ਕੀ ਸੀ ? ਮੰਗ ਇਹ ਸੀ ਕਿ ਹਾਲਾਤ ਦੇ ਪ੍ਰਸੰਗ ਅਨੁਸਾਰ ਸਮਾਜ ਦੀ ਸਨਅਤੀ ਉਸਾਰੀ ਸਮਾਜਵਾਦੀ ਰਸਤੇ ਪੈਕੇ ਕੀਤੀ ਜਾਂਦੀ । ਸਦਾ ਚਲਦੇ ਕਲਚਰਲ ਇਨਕਲਾਬ ਰਾਹੀਂ ਇਕ ਪਾਸੇ ਤੋਂ ਤਾਂ ਸਟੇਟ ਨੂੰ ਸਹੀ ਅਰਥਾਂ ਵਿਚ ਪਰੋਲਤਾਰੀ ਦੀ ਡਿਕਟੇਟਰਸ਼ਿਪ ਬਣਨ ਵਲ ਨੂੰ ਤੋਰਿਆ ਜਾਂਦਾ ਅਤੇ ਦੂਸਰੇ ਪਾਸੇ ਤੋਂ ਮਨੁਖ ਦੀ ਬਣਤਰ, ਉਸ ਦੇ ਮਨੋਰਥਾਂ, ਉਸ ਦੀ ਕੰਮ ਦੀ ਪਰੇਰਨਾ, ਉਸ ਦੀ ਕਲਚਰ ਨੂੰ ਮਾਰਕਸ-ਵਾਦੀ ਬਣਾ ਕੇ ਕੰਮ ਦੇ ਕੇਂਦਰਾਂ ਵਿਚ, ਕੰਮ ਦੀ ਬੁਰਜਵਾ ਵੰਡ, ਪੈਦਾਵਾਰ ਦੇ ਬੁਰਜਵਾ ਰਿਸ਼ਤਿਆਂ ਨੂੰ ਖੋਰਨ ਦੇ ਰਾਹੇ ਪਾਕੇ ਪੈਦਾਵਾਰ ਦੇ ਵਸੀਲਿਆਂ ਨੂੰ ਸਟੇਟ ਦੀ ਮਲਕੀਅਤ ਤੋਂ ਚਲ ਕੇ ਸਹੀ ਅਰਥਾਂ ਵਿਚ ਵਰਕਰਾਂ ਦੀ ਮਲਕੀਅਤ ਬਣਾਉਣ ਵਲ ਨੂੰ ਤੋਰ ਤੋਰੀ ਜਾਂਦੀ । ਸਾਰੀ ਤੋਰ ਦੀ ਨੀਂਹ ਹੁੰਦੀ, ਵਰਕਰਾ 'ਤੇ ਇਤਬਾਰ । ਕਲਚਰਲ ਇਨਕਲਾਬ ਰਾਹੀਂ ਵਰਕਰਾਂ ਤੇ ਸਮਾਜ ਦੇ ਹੋਰ ਮਿਹਨਤਕਸ਼ ਤਬਕੇ ਦੇ ਮਾਰਕਸਵਾਦੀ ਕਲਚਰ ਨੂੰ ਵਰ ਲੈਣ ਦੀ ਸ਼ਕਤੀ 'ਤੇ ਪੂਰਾ ਵਿਸ਼ਵਾਸ ਹੁੰਦਾ । ਇਸ ਨੂੰ ਵਰਨ ਵਿਚ ਲੋਕਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਜਾਂਦੀ । ਲੋਕਾਂ ਉਤੇ ਬੇਇਤਬਾਰੀ ਅਤੇ ਉਨ੍ਹਾਂ ਨੂੰ ਗਿਆਨ-ਵਿਹੂਣੇ ਰਖਣਾ ਇਕਾਨੋਮਿਜ਼ਮ ਦੀ ਬੁਨਿਆਦ ਹੈ । ਇਹ ਉਸ ਦੀ ਕਲਚਰ ਦਾ ਬੁਨਿਆਦੀ ਖਾਸਾ ਹੈ । ਜਿਸ ਤਰ੍ਹਾਂ, ਜਿਸ ਦੇ ਐਨ ਉਲਟ ਮਾਰਕਸਵਾਦ ਦਾ, ਸਮਾਜਵਾਦ ਦਾ ਆਧਾਰ ਹੀ ਲੋਕਾਂ 'ਤੇ ਇਤਬਾਰ ਤੇ ਉਨ੍ਹਾਂ ਦੀ ਮਾਰਕਸਵਾਦੀ ਕਲਚਰ ਨੂੰ ਸਮਾਜ ਦੀ ਪੈਦਾ ਕੀਤੀ ਉਚੀ ਤੋਂ ਉਚੀ ਕਲਚਰ ਨੂੰ ਵਰ ਲੈਣ ਦੀ ਸ਼ਕਤੀ 'ਤੇ ਪੂਰਾ ਵਿਸ਼ਵਾਸ ਹੈ । ਅਸਲ ਵਿਚ ਇਕਾਨੋਮਿਜ਼ਮ ਤੇ ਮਾਰਕਸਵਾਦ ਦਾ ਨਿਖੇੜ, ਆਪਸ ਵਿਚ ਵਿਰੋਧ ਦੀ ਬੁਨਿਆਦ ਹੀ ਇਹ ਹੈ । ਕੋਈ ਆਰਥਕ ਸਮਾਜਕ ਫਾਰਮੇਸ਼ਨ ਮਾਰਕਸਵਾਦੀ ਰਾਹੇ ਤੁਰ ਰਹੀ ਹੈ, ਸਮਾਜਵਾਦੀ ਹੈ ਕਿ ਨਹੀਂ — ਇਸ ਦਾ ਸਿੱਧਾ ਟੈਸਟ ਹੀ ਇਹ ਹੈ ਕਿ ਉਸ ਦੀ ਪਾਰਟੀ ਤੇ ਸਟੇਟ ਦਾ ਲੋਕਾਂ ਉਤੇ ਇਤਬਾਰ ਹੈ ਜਾਂ ਉਨ੍ਹਾਂ 'ਤੇ ਬੇਇਤਬਾਰੀ ? ਸਟੇਟ ਤੇ ਪਾਰਟੀ ਦਾ ਅਡੰਬਰ ਲੋਕਾਂ ਨਾਲ ਘਿਉ ਖਿਚੜੀ ਹੈ, ਉਨ੍ਹਾਂ ਦੇ ਅਧੀਨ ਹੈ ਜਾਂ ਉਨ੍ਹਾਂ ਦੇ ਸਿਰ 'ਤੇ ਸਵਾਰ ?

ਮਾਰਕਸਵਾਦ ਦੇ ਦਾਇਰੇ ਦੇ ਅੰਦਰ ਚਲ ਰਹੀ ਜਿਸ ਬਹਿਸ ਦਾ ਅਸਾਂ ਲੇਖ ਦੇ ਸ਼ੁਰੂ ਵਿਚ

ਜ਼ਿਕਰ ਕੀਤਾ ਸੀ, ਉਸ ਦੀ ਬਾਬਤ ਐਨਾ ਲੰਮਾ ਚੱਕਰ ਕਟ ਕੇ ਇਹ ਗੱਲ ਪਹੁਚੀ ਕਿਥੇ ਹੈ ? ਗੱਲ ਇਥੇ ਪਹੁੰਚੀ ਹੈ ਕਿ ਇਕਾਨੌਮਿਜ਼ਮ ਦੇ ਮੁਤਾਬਿਕ ਮਾਰਕਸਵਾਦ ਦਾ ਨਿਸ਼ਾਨਾ, ਸਮਾਜਵਾਦ ਦਾ ਅਸਲਾ ਸਮਾਜ ਨੂੰ ਸਨਅਤੀ ਤੌਰ 'ਤੇ ਉਸਾਰਨਾ ਅਤੇ ਦੰਭੀ ਬੋਲ ਵਿਚ ਰਹਿਣ ਸਹਿਣ ਦੇ ਮਿਆਰ ਨੂੰ ਉਚਿਆਂ ਕਰਨਾ ਹੈ । 'ਦੰਭੀ ਬੋਲੀ' ਵਿਚ ਅਸਾਂ ਕਿਉਂ ਕਿਹਾ ਹੈ ? ਇਸ ਵਾਸਤੇ ਕਿ ਜਿਸ ਤਰ੍ਹਾਂ ਅਸੀਂ ਸੇਧ ਦੇ ਸਫ਼ਿਆਂ ਵਿਚ ਦਸ ਚੁਕੇ ਹਾਂ ਕਿ ਇਕਾਨੌਮਿਜ਼ਮ ਚੂੰਕਿ ਹੈ ਹੀ ਸਰਮਾਇਦਾਰੀ, ਇਹ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ, ਸਨਅਤੀ ਉਸਾਰੀ ਤਾਂ ਕਰਦਾ ਹੈ ਪਰ ਦੁਨੀਆਂ ਵਿਚੋਂ ਨਾ ਇਹ ਬੇਰੋਜ਼ਗਾਰੀ ਹਟਾ ਸਕਦਾ ਹੈ ਅਤੇ ਨਾ ਹੀ ਦੁਨੀਆਂ ਦੇ ਮੇਹਨਤਕਸ਼ ਤਬਕੇ ਦੀ ਗ਼ਰੀਬੀ ਤੇ ਅਣਹੋਂਦ । ਮਾਰਕਸਵਾਦ ਦੇ ਮੁਤਾਬਿਕ ਸਮਾਜ ਦੇ ਸਨਅਤੀ ਤੌਰ 'ਤੇ ਪਛੜੇਵੇਂ ਨੂੰ ਖਤਮ ਕਰਨਾ ਤਾਂ ਲਾਜ਼ਮੀ ਹੈ ਹੀ ਪਰ ਸਮਾਜਵਾਦ ਦਾ ਇਤਿਹਾਸਕ ਕੰਮ, ਉਸ ਦੀ ਇਤਿਹਾਸਕ ਜ਼ਿਮੇਂਵਾਰੀ ਮਨੁਖ ਦੇ ਵਿਜੋਗ ਨੂੰ ਖਤਮ ਕਰਨਾ ਹੈ । ਮਨੁਖ ਉਤੋਂ ਪੈਸੇ ਦੀ ਸਰਦਾਰੀ ਨੂੰ ਨੇਸਤੋ ਨਾਮੂਦ ਕਰਨਾ ਹੈ । ਇਕਾਨੌਮਿਜ਼ਮ ਚੂੰਕਿ ਹੈ ਹੀ ਮਨੁਖ ਉਤੇ ਪੈਸੇ ਦੀ ਸਰਦਾਰੀ, ਚੂੰਕਿ ਇਹ ਪੈਦਾ ਹੀ ਮਨੁਖ ਦੇ ਵਿਜੋਗ ਨੂੰ ਕਰਦਾ ਹੈ, ਆਪ ਮਰਨ ਤੋਂ ਬਗੈਰ ਮਨੁਖ ਦੇ ਵਿਜੋਗ ਨੂੰ ਚੂੰਕਿ ਇਹ ਹਟਾ ਹੀ ਨਹੀਂ ਸਕਦਾ, ਸੰਜੋਗ ਪੈਦਾ ਕਰਨਾ ਚੂੰਕਿ ਇਸ ਦੇ ਦਾਇਰੇ ਵਿਚ ਹੀ ਨਹੀਂ, ਉਹ ਚੂੰਕਿ ਇਸ ਦੀ ਕਬਰ ਹੈ, ਇਸ ਵਾਸਤੇ ਮਾਰਕਸ ਦੀਆਂ ਮੁਢਲੀਆਂ ਲਿਖਤਾਂ ਜਿਨ੍ਹਾਂ ਵਿਚ ਉਸ ਨੇ ਵਿਜੋਗ ਦਾ ਮਸਲਾ ਉਠਾਇਆ ਹੈ, ਵਿਜੋਗ ਦੇ ਰੋਗ ਨੂੰ ਨੰਗਿਆਂ ਕੀਤਾ ਹੈ, ਵਿਜੋਗੇ ਹੋਏ ਕੰਮ ਦੀ ਅਸਲੀਅਤ ਨੰਗੀ ਕੀਤੀ ਹੈ; ਪੈਸੇ ਦੀ ਮਨੁਖ 'ਤੇ ਸਰਦਾਰੀ ਦੀ ਦਹਿਸ਼ਤ ਬੇਨਿਕਾਬ ਕੀਤੀ ਹੈ, ਇਕਾਨੌਮਿਜ਼ਮ ਦੀ ਸ਼ਿਕਾਰ ਹੋਈ ਪਾਰਟੀ ਜਾਂ ਉਸ ਦਾ ਸ਼ਿਕਾਰ ਹੋਇਆ ਅਖੌਤੀ ਮਾਰਕਸਵਾਦੀ, ਆਪਣੇ ਆਪ ਦੀ ਜੜ੍ਹੀਂ ਤੇਲ ਦਿਤੇ ਬਿਨਾਂ ਮਾਰਕਸ ਦੀਆਂ ਮੁਢਲੀਆਂ ਲਿਖਤਾਂ ਨੂੰ ਮਾਰਕਸਵਾਦ ਕਰਕੇ ਪ੍ਰਵਾਨ ਨਹੀਂ ਕਰ ਸਕਦਾ ।

ਵਿਜੋਗ ਮਨੁਖ ਦੀ ਗੁਲਾਮੀ ਹੈ । ਇਸ ਨੂੰ ਖਤਮ ਕਰਨਾ ਮਨੁਖ ਨੂੰ ਆਜ਼ਾਦ ਕਰਾਉਣਾ ਹੈ । ਇਕਾਨੌਮਿਜ਼ਮ ਹੈ ਹੀ ਮਨੁਖ ਦੀ ਗੁਲਾਮੀ ਦਾ ਦੂਸਰਾ ਨਾਂ । ਆਪਣੀ ਸਿੜ੍ਹੀ ਬਣਾ, ਆਪਣੇ ਆਪ ਨੂੰ ਲਾਂਬੂ ਲਾਉਣ ਤੋਂ ਬਗੈਰ ਇਕਾਨੌਮਿਜ਼ਮ ਮਨੁਖ ਨੂੰ ਆਜ਼ਾਦ ਕਰਵਾਉਣ ਦਾ ਸੁਪਨਾ ਵੀ ਕਿਵੇਂ ਲੈ ਸਕਦਾ ਹੈ ? ਮਨੁਖ ਦੇ ਵਿਜੋਗ ਨੂੰ ਖਤਮ ਕਰਨਾ ਮਨੁਖ ਦੀ ਮਨੁਖਤਾ ਉਸਾਰਨਾ ਹੈ । ਉਸ ਦੀ ਜ਼ਿੰਦਗੀ ਨੂੰ ਸਫਲ ਤੇ ਸੰਪੂਰਨ ਬਣਾਉਣਾ ਹੈ । ਇਕਾਨੌਮਿਜ਼ਮ ਮਨੁਖ ਦੀ ਮਨੁਖਤਾ ਦਾ ਜਾਨੀ ਦੁਸ਼ਮਣ ਹੈ । ਉਸ ਦਾ ਅਸਲਾ ਤਾਂ ਪੈਸੇ ਦੀ ਸ਼ਖਸੀਅਤ ਬਣਾਉਣਾ, ਮਨੁਖ ਦੇ ਵਿਰੁਧ ਪੈਸੇ ਦੀ ਤਾਕਤ ਬਣਾਉਣਾ ਹੈ । ਮਨੁਖ ਦੇ ਵਿਜੋਗ ਨੂੰ ਖਤਮ ਕਰਨਾ ਮਾਨਵਵਾਦ ਉਸਾਰਨਾ ਹੈ । ਮਾਰਕਸਵਾਦ ਮਨੁਖ ਦੀ ਆਜ਼ਾਦੀ ਦਾ, ਮਨੁਖਤਾ ਦੀ ਉਸਾਰੀ ਦਾ, ਮਾਨਵਵਾਦ ਦਾ ਦੂਸਰਾ ਨਾਂ ਹੈ । ਇਕਾਨੌਮਿਜ਼ਮ ਤਾਂ ਨਾਂ ਹੀ ਵਹਿਸ਼ਤ ਨੂੰ ਪੈਦਾ ਕਰਨ ਦਾ, ਉਸ ਨੂੰ ਪਾਲਣ ਦਾ, ਉਸ ਨੂੰ ਖਲਾਰਨ ਦਾ ਹੈ । ਉਹ ਮਾਰਕਸਵਾਦ ਨੂੰ ਮਾਨਵਵਾਦ ਕਿਵੇਂ ਮੰਨ ਸਕਦਾ ਹੈ ?

ਮਾਰਕਸ ਦੀਆਂ ਮੁਢਲੀਆਂ ਤੇ ਉਸ ਦੀਆਂ ਪਿਛਲੇਰੀਆਂ ਲਿਖਤਾਂ ਦਾ ਮੂਲ ਤੇ ਅਸਲਾ ਇਕ ਹੈ—ਇਸ ਦੀ ਬਾਬਤ ਫੇਰ ਕਦੀ ਲਿਖਿਆ ਜਾਵੇਗਾ । 'ਇਕਾਨੌਮਿਜ਼ਮ ਦਾ ਕਰਤਵ ਹੀ ਚੂੰਕਿ ਹਰ ਚੀਜ਼ ਨੂੰ ਪੁਠੇ ਰਾਹੇ ਪਾਉਣਾ ਹੈ, ਐਥੇ ਤਾਂ ਸਿਰਫ਼ ਇਹ ਦੇਖਣਾ ਹੈ ਕਿ ਇਕਾਨੌਮਿਜ਼ਮ ਕਿਸ ਤਰ੍ਹਾਂ ਮਾਰਕਸ-ਵਾਦ ਨੂੰ ਉਸ ਨੂੰ ਅਸਲੇ ਦੇ ਐਨ ਉਲਟ ਬਣਾ ਕੇ ਲੋਕਾਂ ਦੀ ਅੱਖੀਂ ਘੱਟ ਘਤਦਾ ਹੈ । ਮਾਰਕਸਵਾਦ ਦੇ ਮੁਤਾਬਿਕ ਇਨਕਲਾਬ ਦੇ ਮਗਰੋਂ ਸਮਾਜਵਾਦੀ ਉਸਾਰੀ ਵਾਸਤੇ ਉਸਾਰ ਨੂੰ ਧੁਰੋਂ ਸਿਰੋਂ ਬਦਲਣਾ,



ਸਟੇਟ ਦੇ ਜਮਾਤੀ ਜੁੱਸੇ ਨੂੰ ਤਬਦੀਲ ਕਰਨਾ, ਮਨੁਖ ਦੀ ਬਣਤਰ, ਉਸ ਦੇ ਮਨੋਰਥਾਂ, ਉਸ ਦੀ ਕੰਮ ਕਰਨ ਦੀ ਪਰੇਰਨਾ — ਉਸ ਦੀ ਸਾਰੀ ਕਲਚਰ ਦੀ ਕਾਇਆਂ-ਪਲਟੀ ਕਰਨਾ ਲਾਜ਼ਮੀ ਹੈ । ਇਸ ਤਬਦੀਲੀ ਦੇ ਰਾਹੀਂ ਹੀ ਕੰਮ ਦੀ ਬੁਰਜਵਾ ਵੰਡ ਤੇ ਪੈਦਾਵਾਰ ਦੇ ਬੁਰਜਵਾ ਰਿਸ਼ਤੇ ਖਤਮ ਕੀਤੇ ਜਾ ਸਕਦੇ ਹਨ ਅਤੇ ਪੈਦਾਵਾਰ ਦੇ ਸਮਾਜਵਾਦੀ ਰਿਸ਼ਤੇ ਉਸਾਰੇ ਜਾ ਸਕਦੇ ਹਨ । ਇਕਾਨੌਮਿਜ਼ਮ ਉਸਾਰ ਦੀ ਤਬਦੀਲੀ ਦੇ ਰੋਲ ਨੂੰ ਤਿਆਗਦਾ ਹੈ । ਮਨੁਖ ਦੀ ਬਣਤਰ ਦੀ, ਉਸ ਦੀ ਕਲਚਰ ਦੀ ਤਬਦੀਲੀ ਵਲ ਤਾਂ ਆਉਣ ਦਾ ਭੋਗ ਹੀ ਨਹੀਂ ਪਾਉਂਦਾ । ਅਫ਼ਸਰਸ਼ਾਹੀ ਦੇ ਰਾਜ ਨੂੰ ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਨਾਂ ਦੇਕੇ ਵਰਕਰਾਂ ਦੀ ਅੱਖੀਂ ਘੱਟਾ ਪਾਉਂਦਾ ਹੈ । ਇਨਕਲਾਬ ਦੇ ਮਗਰੋਂ ਸਮਾਜਵਾਦ ਦੀ ਉਸਾਰੀ ਵਾਸਤੇ ਇਕਾਨੌਮਿਜ਼ਮ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦਾ ਰਾਹ ਹੀ ਦਸਦਾ ਹੈ । ਇਹ ਅਸੀਂ ਸੇਧ ਦੇ ਸਫ਼ਿਆਂ ਵਿਚ ਬਹੁਤ ਸਪਸ਼ਟ ਕਰ ਚੁਕੇ ਹਾਂ ਕਿ ਉਸਾਰ ਦੀ ਤਬਦੀਲੀ ਬਗੈਰ ਸਮਾਜਵਾਦ ਦੇ ਸਥਾਪਤ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ । ਇਕਾਨੌਮਿਜ਼ਮ ਮਨੁਖ 'ਤੇ ਆਰਥਕਤਾ ਦੀ ਸਰਦਾਰੀ ਦਾ ਰਾਹ ਹੈ । ਉਹ ਮਨੁਖੀ ਮੁਹਾਜ਼ ਵਲ ਮੂੰਹ ਕਰ ਹੀ ਨਹੀਂ ਸਕਦਾ । ਇਕਾਨੌਮਿਜ਼ਮ ਵਿਜੋਗ ਦੇ ਮਸਲੇ ਦਾ ਭੋਗ ਹੀ ਨਹੀਂ ਪਾਉਂਦਾ । ਅਸਲੀਅਤ ਇਹ ਹੈ ਕਿ ਵਿਜੋਗ ਦਾ ਮਸਲਾ ਸਮਝਣਾ ਹੀ ਇਕਾਨੌਮਿਜ਼ਮ ਦੀ ਉਸਾਰੀ ਕਲਚਰ ਨੂੰ ਸਮਝਣਾ ਹੈ । ਜ਼ਿੰਦਗੀ ਦੇ ਹਰ ਪਹਿਲੂ ਵਿਚ ਵਿਜੋਗ ਦੀ ਕਰਨੀ ਨੂੰ ਵੇਖਣਾ ਤੇ ਪਰਖਣਾ ਹੀ, ਇਕਾਨੌਮਿਜ਼ਮ ਸਮਾਜ ਦੀ ਕਲਚਰ ਦਾ ਜੋ ਹੁਲੀਆ ਵਿਗਾੜਦਾ ਹੈ ਉਸ ਤੋਂ ਜਾਣੂ ਹੋਣਾ ਹੈ । ਲੋਕ-ਹਿਤੀ ਮਜ਼ਬ ਦੀ ਬੋਲੀ ਵਿਚ ਇਕਾਨੌਮਿਜ਼ਮ ਦੀ ਕਰਨੀ — ਵਿਜੋਗ — ਗੁਨਾਹ (SIN) ਹੈ । (ਚਲਦਾ)

## ਪ੍ਰਾਪਤ ਪੁਸਤਕਾਂ

1. ਗਊ ਹਤਿਆ (ਕਹਾਣੀ ਸੰਗ੍ਰਹਿ), ਸ਼ਿਵਚਰਨ ਸਿੰਘ ਗਿੱਲ, ਪੰਜਾਬੀ ਪਬਲਿਸ਼ਰਜ਼, ਜਲੰਧਰ ਸਫ਼ੇ 175, ਮੁੱਲ : 6/–
2. ਝੁਰ ਝੁਰ (ਹਾਸਰਸ ਸੰਗ੍ਰਹਿ), ਸ਼ੇਰ ਜੰਗ ਜਾਂਗਲੀ, ਆਰਸੀ ਪਬਲਿਸ਼ਰਜ਼, ਦਿੱਲੀ ਸਫ਼ੇ 132, ਮੁੱਲ : 7/–
3. ਮਿਰਾਸੀਆਂ ਦਾ ਪਿਛੋਕੜ ਅਤੇ ਭਾਈ ਮਰਦਾਨਾ, ਸ਼ਮਸ਼ੇਰ ਸਿੰਘ ਅਸ਼ੋਕ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਸਫ਼ੇ 40, ਮੁੱਲ : 2.40
4. ਜਦੋਂ ਰੋਸ਼ਨੀ ਹੁੰਦੀ ਹੈ (ਨਾਟਕ ਸੰਗ੍ਰਹਿ), ਗੁਰਸ਼ਰਨ ਸਿੰਘ, ਬਲਰਾਜ ਸਾਹਨੀ ਯਾਦਗਾਰੀ ਘਰੇਲੂ ਪੁਸਤਕਸ਼ਾਲਾ, ਅੰਮ੍ਰਿਤਸਰ, ਸਫ਼ੇ 46, ਮੁੱਲ : 2/–
5. ਬੇੜੀਆਂ ਤੇ ਬਾਦਬਾਨ (ਕਵਿਤਾ ਸੰਗ੍ਰਹਿ), ਸੰਪਾਦਕ : ਪ੍ਰਮਿੰਦਰਜੀਤ, ਸ਼ਹਰਯਾਰ, ਬਲਰਾਜ ਸ. ਯ. ਘ. ਪ., ਅੰਮ੍ਰਿਤਸਰ, ਸਫ਼ੇ 100, ਮੁੱਲ : 3/–
6. ਚਿਹਰੇ (ਨਾਵਲ), ਅਮਰਜੀਤ ਸਿੰਘ, ਵਰਤਮਾਨ ਪ੍ਰਕਾਸ਼ਨ, ਨਵੀਂ ਦਿੱਲੀ, ਸਫ਼ੇ 123, ਮੁੱਲ : 8/–

## ਡਾਕਖ਼ਾਨੇ ਦੇ ਬੱਚਤ ਬੈਂਕ ਸਬੰਧੀ ਕੋਈ ਮੁਸ਼ਕਲ ?

ਆਪਣੀ ਸ਼ਿਕਾਇਤ ਜਾਂ ਸੁਝਾਉ ਕਿਰਪਾ ਕਰਕੇ ਸਬੰਧਤ ਡਾਕਖ਼ਾਨਿਆਂ ਦੇ ਸੁਪ੍ਰਿੰਟੈਂਡੈਂਟ ਨੂੰ ਭੇਜੋ ।

ਜੇ ਦੋ ਹਫ਼ਤਿਆਂ ਦੇ ਵਿਚ ਵਿਚ ਤਸੱਲੀਬਖ਼ਸ਼ ਜੁਆਬ ਨਾ ਆਏ, ਤਾਂ ਪੋਸਟ ਮਾਸਟਰ ਜਨਰਲ ਨੂੰ ਲਿਖੋ ।

ਮਹਿਕਮਾ ਡਾਕ, ਤਾਰ

davp 76/13



ਜਗਜੀਤ ਸਿੰਘ

# ਇਨਕਲਾਬੀ ਸਿਖ ਲਹਿਰ ਦਾ ਪਿਛੋਕੜ

ਲਹਿਰਾਂ ਪੁਲਾੜ ਵਿਚੋਂ ਨਹੀਂ ਉਪਜਦੀਆਂ । ਭੂਤ ਦੀ ਕੁੱਖ ਵਿਚੋਂ ਪੈਦਾ ਹੋ ਕੇ, ਵਰਤਮਾਨ ਵਿਚ ਆਪਣਾ ਚਮਤਕਾਰ ਵਿਖਾ ਕੇ, ਭਵਿਖ ਲਈ ਅਸਰ ਛਡ ਜਾਂਦੀਆਂ ਹਨ । ਸਿਖ ਲਹਿਰ ਦਾ ਧਾਰਮਕ ਪਹਿਲੂ ਅਗੇ-ਵਧੂ ਭਗਤੀ ਵੀਚਾਰ-ਧਾਰਾ (Radical Bhakti Ideology) ਨਾਲ ਮੇਲ ਖਾਂਦਾ ਹੈ, ਪਰ ਸਿਖ ਵੀਚਾਰ-ਧਾਰਾ ਨੇ ਅਗੋਂ ਨਿਖੜਕੇ ਇਨਕਲਾਬੀ ਰਾਹ ਫੜ ਲਿਆ । ਅਗੇ-ਵਧੂ ਭਗਤੀ ਵੀਚਾਰ-ਧਾਰਾ, ਇਸਲਾਮ ਅਤੇ ਮੁਸਲਮਾਨੀ ਹਕੂਮਤ ਦੇ ਹਿੰਦੂ ਧਰਮ ਅਤੇ ਭਾਈਚਾਰਕ ਢਾਂਚੇ ਨਾਲ ਹੋਏ ਟੱਕਰਾ (impact) ਤੋਂ ਪੈਦਾ ਹੋਈ । ਸਿਖ ਲਹਿਰ ਦੇ ਪਿਛੋਕੜ ਨੂੰ ਵਿਆਖਣ ਲਈ ਸਹੀ ਤਰੀਕਾ ਤਾਂ ਇਹ ਹੈ ਕਿ ਅਗੇ-ਵਧੂ ਭਗਤੀ ਵੀਚਾਰ-ਧਾਰਾ ਨੂੰ ਦੂਸਰੀ ਭਗਤੀ ਵੀਚਾਰ-ਧਾਰਾ ਨਾਲੋਂ ਨਿਖੇੜਿਆ ਜਾਏ, ਅਤੇ ਫਿਰ ਇਸ ਦਾ ਸੰਬੰਧ ਹਿੰਦੂ ਧਰਮ ਅਤੇ ਭਾਈਚਾਰਕ ਬਣਤਰ ਉਤੇ ਇਸਲਾਮ ਤੇ ਮੁਸਲਮਾਨ ਹਕੂਮਤ ਦੇ ਪਏ ਅਸਰਾਂ ਨਾਲ ਜੋੜਿਆ ਜਾਏ । ਪਰ ਇਹ ਲੜੀ ਬਹੁਤ ਲੰਮੀ ਹੋ ਜਾਂਦੀ ਹੈ । ਇਸ ਵਾਸਤੇ ਹਿੰਦ ਵਿਚ ਮੁਸਲਮਾਨ ਹਕੂਮਤ ਕਾਇਮ ਹੋ ਜਾਣ ਕਰਕੇ ਜੋ ਵਿਸ਼ੇਸ਼ ਰਾਜਨੀਤਕ ਅਤੇ ਭਾਈਚਾਰਕ ਮਸਲੇ ਪੈਦਾ ਹੋ ਗਏ, ਅਤੇ ਜਿਨ੍ਹਾਂ ਨੂੰ ਸਿਖ ਲਹਿਰ ਨੇ ਨਜਿਠਣ ਦਾ ਯਤਨ ਕੀਤਾ, ਉਹਨਾਂ ਤੋਂ ਹੀ ਸ਼ੁਰੂ ਕੀਤਾ ਜਾਂਦਾ ਹੈ ।

ਹਿੰਦ ਵਿਚ ਮੁਸਲਮਾਨ ਹਕੂਮਤ ਕਾਇਮ ਹੋਣ ਸੰਬੰਧੀ ਦੋ ਗੱਲਾਂ ਉਘੜਵੇਂ ਤੌਰ ਉਤੇ ਧਿਆਨ ਖਿਚਦੀਆਂ ਹਨ । ਇਕ, ਬਹੁਤ ਘਟ ਗਿਣਤੀ ਵਿਚ ਮੁਸਲਮਾਨ ਹਮਲਾਆਵਰ ਹਿੰਦੀਆਂ ਦੀ ਮੁਕਾਬਲਤਨ ਭਾਰੀ ਗਿਣਤੀ ਉਤੇ ਹਾਵੀ ਹੋ ਗਏ, ਅਤੇ ਬੜੇ ਥੋੜੇ ਅਰਸੇ ਵਿਚ ਬਹੁਤ ਵਡੇ ਇਲਾਕੇ ਉਤੇ ਆਪਣਾ ਪੱਕੇ ਤੌਰ ਉਤੇ ਰਾਜ ਕਾਇਮ ਕਰਨ ਵਿਚ ਕਾਮਯਾਬ ਹੋ ਗਏ । ਗੌਰੀ ਨੇ ਤਰੈਨ (Tarain) ਦੀ ਦੂਸਰੀ ਲੜਾਈ 1192 ਵਿਚ ਜਿੱਤੀ ਅਤੇ ਚੌਦਾਂ ਸਾਲਾਂ ਦੇ ਵਿਚ ਵਿਚ ਉਸ ਦਾ ਜਰਨੈਲ ਬਖਤਿਆਰ ਖਿਲਜੀ ਬ੍ਰਹਮਪੁਤਰ ਦਰਿਆ ਦੇ ਕੰਢੇ ਪੁਜ ਗਿਆ । ਦੂਸਰੇ, ਇਸ ਤੋਂ ਵੀ ਵੱਧ ਅਰਥ-ਭਰਪੂਰ ਹਕੀਕਤ ਇਹ ਹੈ ਕਿ ਇਕ ਵੇਰ ਮੁਸਲਮਾਨ ਹਕੂਮਤ ਦੇ ਪੈਰ ਜੰਮ ਜਾਣ ਪਿਛੋਂ ਮਰਹੱਟਿਆਂ ਅਤੇ ਸਿਖਾਂ ਦੀ ਜਦੋ-ਜਹਿਦ ਦੇ ਸਮੇਂ ਤਕ ਹਿੰਦੂਆਂ ਵਲੋਂ ਮੁਸਲਮਾਨ ਹਕੂਮਤ ਨੂੰ ਉਲਟਾਉਣ ਲਈ ਕੋਈ ਵਡੇ ਪੈਮਾਨੇ ਉਤੇ ਜਥੇਬੰਦ ਬਗਾਵਤ ਨਹੀਂ ਹੋਈ । ਰਾਜਪੂਤਾਂ ਵਲੋਂ ਬਚਤ ਖੁਚਤ ਮੁਕਾਬਲਾ ਕੁਝ ਸਮੇਂ ਤਕ ਜਾਰੀ ਰਿਹਾ; ਜਾਂ ਮੁਸਲਮਾਨ ਲੀਡਰ ਹਕੂਮਤ ਦੇ ਵਿਰੁਧ ਉਠਦੇ ਅਤੇ ਹਿੰਦੂਆਂ ਨੂੰ ਨਾਲ ਮਿਲਾ ਲੈਂਦੇ; ਜਾਂ ਕਿਸਾਨਾਂ ਵਲੋਂ ਮਾਲੀਆ ਉਗਰਾਹੁਣ ਦੇ ਸੰਬੰਧ ਵਿਚ ਹੋਏ ਤਸ਼ੱਦਦ ਦੇ ਬਰਖਿਲਾਫ਼ ਭੇੜਾਂ ਹੁੰਦੀਆਂ ਰਹੀਆਂ । ਪਰ ਇਨ੍ਹਾਂ ਨੂੰ ਹਿੰਦੂ ਜਨਤਾ ਵਲੋਂ ਮੁਸਲਮਾਨ ਹਕੂਮਤ ਦੇ ਬਰਖਿਲਾਫ਼ ਕਿਸੇ ਪਲਾਨ ਮੁਤਾਬਕ ਹਥਿਆਰਬੰਦ ਜਦੋ-ਜਹਿਦ ਨਹੀਂ ਸਮਝਿਆ ਜਾ ਸਕਦਾ । ਲੜਾਈਆਂ ਹਾਰ ਜਾਣੀਆਂ ਹੋਰ ਗੱਲ ਹੈ, ਪਰ ਇਕ ਕੌਮ ਦਾ ਬਦੇਸ਼ੀ ਹਕੂਮਤ ਵਿਰੁਧ ਬਗਾਵਤ ਕਰਨ ਦਾ ਹੀਆ (will) ਹੀ ਗਵਾ ਬਹਿਣਾ, ਹੋਰ ਗੱਲ ।

ਹਿੰਦੀਆਂ ਦੀ ਇਸ ਨਿਢਾਲਤਾ ਦੇ ਐਸੇ ਕਈ ਕਾਰਨ ਦੱਸੇ ਗਏ ਹਨ, ਜੋ ਕੁਝ ਹੱਦ ਤਕ ਭਾਵੇਂ ਲਾਗੂ ਹੋਣ, ਪਰ ਪੂਰੇ ਢੁਕਵੇਂ ਨਹੀਂ । ਗਰਮ-ਮਰਤੂਬ ਮੌਸਮ, ਮਲੇਰੀਆ ਅਤੇ ਸਭਯਕ ਜ਼ਿੰਦਗੀ (civilized life) ਨੇ ਠੰਢੇ ਮੁਲਕ ਤੋਂ ਆਏ ਹਬਸ਼ੀ (wild) ਹਮਲਾਵਰਾਂ ਦੇ ਮੁਕਾਬਲੇ ਹਿੰਦੀਆਂ ਨੂੰ ਕੁਝ ਹੱਦ ਤਕ ਕਮਜ਼ੋਰ ਕੀਤਾ ਹੋਇਆ ਹੋਵੇਗਾ । ਪਰ ਜੇ ਇਹੋ ਮੁਖ ਕਾਰਨ ਹੁੰਦਾ

ਤਾਂ ਗੌਰੀ ਤਰੈਨ ਦੀ ਪਹਿਲੀ ਲੜਾਈ ਕਿਉਂ ਹਾਰ ਗਿਆ ? ਰਾਜਪੂਤਾਂ, ਜਿਨ੍ਹਾਂ ਉਤੇ ਵੀ ਇਨ੍ਹਾਂ ਹਾਲਾਤ ਦਾ ਅਸਰ ਹੋਣਾ ਚਾਹੀਦਾ ਸੀ, ਨੇ ਐਸੀ ਬਹਾਦਰੀ (ਜਿਸ ਦੀ ਉਨ੍ਹਾਂ ਦੇ ਦੁਸ਼ਮਣ ਵੀ ਤਾਰੀਫ਼ ਕਰਦੇ ਹਨ) ਕਿਵੇਂ ਵਿਖਾਈ ? ਮੁਸਲਮਾਨ ਹਕੂਮਤ ਦੀ ਸਿਖਰ ਉਤੇ ਪੁਜੀ ਤਾਕਤ ਸਮੇਂ ਮਰਹੱਟਿਆਂ ਅਤੇ ਸਿਖਾਂ ਦੀਆਂ ਬਗਾਵਤਾਂ ਕਿਵੇਂ ਉਠ ਖੜੀਆਂ ? ਅਤੇ ਅੰਗਰੇਜ਼ਾਂ ਨੇ ਇਤਨੇ ਹਿੰਦੀ ਸਿਪਾਹੀ ਕਿਥੋਂ ਭਰਤੀ ਕਰ ਲਏ ਜਿਨ੍ਹਾਂ ਦੋ ਸੰਸਾਰ-ਯੁਧਾਂ ਵਿਚ ਸਾਬਤ ਕਰ ਦਿਤਾ ਕਿ ਉਹ ਹੋਰ ਮੁਲਕਾਂ ਦੇ ਸਿਪਾਹੀਆਂ ਨਾਲੋਂ ਘਟੀਆ ਨਹੀਂ ਸਨ ?

ਇਕ ਹੋਰ ਕਾਰਨ ਜੋ ਬਹੁਤ ਵਜ਼ਨੀ ਸਮਝਿਆ ਜਾਂਦਾ ਹੈ, ਇਹ ਦਸਿਆ ਜਾਂਦਾ ਹੈ ਕਿ ਹਿੰਦੀਆਂ ਵਿਚ ਏਕਤਾ ਨਹੀਂ ਸੀ । ਪਰ ਮੱਧ ਏਸ਼ੀਆ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ (ਜਿਥੋਂ ਹਮਲਾਆਵਰ ਆਉਂਦੇ ਰਹੇ ਅਤੇ ਜਿਨ੍ਹਾਂ ਦੇ ਹਿੰਦੀ ਰਿਆਸਤਾਂ ਦੇ ਮੁਕਾਬਲੇ ਜੁਗਰਾਫਿਆਈ ਆਕਾਰ ਬਹੁਤ ਹੀ ਛੋਟੇ ਸਨ) ਵਿਚਕਾਰ ਹਿੰਦੀ ਰਿਆਸਤਾਂ ਨਾਲੋਂ ਪਰਸਪਰ ਫੁਟ ਘਟ ਨਹੀਂ ਸੀ । ਮਹਿਮੂਦ ਗਜ਼ਨਵੀ ਅਤੇ ਗੌਰੀ ਨੂੰ ਕਈ ਵੇਰ ਹਿੰਦ ਦੀਆਂ ਮੁਹਿਮਾਂ ਅਧੂਰੀਆਂ ਛਡ ਕੇ ਇਸ ਲਈ ਪਰਤਣਾ ਪਿਆ ਕਿ ਉਨ੍ਹਾਂ ਦਿਆਂ ਵਤਨਾਂ ਨੂੰ ਉਨ੍ਹਾਂ ਦੇ ਰਕੀਬਾਂ ਤੋਂ ਖ਼ਤਰੇ ਪੈਦਾ ਹੋ ਗਏ ਸਨ ।

ਮੁਸਲਮਾਨ ਹਮਲਾਆਵਰਾਂ ਅਤੇ ਹਕੂਮਤਾਂ ਦੇ ਮੁਕਾਬਲੇ ਹਿੰਦੀਆਂ ਦੀ ਨਿਢਾਲਤਾ ਦਾ ਮੁਖ ਕਾਰਨ ਜ਼ਾਤ-ਪਾਤ ਦੀ ਵੰਡ ਉਤੇ ਉਸਰਿਆ ਹਿੰਦੂ ਸਮਾਜ ਸੀ । ਜ਼ਾਤ-ਪਾਤ ਦਾ ਪ੍ਰਬੰਧ ਰਾਇਜ ਕਰਨ ਵਾਲਿਆਂ ਨੇ ਸਮਝੀ ਸੋਚੀ ਸਕੀਮ ਮੁਤਾਬਿਕ ਆਮ ਜਨਤਾ (ਸ਼ੂਦਰਾਂ ਅਤੇ ਵੈਸ਼ਾਂ) ਨੂੰ ਰਾਜਨੀਤਕ ਅਤੇ ਫ਼ੌਜੀ ਦਾਇਰੇ ਤੋਂ ਬਾਹਰ ਕੱਢਿਆ ਹੋਇਆ ਸੀ । ਸ਼ੂਦਰ ਅਤੇ ਵੈਸ਼ ਬਣੇ ਹੀ ਲੁਟੇ-ਖਸੁਟੇ ਜਾਣ (exploitation) ਲਈ ਸਨ ਅਤੇ 'ਬ੍ਰਾਹਮਣਾਂ ਅਤੇ ਖਤਰੀਆਂ ਦਾ ਇਹ ਫ਼ਰਜ਼ ਸੀ ਕਿ ਉਨ੍ਹਾਂ (ਸ਼ੂਦਰਾਂ ਅਤੇ ਵੈਸ਼ਾਂ) ਨੂੰ ਘੇਰੀ ਰਖਣ' । ਫ਼ੌਜੀ ਕਾਰਵਾਈ ਨਿਰੋਲ ਕਸ਼ੱਤਰੀਆਂ ਦੇ ਹੱਥ ਆ ਗਈ ਅਤੇ ਕਸ਼ੱਤਰੀਆਂ ਦੇ ਮੱਠੇ ਪੈ ਜਾਣ ਪਿਛੋਂ ਅਸਲੀ ਜਾਂ ਨਕਲੀ ਰਾਜਪੂਤਾਂ ਦੇ ਹੱਥ। ਇਸ ਵਾਸਤੇ ਮੁਸਲਮਾਨ ਹਮਲਾਆਵਰਾਂ ਦੇ ਹੱਥੋਂ ਹਿੰਦੀਆਂ ਦੀ ਹਾਰ ਹਿੰਦੀ ਆਮ ਜਨਤਾ ਦੀ ਹਾਰ ਨਹੀਂ ਸੀ, ਇਹ ਹਾਰ ਹਿੰਦੀ ਹਾਕਮ ਸ਼ਰੇਣੀਆਂ ਦੀ ਹਾਰ ਸੀ ।

ਮੁਸਲਮਾਨ ਹਕੂਮਤ ਕਾਇਮ ਹੋ ਜਾਣ ਪਿਛੋਂ ਹਿੰਦੀਆਂ ਦੀ ਨਿਢਾਲਤਾ ਦਾ ਨਿਮੂਝੂਣਾ ਕਰਨ ਵਾਲਾ ਦ੍ਰਿਸ਼ ਵੀ ਜ਼ਾਤ-ਪਾਤ ਪ੍ਰਬੰਧ ਦੇ ਸਦਕਾ ਹੀ ਉਜਾਗਰ ਹੋਇਆ । ਜ਼ਾਤ-ਪਾਤੀ ਪ੍ਰਬੰਧ (caste system) ਨੇ ਕਸ਼ੱਤਰੀਆਂ ਅਤੇ ਉਨ੍ਹਾਂ ਦੇ ਜਾਨਨਸ਼ੀਨ ਰਾਜਪੂਤਾਂ ਤੋਂ ਬਗੈਰ ਕਿਸੇ ਹੋਰ ਸ਼ਰੇਣੀ ਨੂੰ ਫ਼ੌਜੀ ਪਹਿਲ (initiative) ਆਪਣੇ ਹੱਥ ਲੈਣ ਦੀ ਗੁੰਜਾਇਸ਼ ਨਹੀਂ ਸੀ ਰਹਿਣ ਦਿਤੀ, ਜਿਸ ਕਾਰਨ ਰਾਜਪੂਤਾਂ ਦੀ ਹਾਰ ਪਿਛੋਂ ਫ਼ੌਜੀ ਅਗਵਾਈ ਦੇ ਖੇਤਰ ਵਿਚ ਪੁਲਾੜ (vacuum) ਪੈਦਾ ਹੋ ਗਿਆ । ਹਿੰਦੀ ਜਨਤਾ ਹਾਕਮ ਜਮਾਤਾਂ ਦੇ ਆਪਸ ਵਿਚਕਾਰ ਰਾਜਸੀ ਘੋਲ ਵਿਚ ਦਿਲਚਸਪੀ ਨਾ ਲੈਣ ਦੀ ਆਦੀ ਹੋ ਗਈ ਸੀ । ਮੈਗਸਥਨੀਜ਼ ਨੇ ਇਹ ਨੋਟ ਕੀਤਾ ਕਿ ਲੜਾਈਆਂ ਦੇ ਮੈਦਾਨਾਂ ਦੇ ਆਸ ਪਾਸ ਕਿਸਾਨ ਬੇਧਿਆਨੇ ਆਪਣੇ ਕਾਰਵਿਹਾਰ ਕਰੀ ਜਾਂਦੇ ਸਨ । ਅਤੇ ਜਿਵੇਂ ਮੁਸਲਮਾਨ ਹਕੂਮਤ ਹੋਣ ਸਮੇਂ ਵਰਤਿਆ, ਇਸ ਤੋਂ ਪਹਿਲਾਂ ਵੀ ਇਸ ਦੇ ਨਾਲ ਮਿਲਦਾ ਜੁਲਦਾ ਵਰਤਾਰਾ ਹੋਇਆ । ਜੈਸਲਮੇਰ ਤੋਂ ਉਠ ਕੇ ਚੰਦ ਇਕ ਰਾਜਪੂਤ ਘਰਾਣੇ ਸਾਰੇ ਦੇਸ ਦੇ ਰਾਜੇ ਪਸਰ ਬੈਠੇ । ਜੱਟਾਂ, ਜਿਨ੍ਹਾਂ ਦੀ ਗਿਣਤੀ ਰਾਜਪੂਤਾਂ ਨਾਲੋਂ ਵੱਧ ਸੀ ਅਤੇ ਜਿਨ੍ਹਾਂ ਅੰਗਰੇਜ਼ੀ ਫ਼ੌਜਾਂ ਵਿਚ ਆਪਣੀ ਬਹਾਦਰੀ ਦਾ ਸਬੂਤ ਦਿਤਾ, ਦਾ ਕਿਧਰੇ ਰਾਜ ਨਾ ਹੋਇਆ । ਬਲਕਿ ਕੋਈ ਇਤਿਹਾਸਕ ਗਵਾਹੀ ਨਹੀਂ ਕਿ ਜੱਟਾਂ ਨੇ ਰਾਜ ਕਾਇਮ ਕਰਨ ਦਾ ਯਤਨ ਵੀ ਕੀਤਾ ਹੋਵੇ ।



ਹਿੰਦੁਸਤਾਨ ਵਿਸ਼ਾਲ ਮੁਲਕ ਹੈ ਅਤੇ ਜ਼ਾਤ-ਪਾਤੀ ਪ੍ਰਬੰਧ ਵਿਚ ਵੱਖ ਵੱਖ ਸ਼ਰੇਣੀਆਂ ਵੱਖ ਵੱਖ ਪੱਧਰ ਉਤੇ ਜਜ਼ਬ ਹੁੰਦੀਆਂ ਰਹੀਆਂ, ਇਸ ਲਈ ਇਕ ਸਰਬ-ਲਾਗੂ ਮਾਪ ਨਹੀਂ ਮਿਥਿਆ ਜਾ ਸਕਦਾ । ਪਰ ਸਮੁਚੇ ਤੌਰ ਉਤੇ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜਿਥੇ ਜਿਥੇ ਅਤੇ ਜਿਸ ਹੱਦ ਤਕ ਜ਼ਾਤ-ਪਾਤੀ ਪ੍ਰਬੰਧ ਦਾ ਜ਼ੋਰ ਪਿਆ, ਆਮ ਜਨਤਾ ਨੂੰ ਫ਼ੌਜੀ ਕਾਰਵਾਈ ਤੋਂ ਵਿਵਰਜਤ ਰਖਿਆ ਗਿਆ । ਸ਼ਿਵਾ ਜੀ ਦਾ ਮਰਹੱਟਿਆਂ ਜਾਂ ਭਰਤਪੁਰ ਦਾ ਜੱਟਾਂ ਦੇ ਬਲਬੋਤੇ ਜੇ ਰਾਜ ਕਾਇਮ ਹੋਇਆ ਤਾਂ ਮੁਸਲਮਾਨ ਹਕੂਮਤ ਦੇ ਕਾਇਮ ਹੋ ਜਾਣ ਕਰਕੇ ਜ਼ਾਤ-ਪਾਤੀ ਪ੍ਰਬੰਧ ਹੇਠੋਂ ਰਾਜਸੀ ਤਾਕਤ ਦੀ ਥੰਮੀ (sanction) ਨਿਕਲ ਜਾਣ ਪਿਛੋਂ । ਇਸ ਤੋਂ ਕੋਹਜ਼ੀ ਮਿਸਾਲ ਕੀ ਹੋ ਸਕਦੀ ਹੈ ਕਿ ਸ਼ਿਵਾ ਜੀ (ਜੋ ਮੁਸਲਮਾਨ ਹਕੂਮਤ ਵਿਰੁਧ ਕਾਰਗਰ ਹਿੰਦੂ ਬਗ਼ਾਵਤ ਦਾ ਇਕੋ ਇਕ ਨਮੂਨਾ ਸੀ) ਆਪਣੀ ਰਾਜ-ਗੱਦੀ ਉਤੇ ਮੋਹਰ ਲਵਾਉਣ ਲਈ ਉਨ੍ਹਾਂ ਬ੍ਰਾਹਮਣਾਂ ਦੇ ਪਿਛੇ ਫਿਰਦਾ ਰਿਹਾ ਜ਼ਿਨ੍ਹਾਂ ਦੀਆਂ ਨਜ਼ਰਾਂ ਵਿਚ ਸ਼ਿਵਾ ਜੀ ਦੀਆਂ ਘਾਲਣਾਂ ਜ਼ਾਤ-ਪਾਤੀ ਪ੍ਰਬੰਧ ਦੇ ਕਾਇਦਿਆਂ ਦੀ ਪਾਲਣਾ ਕਰਨ ਦੇ ਮੁਕਾਬਲੇ ਘਟ ਕੀਮਤ ਰਖਦੀਆ ਸਨ । ਜੇ ਜ਼ਾਤ-ਪਾਤੀ ਪ੍ਰਬੰਧ ਪਿਛੇ ਰਾਜਸੀ ਤਾਕਤ ਦਾ ਜ਼ੋਰ ਹੁੰਦਾ ਤਾਂ ਹੋ ਸਕਦਾ ਹੈ ਕਿ ਜਾਂ ਸ਼ਿਵਾ ਜੀ ਨੂੰ ਉਗਵਣ ਹੀ ਨਾ ਦਿਤਾ ਜਾਂਦਾ, ਜਾਂ ਖੂੰਜੇ ਲਾਇਆ ਜਾਂਦਾ ।

ਸੋ ਹਿੰਦ ਵਿਚ ਮੁਸਲਮਾਨ ਹਕੂਮਤ ਕਾਇਮ ਹੋ ਜਾਣ ਦਾ ਇਕ ਵਡਾ ਇਤਿਹਾਸਕ ਤੱਤ ਇਹ ਨਿਕਲਿਆ ਕਿ ਇਸ ਨੇ ਜ਼ਾਤ-ਪਾਤੀ ਪ੍ਰਬੰਧ ਉਤੇ ਉਸਰੇ ਫੌਜੀ ਪ੍ਰਬੰਧ ਨੂੰ ਖੋਖਲਾ ਸਾਬਤ ਕਰ ਦਿਤਾ । ਜਿਤਨਾ ਚਿਰ ਇਸ ਜ਼ਾਤ-ਪਾਤੀ ਪ੍ਰਬੰਧ ਉਤੇ ਉਸਰੇ ਢਾਂਚੇ ਦਾ ਵਾਹ ਐਸੇ ਹਮਲਾਆਵਰਾਂ ਨਾਲ ਪੈਂਦਾ ਰਿਹਾ ਜੋ ਜੇਤੂ ਹੋਣ ਦੇ ਬਾਵਜੂਦ ਇਸ ਵਿਚ ਪਿਛੋਂ ਸਮੋਏ ਜਾਂਦੇ ਰਹੇ, ਇਹ ਢਾਂਚਾ, ਭਾਵੇਂ ਚੰਗਾ ਸੀ ਜਾਂ ਭੈੜਾ, ਖੜਾ ਰਿਹਾ । ਪਰ ਮੁਸਲਮਾਨ ਇਸ ਜ਼ਾਤ-ਪਾਤੀ ਪ੍ਰਬੰਧ ਵਿਚ ਜਜ਼ਬ ਨਹੀਂ ਸੀ ਕੀਤੇ ਜਾ ਸਕਦੇ । ਮੁਸਲਮਾਨ ਹਕੂਮਤ ਨੇ ਰਾਜਪੂਤੀ ਤਾਕਤ ਦਾ ਲੱਕ ਤੋੜ ਕੇ ਜ਼ਾਤ-ਪਾਤੀ ਪ੍ਰਬੰਧ ਹੇਠੋਂ ਰਾਜਸੀ ਤਾਕਤ ਦਾ ਸਹਾਰਾ ਢਾਹ ਦਿਤਾ, ਅਤੇ ਰਾਜਪੂਤਾਂ ਦੀ ਤਾਂ ਫ਼ੌਜੀ ਅਤੇ ਰਾਜਸੀ ਅਗਵਾਈ ਕਿਸੇ ਹੋਰ ਸ਼ਰੇਣੀ ਦੇ ਆਪਣੇ ਹੱਥ ਲੈਣ ਦੀ ਗੁੰਜਾਇਸ਼ ਜ਼ਾਤ-ਪਾਤੀ ਪ੍ਰਬੰਧ ਨੇ ਨਹੀਂ ਸੀ ਰਖੀ । ਇਸ ਵਾਸਤੇ ਬਦੇਸ਼ੀ ਮੁਸਲਮਾਨ ਹਕੂਮਤ ਤੋਂ ਛੁਟਕਾਰਾ ਪਾਉਣ ਲਈ ਇਹ ਇਤਿਹਾਸਕ ਮਜਬੂਰੀ ਹੋ ਗਈ ਕਿ ਜ਼ਾਤ-ਪਾਤੀ ਪ੍ਰਬੰਧ ਨੂੰ ਤੋੜਕੇ ਜਾਂ ਉਲੰਘ ਕੇ ਨਵੀਆਂ ਸ਼ਰੇਣੀਆਂ ਜਾਂ ਜਾਤੀਆਂ ਫੌਜੀ ਅਤੇ ਰਾਜਨੀਤਕ ਅਗਵਾਈ ਆਪਣੇ ਹੱਥ ਵਿਚ ਲੈਣ ।

ਮੁਸਲਮਾਨੀ ਹਕੂਮਤ ਹਿੰਦ ਵਿਚ ਕਾਇਮ ਹੋਣ ਕਰਕੇ ਦੂਜਾ ਵਡਾ ਮਸਲਾ ਇਹ ਖੜਾ ਹੋ ਗਿਆ ਕਿ ਇਕ ਦੂਜੇ ਦੇ ਕੱਟੜ ਦੁਸ਼ਮਣ ਦੋ ਭਾਈਚਾਰਕ ਅਤੇ ਧਾਰਮਕ ਪ੍ਰਬੰਧਾਂ (systems) ਦਾ ਪੱਕੇ ਤੌਰ ਉਤੇ ਟਕਰਾ ਕਾਇਮ ਹੋ ਗਿਆ । ਇਹ ਦੋਵੇਂ ਪ੍ਰਬੰਧ ਇਕ ਦੂਜੇ ਦੇ ਪਾਸ ਰਹਿਣ ਲਈ ਵੀ ਮਜਬੂਰ ਸਨ, ਪਰ ਦੁਸ਼ਮਣੀ ਵੀ ਨਹੀਂ ਸੀ ਛਡ ਸਕਦੇ । ਮੁਸਲਮਾਨਾਂ ਤੋਂ ਜੋ ਪਹਿਲੋਂ ਹਮਲਾਆਵਰ ਹਿੰਦੀਆਂ ਉਤੇ ਹਾਵੀ ਹੁੰਦੇ ਰਹੇ ਉਨ੍ਹਾਂ ਦੇ ਆਪਣੇ ਪੱਕੇ ਭਾਈਚਾਰਕ ਜਾਂ ਧਾਰਮਕ ਅਕੀਦੇ ਨਹੀਂ ਸਨ, ਜਿਸ ਕਰਕੇ ਜੇਤੂ ਹੋ ਜਾਣ ਦੇ ਬਾਵਜੂਦ ਉਹ ਹਿੰਦੂਆਂ ਦੀ ਸਭਯਤਾ ਵਿਚ ਸਮਾ ਜਾਂਦੇ ਰਹੇ । ਪਰ ਇਸਲਾਮ ਦੇ ਅਕੀਦੇ ਬੜੇ ਦ੍ਰਿੜ੍ਹ ਹਨ ਜਿਨ੍ਹਾਂ ਵਿਚ ਲੈ ਦੇ ਕੇ ਸਮੋਈ ਕਰਨ (compromise) ਦੀ ਗੁੰਜਾਇਸ਼ ਨਹੀਂ ਸੀ । ਇਸਲਾਮ ਦੀ ਅਮਲੀ ਵਰਤੋਂ ਵਿਚ ਭਾਵੇਂ ਕਈ ਕਮੀਆਂ ਰਹਿ ਜਾਂਦੀਆਂ ਹੋਣ, ਪਰ ਇਸਲਾਮੀ ਸੁਸਾਇਟੀ ਦੀ ਬੁਨਿਆਦ ਭਾਈਚਾਰਕ ਬਰਾਬਰੀ ਹੈ। ਇਸ ਦੇ ਐਨ ਉਲਟ ਜ਼ਾਤ-ਪਾਤੀ ਪ੍ਰਬੰਧ ਦੁਨੀਆਂ ਭਰ ਦੇ ਭਾਈਚਾਰਿਆਂ ਵਿਚੋਂ ਭਾਈਚਾਰਕ

ਵਿਤਕਰਿਆਂ ਦਾ ਨਿਚੋੜ ਹੈ । ਭਾਈਚਾਰਕ ਬਰਾਬਰੀ ਅਤੇ ਨਾ-ਬਰਾਬਰੀ ਦੀਆਂ ਕੀਮਤਾਂ ਦਾ
ਆਪਸ ਵਿਚ ਅੱਗ ਪਾਣੀ ਦਾ ਮੇਲ ਹੈ, ਇਸ ਕਰਕੇ ਇਨ੍ਹਾਂ ਵਿਰੋਧੀ ਕੀਮਤਾਂ ਉਤੇ ਅੱਡ ਅੱਡ
ਉਸਰੇ ਸਮਾਜਾਂ ਦਾ ਵੀ ।

ਇਹ ਠੀਕ ਹੈ ਕਿ ਮੁਸਲਮਾਨ ਹਕੂਮਤਾਂ ਵਲੋਂ ਜੋ ਹਿੰਦੂਆਂ ਉਤੇ ਜ਼ੁਲਮ ਹੁੰਦੇ ਰਹੇ, ਅਤੇ ਉਨ੍ਹਾਂ
ਦੇ ਮੰਦਰ ਢਾਹ ਕੇ, ਜਾਂ ਹੋਰ ਤਰੀਕਿਆਂ ਨਾਲ ਵੰਗਾਰ ਕੇ ਹਿੰਦੂਆਂ ਦੇ ਧਾਰਮਕ ਭਾਵਾਂ ਨੂੰ ਸਿੱਧੀ
ਠੇਸ ਲਾਉਂਦੇ ਰਹੇ, ਉਸ ਨਾਲ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਕੁੜੱਤਨ ਚਮਕੀ । ਪਰ ਜਿਵੇਂ
ਪ੍ਰੋ: ਹਬੀਬ ਨੇ ਲਿਖਿਆ ਹੈ (Some Aspects of Religion and Politics in India
During the 13th Century, K. A. Nizami, Introduction, p. IV), ਮੰਗੋਲਾਂ ਨੇ
ਘਟੋ ਘੱਟ ਅੱਸੀ ਲੱਖ ਮੁਸਲਮਾਨ ਮਰਦ, ਔਰਤ ਸੰਨ 1228 ਤੋਂ 1260 ਦੇ ਦਰਮਿਆਨ ਮਾਰੇ
ਹੋਣਗੇ । ਪਰ ਜਦ ਮੰਗੋਲ ਮੁਸਲਮਾਨ ਬਣ ਗਏ ਤਾਂ ਉਨ੍ਹਾਂ ਵਿਰੁਧ ਕੁੜੱਤਣ ਦੀ ਅੰਸ਼ ਵੀ ਬਾਕੀ
ਨਾ ਰਹੀ । ਇਸੇ ਤਰ੍ਹਾਂ ਹਿੰਦ ਉਤੇ ਜੋ 'ਹੂਨ' ਆਦਿ ਵਹਿਸ਼ੀ ਕੌਮਾਂ ਹਮਲਾ ਕਰਦੀਆਂ ਰਹੀਆਂ,
ਉਨ੍ਹਾਂ ਕਿਹੜੀ ਘੱਟ ਗੁਜ਼ਾਰੀ ਹੋਵੇਗੀ । ਪਰ ਉਨ੍ਹਾਂ ਦੇ ਹਿੰਦੂ ਸਮਾਜ ਵਿਚ ਸਮਾ ਜਾਣ ਸਮੇਂ ਉਨ੍ਹਾਂ
ਨੂੰ ਜ਼ਾਤ-ਪਾਤੀ ਦਰਜਾ-ਬਦਰਜੀ ਵਿਚ ਸਨਮਾਨ ਦੀ ਥਾਂ ਦਿਤੀ ਜਾਂਦੀ ਰਹੀ । ਕੌਮਾਂ ਵਿਚਕਾਰ
ਕੁੜੱਤਨ ਕਿਤਨੀ ਵੀ ਤਿਖੀ ਹੋਵੇ, ਪਰ ਜੇ ਕੁੜੱਤਨ ਦੀ ਤਹਿ ਵਿਚ ਕਾਰਨ ਆਰਜ਼ੀ ਹੋਣ ਤਾਂ
ਕੁੜੱਤਨ ਵੀ ਆਰਜ਼ੀ ਹੁੰਦੀ ਹੈ । ਜੋ ਵਿਰੋਧ ਪੁਖਤਾ ਅਤੇ ਸਦੀਆਂ ਤਕ ਕਾਇਮ ਰਹਿਣ, ਉਨ੍ਹਾਂ ਦੀ
ਤਹਿ ਵਿਚ ਪੱਕੇ ਕਾਰਨਾਂ ਦੀ ਢੂੰਡ ਕਰਨੀ ਚਾਹੀਦੀ ਹੈ । ਮੁਸਲਮਾਨ ਹਕੂਮਤ ਖ਼ਤਮ ਹੋ ਜਾਣ
ਪਿਛੋਂ ਵੀ ਹਿੰਦੂ ਮੁਸਲਮਾਨਾਂ ਦਾ ਪਰਸਪਰ ਵਿਰੋਧ ਇਸ ਹੱਦ ਤਕ ਜਾਰੀ ਰਿਹਾ ਕਿ ਮੁਲਕ ਦਾ
ਬਟਵਾਰਾ ਕਰਨ ਦੀ ਮਜਬੂਰੀ ਹੋ ਗਈ । ਹਿੰਦੂ ਸਮਾਜ ਧਾਰਮਕ ਵੀਚਾਰਾਂ ਦੇ ਵਿਰੋਧ ਨੂੰ ਖੁਲ੍ਹ
ਦਿਲੀ ਨਾਲ ਸਹਾਰਦਾ ਰਿਹਾ ਹੈ, ਪਰ ਜ਼ਾਤ-ਪਾਤੀ ਸਮਾਜ ਨੂੰ ਠੇਸ ਲਗਣ ਨੂੰ ਇਸ ਨਹੀਂ
ਸਹਾਰਿਆ । ਹਿੰਦ ਵਿਚੋਂ ਬੋਧੀਆਂ ਦੀ ਸਫ ਵਲੇਟਣ ਦਾ ਇਕ ਵਡਾ ਕਾਰਨ ਇਹ ਹੈ ਕਿ ਉਨ੍ਹਾਂ
ਜ਼ਾਤ-ਪਾਤੀ ਕੀਮਤਾਂ ਨੂੰ ਵੰਗਾਰਿਆ । ਪਰ ਜਦ ਬੋਧੀਆਂ ਤੋਂ ਹਿੰਦੂ ਸਮਾਜ ਢਹਿਣ ਦਾ ਖ਼ਤਰਾ
ਨਾ ਰਿਹਾ ਤਾਂ ਬੁਧ ਮਹਾਤਮਾਂ ਨੂੰ ਹਿੰਦੂ ਦੇਵਤਿਆਂ ਵਿਚ ਸ਼ਾਮਲ ਕਰ ਲਿਆ ਗਿਆ । ਸਾਰ ਅੰਸ਼
ਇਹ ਕਿ ਭਾਈਚਾਰਕ ਪੱਧਰ (level) ਉਤੇ ਹਿੰਦੂਆਂ ਮੁਸਲਮਾਨਾਂ ਦੀ ਪਰਸਪਰ ਦੁਸ਼ਮਣੀ ਦਾ ਇਕ
ਮੁਖ ਪੱਕਾ ਕਾਰਨ ਦੋਵਾਂ ਦੀਆਂ ਸਮਾਜਕ ਕੀਮਤਾਂ ਵਿਚ ਨਾ-ਮੇਲਿਆ ਜਾ ਸਕਣ ਵਾਲਾ ਘੱਪਾ ਸੀ ।

ਹਿੰਦੂ ਮੁਸਲਮਾਨਾਂ ਵਿਚਕਾਰ ਕੱਟੜ ਵਿਰੋਧਤਾ ਦਾ ਇਕ ਹੋਰ ਬੁਨਿਆਦੀ ਕਾਰਨ ਧਾਰਮਕ
ਸ਼ਰਧਾ ਦੇ ਅੱਡ ਅੱਡ ਸੋਮਿਆਂ ਪ੍ਰਤਿ ਵਫਾਦਾਰੀ (loyalties) ਸੀ । ਮੁਸਲਮਾਨਾਂ ਦੀਆਂ ਨਜ਼ਰਾਂ
ਵਿਚ ਇਸਲਾਮ ਦਾ ਇਕ ਬੁਨਿਆਦੀ ਅਸੂਲ ਇਹ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਨੂੰ ਆਖ਼ਰੀ
ਪੈਗੰਬਰ ਮੰਨਿਆ ਜਾਏ ਅਤੇ ਉਨ੍ਹਾਂ ਦੀ ਸਿਖਿਆ ਨੂੰ ਵਾਹਦ ਸਿਖਿਆ । ਜੇ ਕੋਈ ਇਸਲਾਮ ਦੀ
ਹੋਰ ਸਿਖਿਆ ਨੂੰ ਮੰਨੇ ਪਰ ਹਜ਼ਰਤ ਸਾਹਿਬ ਨੂੰ ਪੈਗੰਬਰ ਨਾ ਮੰਨੇ ਤਾਂ ਉਹ ਮੁਸਲਮਾਨਾਂ ਨੂੰ ਪ੍ਰਵਾਨ
ਨਹੀਂ । ਇਸ ਨਜ਼ਰੀਏ ਤੋਂ ਅਸੂਲਾਂ ਉਤੇ ਚਲਣ ਨਾਲੋਂ ਹਜ਼ਰਤ ਸਾਹਿਬ ਪ੍ਰਤਿ ਵਫਾਦਾਰੀ ਨੂੰ
ਤਰਜੀਹ ਦਿਤੀ ਗਈ । (Nizami, p. 179) । ਇਕ ਵੇਰ ਮੁਸਲਮਾਨ ਬਣਕੇ ਜੋ ਦੀਨ ਛੱਡੇ
ਉਸ ਦੀ ਸਜ਼ਾ ਮੌਤ ਸੀ (Ibid) । ਇਸਲਾਮੀ ਅਸੂਲਾਂ ਸੰਬੰਧੀ ਖੁਲ੍ਹੀ ਅਸ਼ੱਰਧਾ ਪ੍ਰਗਟ ਕਰਨ ਦੀ
ਸਜ਼ਾ ਵੀ ਮੌਤ । ਬਲਬਨ ਨੇ ਜੋ ਆਪਣੇ ਪੁਤਰ ਨੂੰ ਹਿੰਦੂਆਂ ਵਿਰੁਧ ਸਿਖਿਆ ਦਿਤੀ, ਜਾਂ
ਔਰੰਗਜ਼ੇਬ ਨੇ ਜੋ ਮਜ਼੍ਹਬੀ ਜਨੂਨ ਵਿਖਾਇਆ, ਇਹ ਇਕੜ ਦੁਕੜ ਵਿਅਕਤੀਆਂ ਦੇ ਆਪਣੇ ਦਿਮਾਗ਼



ਦੇ ਗੈਰ-ਮਾਮੂਲੀ ਝੁਕਾਓ ਨਹੀਂ ਸਨ । ਇਹ ਮੁਤਅੱਸਬ ਭਾਵੇਂ ਹਜ਼ਰਤ ਸਾਹਿਬ ਦੀ ਸਿਖਿਆ
ਅਨੁਸਾਰ ਸੀ ਜਾਂ ਉਲਟ, ਇਸ ਵਿਚ ਸ਼ੱਕ ਨਹੀਂ ਕਿ ਇਸਲਾਮ ਦੀ ਪਰੰਪਰਾ (tradition) ਦਾ
ਇਕ ਵਿਸ਼ੇਸ਼ ਅੰਗ ਬਣ ਚੁਕਾ ਸੀ । ਸੂਫੀ ਫਕੀਰਾਂ, ਜਿਨ੍ਹਾਂ ਨੂੰ ਮੁਸਲਮਾਨਾਂ ਵਿਚੋਂ ਮਜ਼ਹਬੀ
ਫਰਾਖਦਿਲੀ ਲਈ ਮੰਨਿਆ ਗਿਆ ਹੈ, ਨੇ ਵੀ ਜਬਰਨ ਮੁਸਲਮਾਨ ਬਣਾਏ ਜਾਣ ਦੀ ਨਿਖੇਧੀ
ਨਹੀਂ ਕੀਤੀ । ਜਦ ਇਸਰਾਈਲ ਵਿਚ ਯਹੂਦੀਆਂ ਅਤੇ ਲੈਬੇਨਾਨ ਵਿਚ ਈਸਾਈਆਂ (ਜਿਨ੍ਹਾਂ ਦੇ
ਪੈਗੰਬਰਾਂ ਨੂੰ ਮੁਸਲਮਾਨ ਆਪਣੇ ਪੈਗੰਬਰ ਮੰਨਦੇ ਹਨ) ਦੇ ਮੁਸਲਮਾਨ ਅਜ ਤਕ ਜਾਨੀ ਦੁਸ਼ਮਣ ਬਣੇ
ਹੋਏ ਹਨ, ਤਾਂ ਹਿੰਦੂਆਂ ਨੂੰ ਉਨ੍ਹਾਂ ਦਾ ਕਾਫਰ ਸਮਝਣਾ ਅਚੰਭੇ ਵਾਲੀ ਗੱਲ ਨਹੀਂ ।

ਦੂਸਰੇ ਬੰਨੇ, ਵੇਦਾਂ ਦੇ ਧਰਮ ਤੋਂ ਭਾਵੇਂ ਹਿੰਦੂ ਆਪ ਬਹੁਤ ਪਰੇ ਚਲੇ ਗਏ ਸਨ, ਪਰ ਵੇਦਾਂ ਦੀ
ਮਾਨਤਾ ਹਿੰਦੂ ਸਮਾਜ ਦਾ ਇਕ ਵਡਾ ਥੰਮ ਸੀ । ਵੇਦਾਂ ਪ੍ਰਤਿ ਖੁਲ੍ਹੀ ਪ੍ਰਗਟ ਕੀਤੀ ਅਸ਼ਰਧਾ ਕੁਫਰ
(herosy) ਦੇ ਬਰਾਬਰ ਸੀ । ਧਾਰਮਕ ਪੱਧਰ ਉਤੇ ਬੁਧ ਮੱਤ ਦੀ ਮੁਖਾਲਫਤ ਕਰਨ ਦਾ ਇਕ
ਕਾਰਨ ਇਹ ਵੀ ਸੀ । ਇਸ ਤੋਂ ਇਲਾਵਾ ਜ਼ਾਤ-ਪਾਤੀ ਅਸੂਲਾਂ ਦੀ ਪਾਲਣਾ ਨੂੰ ਹਿੰਦੂ ਸਮਾਜ ਨੇ
ਧਰਮ ਦੀ ਪਾਲਣਾ ਦੀ ਤੁਲਣਾ ਦੇ ਦਿਤੀ ਸੀ । ਜ਼ਾਤ-ਪਾਤੀ ਕੀਮੱਤਾਂ ਅਤੇ ਸਮਾਜ ਨੂੰ ਕੋਈ ਵੀ
ਚੈਲੰਜ ਹਿੰਦੂ ਧਰਮ ਨੂੰ ਚੈਲੰਜ ਮੰਨਿਆ ਜਾਣ ਲਗਾ । ਜਦ ਹਿੰਦੂ ਜ਼ਾਤ-ਪਾਤੀ ਕਾਇਦਿਆਂ ਦੀ
ਉਲੰਘਣਾ ਕਰਨ ਕਰਕੇ ਆਪਣੇ ਆਦਮੀਆਂ ਨੂੰ ਸਮਾਜ ਵਿਚੋਂ ਛੇਕ ਦੇਂਦੇ ਸਨ, ਹਿੰਦੂਆਂ ਲਈ
ਉਨ੍ਹਾਂ ਦੇ ਸਮਾਜ ਤੋਂ ਬਰਅੱਕਸ ਕੀਮਤਾਂ ਵਾਲੇ ਕਿਸੇ ਹੋਰ ਸਮਾਜ ਨੂੰ ਪ੍ਰਵਾਨ ਕਰਨਾ ਸੰਭਵ ਨਹੀਂ
ਸੀ । ਬਦੇਸ਼ੀਆਂ ਨੂੰ ਸ਼ੁਰੂ ਤੋਂ ਮਲੇਛ ਗਰਦਾਨਿਆਂ ਜਾਂਦਾ ਸੀ । ਮੁਸਲਮਾਨ ਹਕੂਮਤ ਵਲੋਂ
ਹਿੰਦੂਆਂ ਉਤੇ ਹੋਏ ਜ਼ੁਲਮਾਂ ਨੇ ਮੁਸਲਮਾਨਾਂ ਪ੍ਰਤਿ ਵਰਤੇਂ ਮਲੇਛ ਸ਼ਬਦ ਦੇ ਅਰਥ ਵਿਚ ਹੋਰ
ਡੂੰਘੀ ਨਫ਼ਰਤ ਅਤੇ ਦੁਸ਼ਮਣੀ ਦੀ ਭਾਵਨਾ ਭਰ ਦਿਤੀ । ਜੇ ਹਿੰਦੂ ਇਕ ਵੇਰ ਮੁਸਲਮਾਨ ਬਣ ਜਾਏ
ਉਹ ਪਰਤਕੇ ਹਿੰਦੂ ਸਮਾਜ ਵਿਚ ਨਹੀਂ ਸੀ ਆ ਸਕਦਾ, ਅਤੇ ਹਿੰਦੂ ਦੇ ਹੱਥ ਵਿਚਲੀ ਖਾਣ ਪੀਣ ਦੀ
ਚੀਜ਼ ਮੁਸਲਮਾਨ ਦੀ ਛੋਹ ਨਾਲ ਭਿਟੀ ਜਾਂਦੀ ਸੀ ।

ਨਿਚੋੜ ਇਹ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਪਰਸਪਰ ਵਿਰੋਧ ਅਤੇ ਨਫ਼ਰਤ ਦੀਆਂ
ਜੜ੍ਹਾਂ ਡੂੰਘੀਆਂ ਸਨ । ਹਾਲਾਤ ਦਾ ਇਹ ਅਜੋੜ ਨਾ ਇਨਸਾਨੀ ਕੀਮਤਾਂ ਦੇ ਵਧਣ ਫੂਲਣ ਦੇ
ਮੁਆਫ਼ਿਕ ਸੀ ਨਾ ਇਕ ਕੌਮ ਬਣਨ ਦੇ, ਨਾ ਹੀ ਬਦੇਸ਼ੀ ਹਕੂਮਤ ਜਾਂ ਇਕਤਸਾਦੀ ਲੁਟ ਖਸੁਟ ਦੇ
ਵਿਰੁਧ ਸਾਂਝਾ ਮੁਹਾਜ਼ ਬਣਾਉਨ ਦੇ ।

ਤੀਸਰਾ ਵਡਾ ਮਸਲਾ ਮੁਸਲਮਾਨ ਹਕੂਮਤ ਆਉਣ ਕਰਕੇ ਨਹੀਂ ਸੀ ਪੈਦਾ ਹੋਇਆ, ਇਹ
ਉਸ ਜ਼ਮਾਨੇ ਵਿਚ ਸਾਰੀ ਦੁਨੀਆਂ ਨੂੰ ਸਾਂਝਾ ਸੀ । ਪਰ ਹਿੰਦੂ ਮੁਸਲਮਾਨ ਪਰਸਪਰ ਵਿਰੋਧ ਇਸ
ਉਤੇ ਪਰਦਾ ਪਾਈ ਰਖਣ ਵਿਚ ਸਹਾਈ ਹੋ ਰਿਹਾ ਸੀ । ਰਾਜਸੀ ਜਦੋਜਹਿਦ, ਕੀ ਹਿੰਦੂ ਅਤੇ
ਕੀ ਮੁਸਲਮਾਨ, ਸਭ ਦਾ ਮਨੋਰਥ ਇਕ ਹਾਕਮ ਜਮਾਤ ਦੀ ਥਾਂ ਦੂਸਰੀ ਦੇ ਮੱਲ ਲੈਣ ਦੀ
ਕਸ਼ਮਕਸ਼ ਸੀ । ਭਾਵੇਂ ਉਹ ਰਾਜਪੂਤ ਜੱਦੀ ਜਾਗੀਰਦਾਰੀ (feudal) ਪ੍ਰਬੰਧ ਹੁੰਦਾ ਅਤੇ ਭਾਂਵੇ
ਗੈਰ-ਜੱਦੀ ਇਕੱਤਦਾਰਾਂ ਦਾ ਪ੍ਰਬੰਧ, ਦੋਹਾਂ ਦਾ ਤੱਤ ਇਕੋ ਸੀ । ਆਮ ਜਨਤਾ ਸਿਰਫ ਉਨ
ਲਹਾਉਣ ਲਈ ਬਣੀ ਸਮਝੀ ਜਾਂਦੀ ਸੀ ਅਤੇ ਉਸ ਦਾ ਆਪਣਾ ਭਵਿਖ ਬਣਾਉਨ ਵਿਚ ਕੋਈ ਹੱਥ
ਨਾ ਹੁੰਦਾ, ਕਿਉਂਕਿ ਰਾਜਸੀ, ਫੌਜੀ ਅਤੇ ਇਕਤਸਾਦੀ ਤਾਕਤ ਹਾਕਮ ਜਮਾਤਾਂ ਦੇ ਹੱਥ ਵਿਚ
ਹੁੰਦੀ । ਜਨਤਾ ਦਾ ਰਾਜਸੀ ਤਾਕਤ ਵਿਚ ਭਾਈਵਾਲ ਹੋਣ ਬਾਰੇ ਫੁਰਨਾ ਵੀ ਨਾ ਉਠਦਾ ।
ਬਲਕਿ ਹਿੰਦੂ ਸ਼ਾਸਤਰਾਂ ਵਲੋਂ ਐਸੇ ਪ੍ਰਬੰਧ ਲਈ ਪ੍ਰਵਾਨਗੀ ਮਿਲੀ ਹੋਈ ਸੀ । ਇਸਲਾਮ ਵਲੋਂ ਭਾਵੇਂ

ਪ੍ਰਵਾਨਗੀ ਨਹੀਂ ਸੀ ਕਿਉਂਕਿ ਹਜ਼ਰਤ ਸਾਹਿਬ ਨੇ ਮਦੀਨੇ ਵਿਚ ਕਾਮਿਆਂ ਦਾ ਪੰਚਾਇਤੀ ਰਾਜ (republic) ਕਾਇਮ ਕੀਤਾ ਸੀ (Nizami, p. viii)। ਪਰ 'ਪਹਿਲੀ ਸਦੀ ਹਿਜਰੀ ਦੇ ਅੰਤ ਵਿਚ ਖਲੀਫੇ ਦੁਨੀਆਂ ਭਰ ਵਿਚੋਂ ਤਾਕਤਵਰ ਅਤੇ ਮੁਕੰਮਲ ਬਾਦਸ਼ਾਹ ਸਨ' (Gibbon quoted, Nizami, p. viii)। ਪਿਛੋਂ ਖਿਲਾਫਤ ਦਾ ਬੁਰਕਾ ਵੀ ਛੱਡ ਦਿਤਾ ਗਿਆ ਅਤੇ ਮੁਸਲਮਾਨ ਬਾਦਸ਼ਾਹ ਖੁਲ੍ਹਮ ਖੁਲ੍ਹਾ ਬੇਲਗਾਮੇ ਬਾਦਸ਼ਾਹ ਬਣ ਬੈਠੇ। ਬਲਕਿ ਆਪਣੇ ਆਪ ਨੂੰ 'ਦੁਨੀਆਂ ਵਿਚ ਰੱਬ ਦਾ ਪਰਛਾਵਾਂ' (Shadows of God on earth) ਸਦਵਾਉਣ ਲਗ ਪਏ। ਹਿੰਦ ਵਿਚ ਅਗੋਂ ਰਾਜਸੀ ਤਾਕਤ ਬਦੇਸ਼ੀ ਮੁਸਲਮਾਨ ਹਾਕਮ ਮੱਲ ਕੇ ਬੈਠ ਗਏ। 'ਇਲਤਮਸ਼ ਅਤੇ ਬਲਬਨ ਦੋਵੇਂ ਹਿੰਦੀ ਮੁਸਲਮਾਨਾਂ ਨੂੰ ਨਫ਼ਰਤ ਨਾਲ ਵੇਖਦੇ ਸਨ ਅਤੇ ਤੁਰਕਾਂ ਤੋਂ ਬਿਨਾਂ ਦੂਸਰਿਆਂ ਵਿਚੋਂ ਲਾਇਕ ਆਦਮੀਆਂ ਨੂੰ ਵੀ ਨਜ਼ਰ-ਅੰਦਾਜ਼ ਕਰਦੇ ਸਨ' (Nizami, p. 15)। ਤੇਰਵੀਂ ਸਦੀ ਵਿਚ ਬਹੁਤ ਸਾਰੇ ਹਿੰਦੀ ਮੁਸਲਮਾਨ (ਜਿਨ੍ਹਾਂ ਵਡੇ ਰੁਤਬੇ ਲੈਣ ਦੀ ਖਾਹਸ਼ ਕੀਤੀ) ਮਾਰ ਦਿਤੇ ਗਏ, ਅਤੇ ਆਜ਼ਾਦ ਖ਼ਿਆਲ ਅਕਬਰ ਦੇ ਮਨਸਬਦਾਰਾਂ ਵਿਚੋਂ ਸੱਤਰ ਫੀ ਸਦੀ ਬਦੇਸ਼ੀ ਮੁਸਲਮਾਨ ਸਨ (Moreland quoted, Nizami, p. x)। ਹਿੰਦੂ ਰਜਵਾੜਿਆਂ ਵਿਚ ਹਿੰਦੂ ਜਨਤਾ ਮੁਸਲਮਾਨੀ ਮਜ਼ਹਬੀ ਜਬਰ ਤੋਂ ਕੁਝ ਬਚੀ ਹੋਵੇਗੀ। ਇਸੇ ਤਰ੍ਹਾਂ ਹਿੰਦੀ ਮੁਸਲਮਾਨਾਂ ਨੂੰ ਇਸਲਾਮ ਕਬੂਲਣ ਤੇ ਪਹਿਲੋਂ ਨਾਲੋਂ ਕੁਝ ਵਧੇਰੇ ਭਾਈਚਾਰਕ ਬਰਾਬਰੀ ਪ੍ਰਾਪਤ ਹੋਵੇਗੀ। ਇਹੋ ਵਡਾ ਕਾਰਨ ਸੀ ਕਿ ਕਰੋੜਾਂ ਦਬਾਈਆਂ ਜਾਤੀਆਂ ਦੇ ਹਿੰਦੂ ਮੁਸਲਮਾਨ ਬਣ ਗਏ। ਹਿੰਦੀ ਮੁਸਲਮਾਨਾਂ ਨੂੰ ਹਾਕਮਾਂ ਦੇ ਹਮ-ਧਰਮੀ ਹੋਣ ਦੇ ਮਾਣ ਦਾ ਵੀ ਕੁਝ ਨਿਘ ਹੁੰਦਾ ਹੋਵੇਗਾ। ਪਰ ਇਕੜ ਦੁਕੜ ਵਿਅਕਤੀਆਂ (ਜਿਨ੍ਹਾਂ ਨੂੰ ਖ਼ਾਸ ਹਾਲਾਤ ਨੇ ਵਰੋਸਾਇਆ ਹੋਵੇ) ਨੂੰ ਛਡ ਕੇ, ਆਮ ਜਨਤਾ, ਕੀ ਹਿੰਦੂ ਕੀ ਮੁਸਲਮਾਨ, ਇਕਤਸਾਦੀ ਤੌਰ ਉਤੇ ਲੁਟ ਖਸੁਟ ਦਾ ਸ਼ਿਕਾਰ ਰਹੀ ਅਤੇ ਰਾਜਸੀ ਤੌਰ ਉਤੇ ਮਹਿਕੂਮ। ਪਰ ਹਿੰਦੂਆਂ ਮੁਸਲਮਾਨਾਂ ਵਿਚ ਪਰਸਪਰ ਨਫ਼ਰਤ ਇਤਨੀ ਛਾਈ ਹੋਈ ਸੀ ਕਿ ਉਨ੍ਹਾਂ ਨੂੰ ਆਪਣੇ ਇਕਤਸਾਦੀ ਅਤੇ ਰਾਜਸੀ ਬੰਧਨ ਤੋੜਨ ਲਈ ਇਕੱਠਿਆਂ ਹੋਣ ਦਾ ਖ਼ਿਆਲ ਵੀ ਉਹ ਨਫ਼ਰਤ ਨਹੀਂ ਸੀ ਉਪਜਣ ਦੇਂਦੀ।

ਸਿਖ ਲਹਿਰ ਦਾ ਇਨਕਲਾਬੀ ਪੱਖ ਸਮਝਣ ਲਈ ਜ਼ਰੂਰੀ ਹੈ ਕਿ ਉਪ੍ਰੋਕਤ ਪਿਛੋਕੜ ਦੇ ਖਾਕੇ (outline) ਨੂੰ ਧਿਆਨ ਵਿਚ ਰਖਿਆ ਜਾਏ। ਸੁਧਾਰ ਅਤੇ ਇਨਕਲਾਬ ਦੋਵੇਂ ਤਰੱਕੀਆਂ ਹਨ, ਪਰ ਜੂੰਅ ਰਫ਼ਤਾਰ ਕੀਤੀ ਅਤੇ ਥੋੜੀ ਅਗੇ ਵਧੀ ਤਰੱਕੀ ਨੂੰ ਸੁਧਾਰ ਕਹਿ ਦੇਂਦੇ ਹਨ, ਅਤੇ ਹੱਲਾ ਤੇ ਛਾਲ ਮਾਰ ਕੇ ਕੀਤੀ ਤਰੱਕੀ ਨੂੰ ਇਨਕਲਾਬ। ਸਿਖ ਲਹਿਰ ਸੁਧਾਰਕ ਸੀ ਜਾਂ ਇਨਕਲਾਬੀ ? ਇਸ ਦਾ ਨਿਖੇੜਾ ਕਰਨ ਦਾ ਇਕ ਤਰੀਕਾ ਇਹ ਹੈ ਕਿ ਇਸ ਦੇ ਨਾਲ ਮਿਲਦੇ ਜੁਲਦੇ ਹਾਲਾਤ ਵਿਚ ਪੈਦਾ ਹੋਈਆਂ ਹੋਰ ਲਹਿਰਾਂ ਨਾਲ ਇਸ ਦਾ ਮੁਕਾਬਲਾ ਕੀਤਾ ਜਾਏ। ਦੂਸਰੇ, ਸਿਖ ਲਹਿਰ ਨੇ ਜੋ ਭਾਈਚਾਰਕ ਅਤੇ ਰਾਜਸੀ ਨਿਸ਼ਾਨੇ ਅਪਣਾਏ, ਅਤੇ ਹਿੰਦ ਵਿਚ ਉਸ ਵੇਲੇ ਦੇ ਹਿੰਦੂ ਅਤੇ ਮੁਸਲਮਾਨ ਸਮਾਜਾਂ ਦੇ ਭਾਈਚਾਰਕ ਤੇ ਰਾਜਸੀ ਜੋ ਨਿਸ਼ਾਨੇ ਸਨ, ਇਨ੍ਹਾਂ ਵਿਚਕਾਰ ਪਏ ਪਾੜ (gap) ਨੂੰ ਭਾਂਪਿਆ ਜਾਏ। ਸਿਖ ਲਹਿਰ ਆਪਣੇ ਨਿਸ਼ਾਨੇ ਹਾਸਲ ਕਰਨ ਵਿਚ ਕਿਸ ਹਦ ਤਕ ਕਾਮਯਾਬ ਜਾਂ ਨਾ-ਕਾਮਯਾਬ ਰਹੀ, ਇਸ ਬਾਰੇ ਰਾਏ ਬਣਾਉਣ ਵੇਲੇ ਵੀ ਇਹ ਧਿਆਨ ਵਿਚ ਰਖਣਾ ਪਵੇਗਾ ਕਿ ਲਹਿਰ ਨੂੰ ਪਿਛੋਕੜ ਦੀਆਂ ਪਾਈਆਂ ਤੜਾਵਾਂ ਕਿਤਨੀਆਂ ਮਜ਼ਬੂਤ ਸਨ ਜਾਂ ਢਿਲੀਆਂ।

●



ਪ੍ਰੋ. ਕਿਸ਼ਨ ਸਿੰਘ

# ਗੁਰਬਾਣੀ ਤੇ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਦੀ ਕੀਤੀ ਨਾਲ ਡਾ. ਗਰੇਵਾਲ ਦਾ ਸੁਧਾ ਧੱਕਾ (2)

(ਇਸ ਲੇਖ ਦਾ ਪਹਿਲਾ ਭਾਗ ਅਗਸਤ ਅੰਕ ਵਿਚ ਛਪ ਚੁੱਕਿਆ ਹੈ)

ਜੇ ਗੁਰਬਾਣੀ ਬਰਾਬਰੀ ਗੁਰਦਵਾਰੇ ਦੇ ਅੰਦਰ ਅੰਦਰ ਹੀ ਮਹਿਦੂਦ ਕਰਦੀ ਹੈ, ਧਰਮਸਾਲਾ ਤੋਂ ਬਾਹਿਰ ਸਮਾਜ ਦੇ ਆਰਥਕ ਸਿਆਸੀ ਢਾਂਚੇ ਵਿਚ ਦਖ਼ਲ ਦੇਣ ਨੂੰ ਨਹੀਂ ਕਹਿੰਦੀ, ਨਹੀਂ ਮਜਬੂਰ ਕਰਦੀ; ਜੇ ਗੁਰਬਾਣੀ ਦਾ ਦਸਿਆ ਮਨੁਖ ਦਾ ਮਨੋਰਥ ਜ਼ਾਤੀ ਮੁਕਤੀ ਹਾਸਲ ਕਰਨਾ ਹੀ ਹੈ ਅਤੇ ਉਸ ਮੁਕਤੀ ਲੈਣ ਦੇ ਵੇਗ ਵਿਚ ਜਮਾਤੀ ਸਮਾਜ ਦੀ ਬਣਤਰ ਵਿਚ ਕੋਈ ਇਨਕਲਾਬੀ ਤਬਦੀਲੀ ਲਿਆਉਣੀ ਨਹੀਂ ਪੈਂਦੀ, ਮੁਕਤੀ ਸਿਰਫ਼ ਗੁਰਦਵਾਰੇ ਵਿਚ ਛੈਣੇ ਵਜਾ ਕੇ ਜਾਂ ਇਕਾਂਤ ਵਿਚ ਸਮਾਧੀ ਲਾ ਕੇ ਹੀ ਮਿਲ ਸਕਦੀ ਹੁੰਦੀ ਤਾਂ ਉਸ ਦਾ ਪਹਿਲਾ ਨਤੀਜਾ ਇਹ ਹੁੰਦਾ ਕਿ ਗੁਰਬਾਣੀ ਦੇ ਪੈਰੋਕਾਰਾਂ ਦਾ ਅਮਲ ਗੁਰਦਵਾਰੇ ਦੇ ਅੰਦਰ ਅੰਦਰ ਹੀ ਮਹਿਦੂਦ ਰਹਿੰਦਾ। ਜਿਸ ਜਿਸ ਜੀਅ ਦਾ ਰਬ ਨਾਲ ਅੰਦਰੋਂ ਅੰਦਰੀ ਰਿਸ਼ਤਾ ਬਣਦਾ ਜਾਂਦਾ ਉਹ ਮੁਕਤੀ ਲੈਂਦਾ ਜਾਂਦਾ। ਸਮੇਂ ਦੀ ਕਾਬਜ਼ ਸਟੇਟ ਐਸੀ ਲਹਿਰ 'ਤੇ ਖ਼ੁਸ਼ ਹੋ ਕੇ ਉਸ 'ਤੇ ਫੁਲ ਚੜ੍ਹਾਉਂਦੀ। ਸਿਰਫ਼ ਗੁਰਦਵਾਰੇ ਵਿਚ ਬਰਾਬਰੀ ਮਹਿਦੂਦ ਕਰਨ ਨਾਲ ਸਮਾਜ ਵਿਚਲੀ ਊਚ ਨੀਚ ਦਾ ਪੈਦਾ ਕੀਤਾ ਗ਼ੁੱਸਾ ਵੀ ਲੋਕਾਂ ਦੇ ਮਨਾਂ ਵਿਚੋਂ ਖਾਰਜ ਹੁੰਦਾ ਜਾਂਦਾ ਅਤੇ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦਾ ਕੋਈ ਵਾਲ ਵੀ ਵਿੰਗਾ ਨਾ ਹੁੰਦਾ। ਕਾਬਜ਼ ਸਟੇਟ ਦੀ ਨਾ ਹਿੰਗ ਲਗਦੀ ਨਾ ਫਟਕੜੀ, ਮੁਫ਼ਤ ਮੁਲਾ ਦਬੇ ਲੋਕਾਂ ਦਾ, ਮੇਹਨਤਕਸ਼ ਤਬਕੇ ਦੇ ਰੋਸ ਦਾ ਕਥਾਰਸਿਸ ਹੁੰਦਾ ਜਾਂਦਾ। ਐਸੀ ਲਹਿਰ ਤਾਂ ਸਟੇਟ ਲਈ ਇਕ ਮੁਫਤਮੁਲੇ ਕਾਰਗਰ ਸੇਫ਼ਟੀ ਵੈਲਵ ਦਾ ਕੰਮ ਦੇਂਦੀ। ਰਬੋਂ ਉਰੇ ਸਟੇਟ ਨੇ ਹੋਰ ਲੈਣਾ ਕੀ ਸੀ ?

ਇਕ ਗੱਲ ਤਾਂ ਸਿੱਧੀ ਹੈ ਕਿ ਸਟੇਟ ਉਦੋਂ ਹੀ ਕਿਸੇ ਲਹਿਰ ਨੂੰ ਹੱਥ ਪਾਉਂਦੀ ਹੈ ਜਦੋਂ ਉਸ ਨੂੰ ਉਸ ਲਹਿਰ ਕੋਲੋਂ ਕਿਸੇ ਕਿਸਮ ਦਾ ਤੌਖ਼ਲਾ ਹੋਵੇ। ਗੁਰਦੁਵਾਰੇ ਦੇ ਅੰਦਰ ਜਿੰਨੇ ਛੈਣੇਂ ਮਰਜ਼ੀ ਹੈ ਕੋਈ ਲਹਿਰ ਵਜਾਈ ਜਾਵੇ, ਅੰਦਰ ਵੜਕੇ ਜਿੰਨੀਆਂ ਸਮਾਧੀਆਂ ਮਰਜ਼ੀ ਹੈ ਕੋਈ ਲਹਿਰ ਲਾਈ ਰਖੇ, ਸਟੇਟ ਦਾ ਸਿਰ ਨਹੀਂ ਫਿਰਿਆ ਹੁੰਦਾ ਕਿ ਉਹ ਉਸ ਉਤੇ ਵਾਰ ਕਰੇ। ਸਟੇਟ ਵਾਰ ਉਸ ਲਹਿਰ 'ਤੇ ਹੀ ਕਰਦੀ ਹੈ ਜਿਸ ਦਾ ਗੁਰਦਵਾਰੇ ਤੋਂ ਬਾਹਰ, ਆਰਥਕ ਸਿਆਸੀ ਖੇਤਰ ਵਿਚ ਸਟੇਟ 'ਤੇ ਜਿਸ ਨਿਜ਼ਾਮ ਦੀ ਉਹ ਸਟੇਟ ਹੈ ਉਸ ਦੀ ਬਣਤਰ ਦੇ ਵਿਰੁਧ ਅਸਰ ਹੁੰਦਾ ਹੋਵੇ। ਜੇ ਸਿਖ-ਮਤ ਦਾ ਸਮਾਜ ਦੇ ਆਰਥਕ ਸਿਆਸੀ ਖੇਤਰ ਵਿਚ, ਕਾਬਜ਼ ਸਮਾਜ ਦੀ ਬਣਤਰ ਦੇ ਵਿਰੁਧ ਕੋਈ ਲਾਕਾ ਦੇਕਾ ਮੁਮਕਿਨ ਨਾ ਹੁੰਦਾ ਤਾਂ ਕਾਬਜ਼ ਸਟੇਟ ਇਸ ਉਤੇ ਤਲਵਾਰ ਨਾ ਚਲਾਉਂਦੀ।

ਡਾਕਟਰ ਗਰੇਵਾਲ ਨੇ ਸਿਖ-ਮਤ ਬਾਬਤ ਆਪਣੀ ਫਾਰਮੂਲੇਸ਼ਨ ਕੀਤੀ ਹੈ। ਉਸ ਦੇ ਵਾਸਤੇ ਇਹ ਲਾਜ਼ਮੀ ਹੈ ਕਿ ਉਹ ਤੱਥਾਂ ਦੀ ਇਸ ਲੜੀ ਨੂੰ ਨਜਿੱਠੇ। ਆਪਣੀ ਕੀਤੀ ਫਾਰਮੂਲੇਸ਼ਨ ਦੇ ਆਧਾਰ 'ਤੇ ਦਸੇ ਕਿ ਸਿਖ-ਮਤ ਦੀ ਪੈਦਾ ਕੀਤੀ ਸਿਖ-ਲਹਿਰ ਦਾ ਅਮਲ ਗੁਰਦਵਾਰੇ ਤੋਂ, ਮੁਕਤੀ ਦੇ ਉਸ ਦੇ ਅਰਥਾਂ ਤੋਂ ਬਾਹਿਰ ਸਮਾਜ ਦੇ ਸਿਆਸੀ, ਫ਼ੌਜੀ ਖੇਤਰ ਵਿਚ ਕਿਉਂ ਗਿਆ? ਉਸ ਦੇ ਅਮਲ ਦਾ ਇਨ੍ਹਾਂ ਖੇਤਰਾਂ ਵਿਚ ਜਾਣਾ ਕਿਉਂ ਲਾਜ਼ਮੀ ਸੀ? ਆਪਣੀ ਕੀਤੀ ਫ਼ਾਰਮੂਲੇਸ਼ਨ ਦੇ ਆਧਾਰ 'ਤੇ ਦਸੇ ਕਿ ਸਿਖ-ਲਹਿਰ ਤੇ ਵੇਲੇ ਦੀ ਕਾਬਜ਼ ਸਟੇਟ ਦਾ ਆਪਸ ਵਿਚ ਟੱਕਰਾਅ ਤੇ ਆਪਸ ਵਿਚ ਸਿਰ-ਧੜ ਦੀ ਲਗਣੀ ਕਿਸ ਤਰ੍ਹਾਂ ਲਾਜ਼ਮੀ ਸੀ? ਡਾਕਟਰ ਗਰੇਵਾਲ ਦੀ ਕੀਤੀ ਫਾਰਮੂਲੇਸ਼ਨ ਬਿਲਕੁਲ ਗ਼ਲਤ ਹੈ। ਬੇਬੁਨਿਆਦ ਹੈ। ਐਵੇਂ ਬਾਜ਼ਾਰੀ ਕੀਤੀ ਗੱਲ ਹੈ। ਗ਼ੈਰ-ਜ਼ਿਮੇਦਾਰੀ ਨਾਲ ਮੂੰਹ ਆਈ ਐਵੇਂ ਵਾਹੀ ਹੋਈ ਹੈ। ਜੇ ਡਾਕਟਰ ਗਰੇਵਾਲ ਦੀ ਕੀਤੀ ਫਾਰਮੂਲੇਸ਼ਨ ਸਹੀ ਹੈ ਤਾਂ ਜਾਂ ਤਾਂ ਉਹ ਸਾਬਤ ਕਰੇ ਕਿ ਉਸ ਦੇ ਆਧਾਰ 'ਤੇ ਐਸ ਕਰਕੇ ਉਸ ਲਹਿਰ ਤੇ ਕਾਬਜ਼ ਸਟੇਟ ਦੀ ਆਪਸ ਵਿਚ ਜਾਨ ਦੀ ਬਾਜੀ ਲਗਣੋਂ ਰਹਿ ਹੀ ਨਹੀਂ ਸੀ ਸਕਦੀ; ਨਹੀਂ ਤਾਂ ਮਤਲਬ ਇਹ ਨਿਕਲਦਾ ਹੈ ਕਿ ਉਹ ਲਹਿਰ ਤੇ ਗੁਰੂ ਸਾਹਿਬਾਨ ਦੀ ਲੀਡਰਸ਼ਿਪ ਆਪਣਾ ਅਸਲ ਰਾਹ ਛਡਕੇ ਮੁਢੋਂ ਹੀ ਕੁਰਾਹੇ ਪੈ ਗਈ। ਗੁਰੂ ਨਾਨਕ ਅਕਲੋਂ ਕੋਥਰਾ ਸੀ ਜਿਸ ਨੇ ਰਬ ਨੂੰ ਮਿਲਣ ਵਾਸਤੇ ਸਿਰ ਮੰਗਿਆ। ਐਵੇਂ ਅਗਿਆਨਤਾ ਦੇ ਤਾਣ ਬਾਬਰ ਦੇ ਹਮਲੇ ਵਰਗਿਆਂ ਹਮਲਿਆਂ ਦਾ, ਮੁਲਕ ਦੇ ਸਿਆਸੀ ਫ਼ੌਜੀ ਮਸਲੇ ਦਾ ਹਲ ਰਬ ਨੂੰ ਵੇਲੇ ਸਿਰ ਯਾਦ ਕਰਨ ਵਿਚ ਕਹਿ ਮਾਰਿਆ। ਗੁਰੂ ਅਰਜਨ ਨੇ ਕੁਰਾਹੇ ਪੈਕੇ ਪੰਗਾ ਲਿਆ। ਨਾਲੇ ਆਪਣੇ ਪੈਰੋਕਾਰਾਂ ਨੂੰ, ਲਹਿਰ ਨੂੰ ਰਾਹੋਂ ਕੁਰਾਹੇ ਪਾਇਆ, ਨਾਲੇ ਮੁਫ਼ਤ ਆਪਣੀ ਜਾਨ ਗੁਆਈ। ਗੁਰੂ ਹਰਗੋਬਿੰਦ ਨੇ ਆਪਣੇ ਪਿਉ ਨਾਲੋਂ ਵੀ ਵੱਡਾ ਪੰਗਾ ਲਿਆ। ਰਾਹ ਜਾਂਦਿਆਂ 'ਆ ਲੜਾਈਏ ਐਂ ਦੀ ਜਾਹ' ਬਣਾ ਧਰਿਆ। ਨਾ ਗੱਲ ਨਾ ਬਾਤ ਚੁਕ ਸ਼ਹਿਨਸ਼ਾਹੀ ਫ਼ੌਜਦਾਰਾਂ ਨਾਲ ਲੋਹਾ ਲਿਆ। ਅਕਲ ਗੁਰੂ ਹਰ ਰਾਏ ਨੂੰ ਵੀ ਨਾ ਆਈ; ਉਹ ਵੀ ਬਗ਼ੈਰ ਸੋਚੇ ਸਮਝੇ ਕੁਰਾਹੇ ਹੀ ਤੁਰਿਆ ਗਿਆ। ਗੁਰੂ ਤੇਗ਼ ਬਹਾਦਰ ਵੀ ਬੇਅਕਲ ਹੀ ਨਿਕਲੇ। ਬੇਅਰਥ ਆਪਣੀ ਜਾਨ ਗੁਆਈ। ਡਾਕਟਰ ਗਰੇਵਾਲ ਵਾਲੀ ਦਸੀ ਅਕਲ ਕਰਦੇ, ਸਮਾਧੀ ਲਾ ਕੇ ਆਪਣੀ ਜ਼ਾਤੀ ਮੁਕਤੀ ਹਾਸਲ ਕਰਦੇ। ਅਨੰਦ ਮਾਣਦੇ। ਰਬ ਨਾਲ ਰੰਗਰਲੀਆਂ ਕਰਦੇ। ਗੁਰੂ ਗੁਬਿੰਦ ਸਿੰਘ ਦਾ ਤਾਂ ਅਸਲੋਂ ਹੀ ਸਿਰ ਫਿਰ ਗਿਆ, ਜਿਸ ਨੇ ਰਬ ਨੂੰ ਖੰਡੇ ਦੇ ਰੂਪ ਵਿਚ ਵੇਖਿਆ। ਗੁਰੂ ਗੁਬਿੰਦ ਸਿੰਘ ਦੇ ਮਗਰੋਂ ਖ਼ਾਲਸਾ ਤਾਂ ਬਿਲਕੁਲ ਹੀ ਊਤ ਗਿਆ ਜਿਸ ਨੇ ਆਪਣੀਆਂ ਜਾਨਾਂ ਨੂੰ ਭੰਗ ਦੇ ਭਾੜੇ ਗਵਾਉਣ ਵਿਚ ਹੀ ਆਪਣੀ ਸਫ਼ਲਤਾ ਸਮਝੀ ਅਤੇ ਜਿੰਨੀ ਜ਼ਿੰਦਗੀ ਮਿਲੀ, ਆਰਾਮ ਨਾਲ ਘਰੀਂ ਬਹਿ ਕੇ ਸੁਖ ਨਾ ਲਿਆ। ਘੋੜਿਆਂ ਦੀ ਪਿਠ 'ਤੇ ਹੀ ਗੁਜ਼ਾਰੀ !!! ਜ਼ਾਹਿਰ ਹੈ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਗੁਰਬਾਣੀ ਦੇ ਦਸੇ ਰਾਹੋਂ ਕੁਰਾਹੇ ਨਹੀਂ ਪਈ। ਕਾਬਜ਼ ਨਿਜ਼ਾਮ ਮਾਇਆ ਦਾ ਸੀ। ਗੁਰੂ ਸਾਹਿਬਾਨ ਦੀ ਅਗਵਾਈ ਹੇਠ, ਗੁਰਬਾਣੀ ਦੀ ਸਿਰਜੀ ਸਿਖ ਲਹਿਰ ਕਾਬਜ਼ ਨਿਜ਼ਾਮ ਦੇ ਵਿਰੁਧ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ। ਲਹਿਰ ਆਪਣਾ ਅਸਲਾ ਗੁਆਏ ਬਗ਼ੈਰ, ਕਾਬਜ਼ ਸਟੇਟ ਦੇ ਵਿਰੁਧ ਮੈਦਾਨ ਵਿਚ ਆਉਣੋਂ ਰਹਿ ਹੀ ਨਹੀਂ ਸੀ ਸਕਦੀ। ਮਨੁਖ ਦੇ ਦਵਾਲਿਉਂ ਮਾਇਆ ਦੇ ਬੰਧਨ ਦੇ ਟੁਟਣ ਦਾ ਅਰਥ ਹੀ ਮਨੁਖ ਦੀ, ਸਰਬਤ ਦੀ ਆਰਥਕ, ਸਿਆਸੀ, ਸਮਾਜਕ ਮਨੁਖੀ ਖੇਤਰ ਵਿਚ ਪੂਰਨ ਆਜ਼ਾਦੀ ਹੈ। "ਗੁਰਮੁਖਿ ਧਰਤੀ ਸਾਚੈ ਸਾਜੀ।"

ਡਾਕਟਰ ਗਰੇਵਾਲ ਨੇ ਏਸ ਗੱਲ ਨੂੰ ਬੜਾ ਤੂਲ ਦਿਤਾ ਹੈ ਕਿ ਗੁਰੂ ਸਾਹਿਬ ਦੀ ਅਗਵਾਈ ਹੇਠ



ਵੀ ਉਨ੍ਹਾਂ ਦੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਸੀ ਅਤੇ ਉਨ੍ਹਾਂ ਵਿਚ ਆਮਦਨ ਦੀ ਨਾ ਬਰਾਬਰੀ ਸੀ। ਇਹ ਤੱਥ ਬਤੌਰ ਤੱਥ ਸਹੀ ਹੈ। ਪਰ ਏਸ ਤੱਥ ਵਿਚ ਗੁਨਾਹ ਕੀ ਹੈ? ਲਗਦਾ ਹੈ ਕਿ ਡਾਕਟਰ ਗਰੇਵਾਲ ਨੇ ਹਰ ਪਾਸਿਉਂ ਆਪਣੀਆਂ ਅੱਖਾਂ ਉਤੇ ਘੁਟ ਕੇ ਪੱਟੀਆਂ ਬੱਧੀਆਂ ਹੋਈਆਂ ਹਨ ਕਿ ਕਿਸੇ ਪਾਸੇ ਤੋਂ ਚਾਨਣ ਆ ਨਾ ਜਾਵੇ। ਪਤਾ ਨਹੀਂ ਉਨ੍ਹਾਂ ਨੇ ਕਿਹੜਾ ਇਤਿਹਾਸ, ਕਿਹੜੀ ਇਨਕਲਾਬੀ ਲਹਿਰ ਦਾ ਇਤਿਹਾਸ ਪੜ੍ਹਿਆ ਹੈ ਜਿਸ ਦੀ ਸਿਖਿਆ ਤੋਂ ਉਨ੍ਹਾਂ ਨੂੰ ਇਹ ਤੱਥ ਮਾਰੂ ਗੁਨਾਹ ਲਗਦਾ ਹੈ। ਉਸ ਵੇਲੇ ਦੇ ਫੀਊਡਲ ਦੇ ਅਧੀਨ ਕਿਸਾਨਾਂ, ਕੰਮੀਆਂ, ਕਾਰੀਗਰਾਂ, ਕਾਮਿਆਂ ਜਿਨ੍ਹਾਂ ਦੀ ਕਿ ਇਹ ਬੁਨਿਆਦੀ ਤੌਰ 'ਤੇ ਲਹਿਰ ਸੀ, ਉਨ੍ਹਾਂ ਕੋਲ ਤਾਂ ਵਾਧੂ ਪੈਸੇ ਹੋਣ ਦਾ ਸਵਾਲ ਹੀ ਨਹੀਂ ਸੀ। ਉਹ ਤਾਂ ਸਨ "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ"। ਜੇ ਕੁਛ ਪੈਸੇ ਦੀ ਗੁੰਜਾਇਸ਼ ਸੀ ਤਾਂ ਉਹ ਸੀ, ਬਿਉਪਾਰੀ ਜਮਾਤ ਕੋਲ। ਇਸ ਜਮਾਤ ਦੇ ਜਾਂ ਉਪਰਲੀਆਂ ਜਮਾਤਾਂ ਦੇ ਉਨ੍ਹਾਂ ਬੰਦਿਆਂ ਕੋਲ ਜੋ ਜਾਂ ਤਾਂ ਦਿਲੋਂ ਦਿਮਾਗ਼ੋਂ ਡੀ ਕਲਾਸ ਹੋਕੇ ਸਿਖ-ਲਹਿਰ ਵਿਚ ਰਲ ਰਹੇ ਸਨ ਜਾਂ ਜੋ ਇਸ ਦੇ ਹਮਦਰਦ ਸਨ। ਗੁਰੂ ਸਾਹਿਬਾਨ ਨੇ ਉਨ੍ਹਾਂ ਨੂੰ ਮੂੰਹ ਲਾਇਆ। ਅਤੇ ਠੀਕ ਕੀਤਾ। ਹਰ ਇਨਕਲਾਬੀ ਲਹਿਰ ਨੇ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ ਵਿਚਾਰਧਾਰਕ, ਸਿਆਸੀ ਤੇ ਫ਼ੌਜੀ ਤੌਰ 'ਤੇ ਲੜਨਾ ਹੁੰਦਾ ਹੈ। ਲੜਾਈ ਜਿੱਤ ਕੇ ਹੀ ਉਸ ਦਾ ਰਾਹ ਖੁਲ੍ਹਣਾ ਹੁੰਦਾ ਹੈ। ਲਹਿਰ ਕਿੰਨੀ ਵੀ ਇਨਕਲਾਬੀ ਤੋਂ ਇਨਕਲਾਬੀ ਕਿਉਂ ਨਾ ਹੋਵੇ ਕਾਬਜ਼ ਸਟੇਟ ਦੇ ਵਿਰੁਧ ਲੜਨ ਵਾਸਤੇ ਉਸ ਨੂੰ ਵਸੀਲੇ ਚਾਹੀਦੇ ਹੁੰਦੇ ਹਨ। ਉਹ ਉਥੋਂ ਹੀ ਆ ਸਕਦੇ ਹਨ ਜਿਥੇ ਉਹ ਹੁੰਦੇ ਹਨ। ਗੁਰੂ ਸਾਹਿਬਾਨ ਦੀ ਅਗਵਾਈ ਹੇਠ ਉਨ੍ਹਾਂ ਦੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸੇ ਕਮਾਉਣ ਦੀ ਖੁਲ੍ਹ ਹੀ ਨਹੀਂ ਸੀ, ਬਲਕਿ ਜੇ ਮੇਰਾ ਚੇਤਾ ਉਕਦਾ ਨਹੀਂ ਤਾਂ ਉਨ੍ਹਾਂ ਪੈਸੇ ਕਮਾਉਂਦੇ ਆਪਣੇ ਪੈਰੋਕਾਰਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ 'ਤੇ ਹੀ ਬਸ ਨਹੀਂ ਕੀਤੀ ਸਗੋਂ ਉਨ੍ਹਾਂ ਸਿੱਖਾਂ ਨੂੰ ਪਰੇਰਕੇ ਬਿਉਪਾਰ ਕਰਵਾਇਆ। ਉਨ੍ਹਾਂ ਕੋਲੋਂ ਪੈਸੇ ਕਮਵਾਏ।

ਗੁਰੂ ਅਰਜਨ ਸਾਹਿਬ ਦੀ ਇਹ ਵਡਿਆਈ ਹੈ ਕਿ ਉਨ੍ਹਾਂ ਲਹਿਰ ਦੀ ਆਮਦਨ ਆਈ ਜਾਣ ਦਾ ਉਹ ਬੰਦੋਬਸਤ ਕੀਤਾ, ਉਹ ਤਰੀਕਾ ਰਾਇਜ ਕੀਤਾ ਤੇ ਠੁਕ ਬੱਧਾ ਜਿਸ ਨਾਲ ਉਸ ਦੀ ਮਾਲੀ ਹਾਲਤ ਉਸ ਦੀਆਂ ਵਧਦੀਆਂ ਲੋੜਾਂ ਵਾਸਤੇ ਪੱਕਿਆਂ ਪੈਰਾਂ 'ਤੇ ਹੋ ਗਈ। ਜਦੋਂ ਲਹਿਰ ਨੂੰ ਹਥਿਆਰਬੰਦ ਕਰਨ ਦਾ ਮੌਕਾ ਆਇਆ ਤਾਂ ਗੁਰੂ ਸਾਹਿਬ ਨੇ ਸਿਖਾਂ ਨੂੰ ਘੋੜਿਆਂ ਦੇ ਬਿਉਪਾਰ ਵਿਚ ਪਾਇਆ। ਚੜ੍ਹ ਰਹੇ ਚੜ੍ਹਾਵੇ ਦੀ ਘੋੜਿਆਂ ਦੀ ਸ਼ਕਲ ਵਿਚ ਮੰਗ ਕੀਤੀ। ਚੜ੍ਹਦੇ ਚੜ੍ਹਾਵੇ ਨਾਲ ਘੋੜੇ ਲੋੜ ਅਨੁਸਾਰ ਖਰੀਦੇ ਵੀ। ਲੋੜ ਅਨੁਸਾਰ ਹਥਿਆਰ ਵੀ ਹਰ ਮੁਮਕਿਨ ਤਰੀਕੇ ਨਾਲ ਹਾਸਿਲ ਕੀਤੇ। ਅਤੇ ਹਥਿਆਰ ਵੀ ਉਸ ਕਿਸਮ ਦੇ ਜੋ ਸ਼ਾਹੀ ਫ਼ੌਜਦਾਰਾਂ ਦੀ ਫ਼ੌਜ ਦੇ ਹਥਿਆਰਾਂ ਨਾਲੋਂ ਨਿਰਸ ਨਹੀਂ ਸਨ। ਗੁਰੂ ਅਰਜਨ ਲਹਿਰ ਦੀ ਆਮਦਨ ਦਾ ਪੱਕਾ ਬੰਦੋਬਸਤ ਕਰਕੇ ਮਾਇਆਧਾਰੀ ਨਹੀਂ ਸਨ ਬਣ ਗਏ। ਲਹਿਰ ਦੀ ਉਸ ਸਟੇਜ ਉਤੇ ਸਵਾਲ ਪੈਸੇ ਕਮਾਉਣ ਜਾਂ ਨਾ ਕਮਾਉਣ ਦੇ ਨਿਖੇੜ ਕਰਨ ਦਾ ਨਹੀਂ ਸੀ। ਸਵਾਲ ਇਹ ਸੀ ਕਿ ਪੈਰੋਕਾਰਾਂ ਦਾ ਕਮਾਇਆ ਹੋਇਆ ਪੈਸਾ ਲਗਦਾ ਕਿਥੇ ਹੈ? ਮਨਮੁਖ, ਮਾਇਆਧਾਰੀ ਹੋਣ ਵਾਸਤੇ ਜਾਂ ਲਹਿਰ ਦੀਆਂ ਲੋੜਾਂ ਵਾਸਤੇ। ਡਾਕਟਰ ਗਰੇਵਾਲ ਲਿਖਦੇ ਹਨ: "ਪਰ ਸਿਖਾਂ ਵਿਚ ਆਮਦਨ ਅਤੇ ਧਨ ਦੇ ਅੰਤਰ ਕਾਇਮ ਰਹੇ। ਸਗੋਂ ਵਿਅਕਤੀ ਦੇ ਆਰਥਕ ਸਾਧਨਾਂ ਦੀ ਝਲਕ ਪੰਥ ਵਿਚ ਉਹਦੀ ਪ੍ਰਾਪਤ ਪੁਜ਼ੀਸ਼ਨ ਤੋਂ ਵੀ ਮਿਲਦੀ ਸੀ।" ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਵਿਚ ਵਿਅਕਤੀ

ਦੀ ਪੁਜ਼ੀਸ਼ਨ ਓਹ ਹੀ ਸੀ ਜੋ ਸਿਧਾਂਤਕ ਤੌਰ 'ਤੇ ਗੁਰਬਾਣੀ ਵਿਚ ਬਿਆਨ ਹੈ। 'ਪਾਤਸ਼ਾਹੀ ਭਗਤ ਜਨਾ ਕਉ ਦਿਤੀਅਨ'। 'ਬਸਤਾਟੂਟੀ ਝੂੰਪੜੀ ਚੀਰ ਸਭਿ ਛਿੰਨਾ। ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਿਮਿੰਨਾ। ਮਿਤ੍ਰਨ ਇਠ ਧਨ, ਰੂਪ ਹੀਣ ਕਿਛੁ ਸਾਕੁ ਨ ਸਿੰਨਾ। ਰਾਜਾ ਸਗਲੀ ਦ੍ਰਿਸ਼ਟਿ ਕਾ ਹਰਿ ਨਾਮਿ ਮਨ ਭਿੰਨਾ।' ਗੁਰਆਈ ਦੀ ਗੱਦੀ ਅਮਰੂ ਨਿਥਾਵੇਂ ਨੂੰ ਮਿਲੀ ਸੀ। ਕਿਸੇ ਧੰਨਵਾਨ ਜਾਂ ਮਾਇਆਧਾਰੀ ਨੂੰ ਨਹੀਂ। ਗੁਰੂ ਸਾਹਿਬਾਨ ਦੀ ਅਗਵਾਈ ਹੇਠ ਸਿਖ-ਲਹਿਰ ਵਿਚੋਂ ਡਾਕਟਰ ਗਰੇਵਾਲ ਇਕ ਮਿਸਾਲ ਦੇਣ ਜਿਥੇ ਕਿਸੇ ਨੂੰ ਇੱਜ਼ਤ, ਮਾਣ ਜਾਂ ਅਗਵਾਈ ਦੀ ਪੁਜ਼ੀਸ਼ਨ ਕਿਸੇ ਮਾਇਆਧਾਰੀ ਨੂੰ ਮਿਲੀ ਹੋਵੇ ਅਤੇ ਮਾਇਆਧਾਰੀ ਤੇ ਧਨੀ ਹੋਣ ਕਰਕੇ ਮਿਲੀ ਹੋਵੇ? ਡਾਕਟਰ ਗਰੇਵਾਲ ਨੂੰ ਸਮਝ ਹੀ ਨਹੀਂ ਕਿ ਇਨਕਲਾਬੀ ਲਹਿਰਾਂ ਪੈਦਾ ਕਿਸ ਤਰ੍ਹਾਂ ਹੁੰਦੀਆਂ ਹਨ, ਉਸਰਦੀਆਂ, ਪੱਕਦੀਆਂ ਤੇ ਬਾਲਗ ਕਿਸਤਰ੍ਹਾਂ ਹੁੰਦੀਆਂ ਹਨ। ਇਨਕਲਾਬੀ ਲਹਿਰਾਂ ਵਿਚ ਸ਼ਾਮਲ ਹੁੰਦਾ ਬੰਦਾ ਸਨਅਤੀ ਕਾਰਖ਼ਾਨੇ ਦਾ ਮਾਲ ਨਹੀਂ ਹੁੰਦਾ ਜਿਹੜਾ ਪੂਰਨ ਤੌਰ 'ਤੇ ਬਣਿਆ ਬਣਾਇਆ ਹੀ ਕਾਰਖ਼ਾਨੇ ਵਿਚੋਂ ਨਿਕਲ ਕੇ ਮੰਡੀ ਆਉਂਦਾ ਹੈ। ਇਨ੍ਹਾਂ ਲਹਿਰਾਂ ਨੇ ਆਪਣੇ ਆਪ ਤੋਂ ਅਡ ਕੋਈ ਆਵੀ ਨਹੀਂ ਲਾਈ ਹੁੰਦੀ ਜਿਥੇ ਪਹਿਲਾਂ ਇਨਕਲਾਬੀ ਪਕਾਏ ਜਾਂਦੇ ਹੋਣ ਅਤੇ ਜਦੋਂ ਆਵੀ ਵਿਚੋਂ ਪੱਕ ਕੇ ਤੁੰਦ ਹੋ ਜਾਣ ਤਾਂ ਲਹਿਰ ਵਿਰ ਸ਼ਾਮਲ ਕੀਤੇ ਜਾਣ।

ਡਾਕਟਰ ਗਰੇਵਾਲ ਨੂੰ ਇਸ ਗੱਲ ਦੀ ਸੂਝ ਹੀ ਨਹੀਂ ਕਿ ਜਮਾਤਾਂ ਤੇ ਵਿਅਕਤੀਆਂ ਦਾ ਨਜ਼ਰੀਆ, ਅਮਲ, ਤੇ ਆਚਰਨ ਇਨਕਲਾਬੀ ਬਣਦਾ ਕਿਸਤਰ੍ਹਾਂ ਹੈ? ਜਦੋਂ ਸਮਾਜਕ ਦਸ਼ਾ ਇਨਕਲਾਬ ਨੂੰ ਰਾਹ ਦੇਂਦੀ ਹੈ ਤਾਂ ਜਿਸ ਜਮਾਤ ਜਾਂ ਜਮਾਤਾਂ ਦਾ ਕਾਬਜ ਸਮਾਜ ਦੇ ਉਸ ਸੰਕਟ ਵੇਲੇ ਇਤਿਹਾਸਕ ਤੌਰ 'ਤੇ ਇਨਕਲਾਬੀ ਰੋਲ ਹੁੰਦਾ ਹੈ, ਉਨ੍ਹਾਂ ਜਮਾਤਾਂ ਤੇ ਹੋਰਨਾਂ ਦੇ ਇਕੜ ਦੁਕੜ ਬੰਦੇ ਸਿਧਾਂਤ ਤੇ ਅਮਲ ਦੀ ਏਕਤਾ ਨਾਲ, ਦੂਸਰੇ ਲਫ਼ਜ਼ਾਂ ਵਿਚ ਵਿਚਾਰਧਾਰਕ, ਆਰਥਕ ਤੇ ਸ਼ਿਆਸੀ ਜਮਾਤੀ ਜਦੋ-ਜਹਿਦਾਂ ਦੇ ਪ੍ਰਸਪਰ ਅਸਰ ਨਾਲ ਇਨਕਲਾਬੀ ਪੈਂਤੜੇ 'ਤੇ ਆਉਂਦੇ, ਜਥੇਬੰਦ ਹੋ ਕੇ ਲਹਿਰ ਉਸਾਰਦੇ, ਤੇ ਹੁੰਦੇ ਹੁੰਦੇ ਅਮਲ ਤੇ ਚੇਤਨਾ — ਕਲਚਰ — ਦੋਹਾਂ ਵਿਚ ਪੱਕੇ, ਬਾਲਗ ਇਨਕਲਾਬੀ ਬਣਦੇ ਹਨ। ਇਸ ਵੇਗ ਨੂੰ ਸਮਝਣਾ ਕੋਈ ਮੁਸ਼ਕਲ ਨਹੀਂ। ਪਾਣੀ ਵਿਚ ਛਾਲ ਮਾਰ ਕੇ ਹੱਥ ਪੈਰ ਮਾਰਦਿਆਂ ਮਾਰਦਿਆਂ ਹੀ ਤੈਰਨਾ ਆਉਂਦਾ ਹੈ। ਕੰਢੇ 'ਤੇ ਖੜੋਤੇ ਰਿਹਾਂ ਤਾ ਕਦੇ ਕਿਸੇ ਤੈਰਨਾ ਸਿਖਿਆ ਨਹੀਂ। ਪਾਣੀ ਵਿਚ ਵੜਨ ਤੋਂ ਪਹਿਲਾਂ ਤਾਂ ਤੈਰਾਕ ਹੋਣ ਦਾ ਤਰੀਕਾ ਅਜੇ ਤਕ ਕਿਸੇ ਕਢਿਆ ਨਹੀਂ। ਕੰਮ ਕੋਈ ਵੀ ਹੋਵੇ, ਉਸ ਨੂੰ ਕੀਤਿਆਂ, ਉਸ ਵਿਚ ਪਿਆਂ ਹੀ ਉਸ ਦੇ ਕਰਨ ਦੀ ਜਾਚ ਆਉਂਦੀ ਹੈ। ਮਾਂ ਦੇ ਪੇਟੋਂ ਹੀ ਕੋਈ ਕਿਸੇ ਕੰਮ ਦਾ ਮਾਹਿਰ ਬਣਕੇ ਨਹੀਂ ਆਉਂਦਾ। ਡਾਕਟਰ ਗਰੇਵਾਲ ਨੂੰ ਇਹ ਸਮਝ ਨਹੀਂ ਹੈ ਕਿ ਜਿਸ ਤਰ੍ਹਾਂ ਸਮਾਜਕ ਰਿਸ਼ਤੇ, ਸਮਾਜਕ ਬਣਤਰ ਤੇ ਸਮਾਜ ਦੇ ਮਨੁਖ ਇਕ ਦੂਸਰੇ ਦਾ ਅਕਸ ਹੁੰਦੇ ਹਨ ਇਸ ਤਰ੍ਹਾਂ ਹੀ ਇਨਕਲਾਬੀ ਲਹਿਰ ਦੀ ਸਟੇਜ ਤੇ ਉਸ ਵਿਚ ਹਿੱਸਾ ਲੈਣ ਵਾਲੀ ਲੋਕਾਈ ਦੀ ਚੇਤਨਤਾ ਤੇ ਅਮਲ ਵੀ ਇਕ ਦੂਸਰੇ ਦਾ ਹੀ ਅਕਸ ਹੁੰਦੇ ਹਨ। ਆਪਸ ਵਿਚ ਕੰਨਾ ਘਿਚ ਚਲਦੇ ਹਨ। ਇਨਕਲਾਬੀ-ਲਹਿਰ ਆਪਣੀਆਂ ਮੁਢਲੀਆਂ, ਪਹਿਲੀਆਂ, ਗਭਲੀਆਂ ਸਟੇਜਾਂ ਵਿਚ ਹੋਵੇ ਅਤੇ ਆਸ ਇਹ ਕਰਨੀ ਕਿ ਉਸ ਵਿਚ ਹਿੱਸਾ ਲੈਣ ਵਾਲੀ ਲੋਕਾਈ ਦੀ ਤੇ ਸਮਾਜ ਦੇ ਸਭ ਮੇਹਨਤਕਸ਼ ਤਬਕੇ ਦੀ ਚੇਤਨਤਾ, ਅਮਲ ਤੇ ਆਚਰਨ ਲਹਿਰ ਦੇ ਅੰਤਮ ਨਿਸ਼ਾਨੇ ਵਾਲੇ ਹੋ ਜਾਣ—ਇਹ ਮਹਾਂਮੂਰਖਾਂ ਦਾ ਹੀ ਕੰਮ ਹੈ।

ਡਾਕਟਰ ਗਰੇਵਾਲ ਦੀ ਇਸ ਨੁਕਤੇ ਬਾਬਤ ਅਗਿਆਨਤਾ ਕੀ ਹੈ? ਅਗਿਆਨਤਾ ਉਸ ਦੀ



ਇਹ ਹੈ : ਮਾਇਆ ਦਾ ਫੀਊਡਲ ਨਿਜ਼ਾਮ ਅਜੇ ਕਾਬਜ਼ ਹੈ, ਸਿਖ-ਲਹਿਰ ਨੇ ਇਨਕਲਾਬ ਅਜੇ ਲੈ ਨਹੀਂ ਆਂਦਾ, ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਅਜੇ ਹੋਈ ਨਹੀਂ ਅਤੇ ਲਹਿਰ ਵਿਚ ਸ਼ਾਮਲ ਹੋਈ ਲੋਕਾਈ ਦੇ ਅਮਲ ਤੇ ਆਚਰਨ 'ਤੇ ਡਾਕਟਰ ਗਰੇਵਾਲ ਪੈਮਾਨਾ ਲਹਿਰ ਦੇ ਅੰਤਮ ਨਿਸ਼ਾਨੇ ਵਾਲਾ ਲਾਗੂ ਕਰਨ ਲਗ ਪਿਆ ਹੈ। ਮਿਣਨ ਉਸ ਨੂੰ ਸਤਿਗੁਰੂ ਦੇ ਸ਼ਬਦ ਵਿਚ, ਗੁਰਬਾਣੀ ਵਿਚ ਅੰਕਤ ਨਿਰੋਲ ਨਾਮ ਦੇ ਪੈਮਾਨੇ ਨਾਲ ਲਗ ਪਿਆ ਹੈ ਜਿਵੇਂ ਕਿ ਇਨਕਲਾਬ ਲਿਆ ਕੇ ਇਨਕਲਾਬ ਦੇ ਮਗਰੋਂ ਵੀ ਲੰਮੀ ਵਿਚਾਰਧਾਰਕ, ਆਰਥਕ, ਸਿਆਸੀ ਜਦੋ-ਜਹਿਦ ਰਾਹੀਂ ਗੁਰੂ ਸਾਹਿਬਾਨ ਨੇ ਸਾਰੇ ਸਮਾਜ ਦੀ ਦਿਲ ਦਿਮਾਗ਼ ਦੀ ਕਲਚਰ ਬਦਲਾਕੇ, ਸਭਸ ਦਾ ਆਚਰਨ ਨਾਮ ਦੇ ਸੱਚੇ ਵਿਚ ਢਾਲ ਲਿਆ ਹੁੰਦਾ ਹੋਵੇ, ਤੇ ਸਭ ਸੰਸਾਰ ਤੋਂ ਮਾਇਆਧਾਰੀ ਮਨਮੁਖਾਂ ਚੋਰਾਂ ਨੂੰ ਭਜਾ ਕੇ ਸਭ ਧਰਤੀ ਉਤੇ ਭਗਤਾਂ ਸੰਤਾਂ ਦਾ ਵਾਸਾ ਕਰਵਾ ਲਿਆ ਹੋਵੇ ਤੇ ਸਰਬਤ ਦੀ ਆਜ਼ਾਦੀ ਸਥਾਪਤ ਕਰ ਲਈ ਹੋਵੇ। ਮਾਰਕਸਵਾਦ ਦੇ ਮੁਹਾਵਰੇ ਵਿਚ ਗੱਲ ਕਰੀਏ ਤਾਂ ਜਿਵੇਂ ਉਹਨਾਂ ਸਹੀ ਅਰਥਾਂ ਵਿਚ ਜਮਾਤ-ਰਹਿਤ ਸਮਾਜ, ਕਮਿਊਨਿਸਟ ਸਮਾਜ ਸਥਾਪਤ ਕਰ ਲਿਆ ਹੋਵੇ।

ਮਾਰਕਸਵਾਦੀ ਲਹਿਰ ਦੀ ਮਿਸਾਲ ਲਿਆਂ ਡਾਕਟਰ ਗਰੇਵਾਲ ਦੀ ਭੁਲ ਬਿਲਕੁਲ ਸਪੱਸ਼ਟ ਹੋ ਜਾਵੇਗੀ। ਮਾਰਕਸਵਾਦ ਤੇ ਉਸ ਦੀ ਲਹਿਰ ਨੇ ਸਿਖ-ਲਹਿਰ ਦੇ ਢੇਰ ਮਗਰੋਂ ਜਨਮ ਲਿਆ। ਮਾਰਕਸਵਾਦ ਨੇ ਜਨਮ ਉਦੋਂ ਲਿਆ, ਜਦੋਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਲੋੜੀਂਦੀ ਉਸਾਰੀ ਹੋ ਕੇ ਸਰਮਾਇਦਾਰੀ ਨੇ ਜਨਮ ਲੈ ਲਿਆ, ਉਹ ਬਾਲਗ ਹੋ ਗਈ, ਅਤੇ ਆਪਣੀ ਕਾਫ਼ੀ ਔਧ ਮੁਕਾ ਕੇ ਉਸ ਦੇ ਹਡਾਂ ਵਿਚਲੇ ਸੰਕਟ ਨੇ ਅਮਲੀ ਜਾਮਾ ਪਹਿਨ ਲਿਆ। ਡਾਕਟਰ ਗਰੇਵਾਲ ਨੇ ਗੁਰੂ ਸਾਹਿਬਾਨ ਦੇ ਪੈਰੋਕਾਰਾਂ ਵਿਚ ਆਮਦਨ ਦੀ ਨਾਬਰਾਬਰੀ ਦੀ ਗੱਲ ਅਤੇ ਵਧ ਤੋਂ ਵਧ ਪੈਸਾ ਕਮਾਉਣ ਦੀ ਗੱਲ ਲਹਿਰ ਦੀ ਕਰਨੀ ਵਿਚ ਕਾਲੇ ਦਾਗ਼ ਵਜੋਂ ਕੀਤੀ ਹੈ। ਅਸੀਂ ਮਾਰਕਸਵਾਦ ਦੇ ਪੈਰੋਕਾਰਾਂ ਦੀ ਗੱਲ ਲੈਣ ਤੋਂ ਪਹਿਲਾਂ ਮਾਰਕਸਵਾਦ ਦੇ ਮੋਢੀਆਂ, ਉਸ ਦੇ ਜਨਮਦਾਤਿਆਂ ਦੀ ਗੱਲ ਕਰਦੇ ਹਨ। ਇਸ ਦਾ ਜ਼ਿਕਰ ਅਸੀਂ ਸੇਧ ਦੇ ਸਫ਼ਿਆਂ ਵਿਚ ਪਹਿਲਾਂ ਵੀ ਕਰ ਚੁਕੇ ਹਾਂ। ਏਂਗਲਜ਼ ਦਾ ਬਿਉਪਾਰ ਸੀ। ਉਸ ਵਿਚੋਂ ਉਹ ਜਿੰਨੇ ਪੈਸੇ ਕਮਾ ਸਕਦਾ ਸੀ, ਕਮਾਉਂਦਾ ਸੀ। ਬਿਉਪਾਰ ਵਿਚੋਂ ਕਮਾਏ ਉਸ ਪੈਸੇ ਵਿਚੋਂ ਉਹ ਮਾਰਕਸ ਦੀ ਮਾਲੀ ਮਦਦ ਕਰਦਾ ਸੀ। ਜੇ ਉਹ ਇਹ ਮਦਦ ਨਾ ਕਰਦਾ ਤਾਂ ਐਨ ਮੁਮਕਿਨ ਹੈ ਕਿ ਮਾਰਕਸ ਜਿੰਨੇ ਮਾਰਕਸਵਾਦ ਨੂੰ ਜਨਮ ਦੇ ਸਕਿਆ, ਸ਼ਾਇਦ ਉਹ ਓਨੇ ਨੂੰ ਜਨਮ ਨਾ ਦੇ ਸਕਦਾ। ਏਂਗਲਜ਼ ਨੇ ਬਿਉਪਾਰ ਵਿਚੋਂ ਪੈਸੇ ਕਮਾਉਂਦਿਆਂ ਹੋਇਆਂ ਮਾਰਕਸਵਾਦ ਦੇ ਜਨਮ ਤੇ ਉਸ ਦੀ ਉਸਾਰੀ ਵਿਚ ਆਪਣਾ ਨੁਮਾਇਆਂ ਹਿੱਸਾ ਪਾਇਆ। ਕੀ ਉਸ ਵਕਤ ਏਂਗਲਜ਼ ਦਾ ਇਉਂ ਕਰਨਾ ਮਾਰਕਸਵਾਦ ਦੇ ਜਨਮ ਤੇ ਉਸ ਦੀ ਉਸਾਰੀ ਵਾਸਤੇ ਫ਼ਾਇਦੇਮੰਦ ਸੀ ਜਾਂ ਉਸ ਦੇ ਖਿਲਾਫ਼ ਗੁਨਾਹ? ਕੀ ਉਸ ਦਸ਼ਾ ਵਿਚ ਏਂਗਲਜ਼ ਬਿਉਪਾਰ ਵਿਚ ਰਹਿਣ ਦੇ ਨਾਤੇ, ਬਿਉਪਾਰ ਨੂੰ ਛਡ ਕੇ ਸਨਅਤੀ ਮਜ਼ਦੂਰ ਨਾ ਬਣਨ ਕਰਕੇ ਨੀਚ ਸਾਬਤ ਹੋ ਜਾਂਦਾ ਹੈ? ਕੀ ਉਹ ਮਾਰਕਸਵਾਦੀ ਜਾਂ ਮਾਰਕਸਵਾਦ ਦਾ ਮੋਢੀ ਨਹੀਂ ਰਹਿੰਦਾ? ਕੀ ਮਾਰਕਸ ਖ਼ੁਦ ਬੁਰਜਵਾ ਵਿਦਿਅਕ ਅਡੰਬਰ ਤੇ ਵਸੀਲਿਆਂ ਰਾਹੀਂ ਵਿਦਿਆ ਲੈਣ ਤੋਂ ਬਗੈਰ ਅਤੇ ਵਿਦਿਆ ਲੈ ਕੇ ਵੀ ਸਨਅਤੀ ਮਜ਼ਦੂਰ ਬਣਕੇ ਜਾਂ ਮਜ਼ਦੂਰ ਦੀ ਆਮਦਨ ਵਿਚੋਂ ਜੋ ਕੰਮ ਉਹ ਕਰ ਗੁਜ਼ਰਿਆ ਉਹ ਕਰ ਸਕਦਾ? ਕੀ ਉਸ ਹਾਲਤ ਵਿਚ ਉਹ ਆਪਣੇ ਕੰਮ ਵਾਸਤੇ ਲੋੜੀਂਦੀਆਂ ਦਸ ਕਿਤਾਬਾਂ ਵੀ ਖ਼ਰੀਦ ਸਕਦਾ?

ਹੁਣ ਲਵੋ ਇਨਕਲਾਬ ਤੋਂ ਪਹਿਲਾਂ ਚੇਤਨਤਾ ਤੇ ਆਮਦਨ ਦੋਹਾਂ ਪੱਧਰਾਂ 'ਤੇ ਮਾਰਕਸਵਾਦੀਆਂ

ਦੀ, ਸਨਅਤੀ ਮਜ਼ਦੂਰਾਂ ਦੀ ਗੱਲ। ਮਾਰਕਸਵਾਦ ਆਪਣੀ ਕਿਸਮ ਦਾ ਪਦਾਰਥਵਾਦ ਹੈ। ਕੀ ਇਹ ਸ਼ਰਤ ਲਾਉਂਦਾ ਹੈ ਕਿ ਸਰਮਾਇਦਾਰੀ ਦੇ ਵਿਰੁਧ ਸਮਾਜਵਾਦ ਵਾਸਤੇ ਕੰਮ ਕਰਦਾ ਹਰ ਮਨੁਖ ਪਹਿਲਾਂ ਲਾਜ਼ਮੀ ਨਾਸਤਕ ਬਣੇ, ਨਹੀਂ ਤਾਂ ਮਾਰਕਸਵਾਦੀ ਲਹਿਰ ਦੀ ਚਿੱਟੀ ਚਾਦਰ ਨੂੰ ਦਾਗ਼ ਲਗਦਾ ਹੈ? ਕੀ ਇਹ ਸ਼ਰਤ ਲਾਉਣਾ ਮਾਰਕਸਵਾਦੀ ਲਹਿਰ ਦੀ ਲੀਡਰਸ਼ਿਪ ਦੀ ਸਿਆਣਪ ਹੋਵੇਗੀ ਕਿ ਮਹਾਂ ਮੂਰਖਤਾ? ਚੇਤਨਤਾ ਦੇ ਇਸ ਨੁਕਤੇ ਬਾਬਤ ਮਾਰਕਸਵਾਦ ਦੇ ਮੋਢੀ ਸਪੱਸ਼ਟ ਹਨ। ਇਸ ਦਾ ਜ਼ਿਕਰ ਵੀ ਸੇਧ ਦੇ ਸਫ਼ਿਆਂ ਵਿਚ ਹੋ ਚੁਕਾ ਹੈ। ਹੁਣ ਲਵੋ ਮਾਰਕਸਵਾਦ ਦੇ ਪੈਰੋਕਾਰਾਂ ਦੀ ਮਾਰਕਸਵਾਦੀ ਲਹਿਰ ਵਿਚ ਸ਼ਾਮਲ ਹੋਣ ਵਾਲਿਆਂ ਦੀ ਪੈਸਾ ਕਮਾਉਣ ਦੀ ਖੁਲ੍ਹ ਦੀ, ਆਮਦਨ ਵਿਚ ਨਾਬਰਾਬਰੀ ਦੀ ਗੱਲ। ਕੀ ਇਨਕਲਾਬ ਤੋਂ ਪਹਿਲਾਂ ਮਾਰਕਸਵਾਦੀ ਲੀਡਰਸ਼ਿਪ ਇਹ ਸ਼ਰਤ ਲਾਉਂਦੀ ਹੈ ਕਿ ਲਹਿਰ ਵਿਚ ਉਹ ਆਵੇ, ਉਸ ਦਾ ਹਮਦਰਦ ਉਹ ਹੀ ਬਣੇ ਜੋ ਵਧ ਤੋਂ ਵਧ ਪੈਸਾ ਕਮਾਉਣਾ ਤਰਕ ਕਰ ਦੇਵੇ? ਹੋਰਨਾਂ ਦੀ ਤਾਂ ਗੱਲ ਹੀ ਛਡੋ, ਸਨਅਤੀ ਮਜ਼ਦੂਰ ਦੀ ਗੱਲ ਹੀ ਲਵੋ। ਟਰੇਡ ਯੂਨੀਅਨੀ ਜਦੋ-ਜਹਿਦ ਸਨਅਤੀ ਮਜ਼ਦੂਰਾਂ ਦੇ ਇਵਜ਼ਾਨੇ ਨੂੰ ਵਧ ਤੋਂ ਵਧ ਵਧਾਉਣ ਖ਼ਾਤਰ ਨਹੀਂ ਕੀਤੀ ਜਾਂਦੀ? ਕੀ ਇਹ ਮਾਰਕਸਵਾਦੀ ਲਹਿਰ ਦੀ ਉਸਾਰੀ, ਸਮਾਜਵਾਦ ਦੀ ਪਰਾਪਤੀ ਹਿੱਤੀ ਗੱਲ ਹੈ ਕਿ ਉਸ ਦੇ ਵਿਰੁਧ? ਕੀ ਇਨਕਲਾਬ ਤੋਂ ਪਹਿਲਾਂ ਮਾਰਕਸਵਾਦੀ ਲੀਡਰਸ਼ਿਪ ਇਹ ਸ਼ਰਤ ਲਾਉਂਦੀ ਹੈ ਕਿ ਲਹਿਰ ਵਿਚ ਹਿੱਸਾ ਲੈਂਦੇ ਸਭ ਆਦਮੀ ਸਭ ਆਮਦਨ ਲਹਿਰ ਦੇ ਸਪੁਰਦ ਕਰ ਦੇਣ ਜਾਂ ਰਲਾ ਕੇ ਸਭ ਇਕੋ ਜੇਹੀ ਕਰ ਲੈਣ? ਹੋਰ ਤੇ ਛਡੋ, ਕੀ ਉਹ ਇਹ ਸ਼ਰਤ ਸਨਅਤੀ ਮਜ਼ਦੂਰ ਜਮਾਤ 'ਤੇ ਵੀ ਲਾਉਂਦੀ ਹੈ? ਫ਼ਰਜ਼ਨ ਜੇ ਲਾਵੇ ਤਾਂ ਉਸ ਦੀ ਇਹ ਸਿਆਣਪ ਸਾਬਤ ਹੋਵੇ ਜਾਂ ਮਾਰੂ ਮੂਰਖਤਾ?

ਅਸਲ ਗੱਲ ਇਹ ਹੈ ਕਿ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਜਾਂ ਆਮਦਨ ਦੀ ਨਾਬਰਾਬਰੀ ਦੀ ਗੱਲ ਜੋ ਡਾਕਟਰ ਗਰੇਵਾਲ ਨੇ ਚੁਕ ਲਈ ਹੈ ਉਸ ਦਾ ਅਸਲਾ ਕੀ ਹੈ, ਉਸ ਦੀ ਉਸ ਦੇ ਪਰੇਸ਼ਟਿਆਂ ਨੂੰ ਵੀ ਸਮਝ ਨਹੀਂ। ਉਸ ਦੀ ਇਸ ਮਸਲੇ ਬਾਬਤ ਘੋਰ ਅਗਿਆਨਤਾ ਇਸ ਗੱਲ ਤੋਂ ਹੀ ਜ਼ਾਹਿਰ ਹੈ ਕਿ ਆਮਦਨ ਦੀ ਬਰਾਬਰੀ ਨਾ ਕਦੀ ਹੋਈ ਹੈ, ਨਾ ਹੋ ਸਕਦੀ ਹੈ। ਨਾ ਹੋਣੀ ਹੀ ਚਾਹੀਦੀ ਹੈ। ਨਾ ਇਹ ਗੁਰਬਾਣੀ ਦਾ ਨਿਸ਼ਾਨਾ ਹੈ, ਨਾ ਮਾਰਕਸਵਾਦ ਦਾ। ਸਭ ਮਨੁਖਾਂ ਦੀਆਂ ਲੋੜਾਂ ਇਕੋ ਜਿਹੀਆਂ ਨਹੀਂ ਹੋ ਸਕਦੀਆਂ। ਜੇ ਸਭ ਦੀ ਆਮਦਨ ਬਰਾਬਰ ਹੋ ਜਾਵੇ ਤਾਂ ਸਮਾਜ ਵਿਚ ਨਾਬਰਾਬਰੀ ਹੱਡਾਂ ਦਾ ਰੋਗ ਹੋ ਜਾਵੇ। ਗੁਰਬਾਣੀ ਸਭ ਦੀ ਆਮਦਨੀ ਇਕੋ ਜੇਹੀ ਨਹੀਂ ਚਾਹੁੰਦੀ। ਉਹ ਤਾਂ ਚਾਹੁੰਦੀ ਹੈ ਕਿ ਜਿਸ ਤਰ੍ਹਾਂ 'ਸਹੁਰੜੀ ਵਥੁ ਸਭ ਕਿਛੁ ਸਾਂਝੀ' ਹੈ ਇਸ ਤਰ੍ਹਾਂ ਹੀ "ਪੇਵਕੜੇ ਧਨ ਵਖੇ" ਨਾ ਹੋਣ। ਸਾਂਝੇ ਹੋਣ। ਸਮਾਜ ਦੀ ਹੋਈ ਪੈਦਾਵਾਰ ਹਰ ਇਕ ਨੂੰ ਉਸਦੀਆਂ ਮਨੁਖੀ ਲੋੜਾਂ ਅਨੁਸਾਰ ਮਿਲੇ। ਅਤੇ ਹਰ ਇਕ ਕੰਮ ਕਰੇ, ਸਤਿਗੁਰੂ ਦੀ ਸੇਵਾ ਸਮਝਕੇ। ਮਾਰਕਸਵਾਦ ਵੀ ਇਹ ਹੀ ਚਾਹੁੰਦਾ ਹੈ ਕਿ ਹਰ ਇਕ ਕੰਮ ਆਪਣੀ ਕੁਵੱਤ ਅਨੁਸਾਰ ਕਰੇ ਅਤੇ ਹੋਈ ਪੈਦਾਵਾਰ ਲਵੇ ਆਪਣੀਆਂ ਮਨੁਖੀ ਲੋੜਾਂ ਅਨੁਸਾਰ। ਡਾਕਟਰ ਗਰੇਵਾਲ ਨੇ ਵਿਦਵਾਨ ਹੁੰਦਿਆਂ ਹੋਇਆਂ ਨਾ ਗੱਲ ਕੀਤੀ ਹੈ ਗੁਰਬਾਣੀ ਦੇ ਵਿਦਵਾਨਾਂ ਵਾਲੀ, ਨਾ ਮਾਰਕਸਵਾਦ ਦੇ ਵਿਦਿਆਰਥੀਆਂ ਵਾਲੀ ਅਤੇ ਨਾ ਹੀ ਇਤਿਹਾਸ ਦੇ ਜਾਣੂਆਂ ਵਾਲੀ। ਐਵੇਂ ਵਾਹ ਦਿੱਤੀ ਹੈ ਅਲ੍ਹੜਾਂ ਵਾਲੀ, ਬਾਜ਼ਾਰੀ ਗੱਲ।

ਜਿਸ ਨੂੰ ਡਾਕਟਰ ਗਰੇਵਾਲ ਨੇ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਆਮਦਨ ਦੀ ਨਾਬਰਾਬਰੀ ਕਿਹਾ ਹੈ ਉਹ ਅਸਲ ਮਸਲਾ ਕੀ ਹੈ? ਉਹ ਅਸਲ ਮਸਲਾ ਹੈ ਕਲਜੁਗ ਨੂੰ ਖ਼ਤਮ ਕਰਕੇ



ਸਤਿਜੁਗ ਲਿਆਉਣ ਦਾ। ਜਮਾਤੀ ਸਮਾਜ ਨੂੰ ਖ਼ਤਮ ਕਰਕੇ ਸਹੀ ਅਰਥਾਂ ਵਿਚ ਕਮਿਊਨਿਸਟ ਸਮਾਜ ਸਥਾਪਤ ਕਰਨ ਦਾ। ਦੂਸਰੇ ਲਫ਼ਜ਼ਾਂ ਵਿਚ, ਸਰਬਤ ਦੀ ਆਜ਼ਾਦੀ ਸਥਾਪਤ ਕਰਨ ਦਾ। ਸਮਾਜ ਦੇ ਕੰਮ ਨੂੰ ਪੈਸੇ ਦੀ ਗ਼ੁਲਾਮੀ ਵਿਚੋਂ ਆਜ਼ਾਦ ਕਰਵਾਉਣ ਦਾ। ਮਨੁਖ ਦੇ ਦਵਾਲਿਉਂ ਮਾਇਆਂ ਦੇ ਬੰਧਨ ਨੂੰ ਤੋੜਨ ਦਾ। ਮਨੁਖਾਂ ਨੂੰ, ਸਰਬਤ ਨੂੰ ਮੁਕਤੀ ਦਵਾਉਣ ਦਾ। ਮਨਮੁਖ ਵਧ ਤੋਂ ਵਧ ਪੈਸਾ ਕਮਾਉਣ ਵਾਸਤੇ ਧਾਈ ਕਰਦਾ ਹੈ। ਇਸ ਵਾਸਤੇ ਰਾਤ ਦਿਨ ਭਜਦਾ ਭਟਕਦਾ ਫਿਰਦਾ ਹੈ। ਇਸ ਕੰਮ ਨੂੰ ਗੁਰਬਾਣੀ ਧੰਧਾ ਕਹਿੰਦੀ ਹੈ। ਗੁਰਬਾਣੀ ਇਸ ਧੰਧੇ ਨੂੰ ਖ਼ਤਮ ਕਰਕੇ ਸਮਾਜ ਦੇ ਕੰਮ ਨੂੰ ਸਤਿਗੁਰੂ ਦੀ ਸੇਵਾ ਬਣਾਉਣਾ ਚਾਹੁੰਦੀ ਹੈ। ਮਾਰਕਸਵਾਦ ਦੇ ਮੁਹਾਵਰੇ ਵਿਚ ਵੀ ਗੱਲ ਸਪੱਸ਼ਟ ਹੈ। ਜਮਾਤੀ ਸਮਾਜ ਵਿਚ ਕੰਮ ਦੀ ਪਰੇਰਨਾ ਪੈਸਾ ਹੈ। ਜਿੰਨਾਂ ਚਿਰ ਕੰਮ ਦੀ ਪਰੇਰਨਾ ਪੈਸਾ ਹੈ, ਹਰ ਕੋਈ ਵਧ ਤੋਂ ਵਧ ਪੈਸਾ ਕਮਾਉਣ ਦੀ ਹੀ ਕਰੇਗਾ। ਮਾਰਕਸਵਾਦ ਦੀ ਬੋਲੀ ਵਿਚ ਇਹ ਮਸਲਾ ਸਮਾਜ ਦੇ ਕੰਮ ਦੀ ਪਰੇਰਨਾ ਬਦਲਣ ਦਾ ਹੈ। ਇਸ ਮਸਲੇ ਬਾਬਤ ਅਸੀਂ ਸੇਧ ਦੇ ਸਫ਼ਿਆਂ ਵਿਚ ਵਿਸਥਾਰ ਨਾਲ ਲਿਖ ਚੁਕੇ ਹਾਂ। ਡਾਕਟਰ ਗਰੇਵਾਲ ਨੂੰ ਜੇ ਇਹ ਪਤਾ ਹੁੰਦਾ ਕਿ ਜੋ ਉਹ ਕਹਿ ਰਿਹਾ ਹੈ ਉਹ ਅਸਲ ਵਿਚ ਕੀ ਮਸਲਾ ਹੈ ਤਾਂ ਉਹ ਸੇਧ ਦੇ ਸਫ਼ੇ ਪੜ੍ਹ ਲੈਂਦਾ ਅਤੇ ਜੋ ਉਸ ਨੇ ਕੱਚ ਮਾਰਿਆ ਹੈ ਉਹ ਨਾ ਮਾਰਦਾ।

ਚੂੰਕਿ ਡਾਕਟਰ ਗਰੇਵਾਲ ਨੂੰ ਇਸ ਮਸਲੇ ਦੇ ਅਸਲੇ ਦਾ ਚਾਨਣਾ ਨਹੀਂ, ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਉਸ ਨੂੰ ਇਸ ਵਿਰਲ ਦੀ ਵੀ ਸਮਝ ਨਹੀਂ ਕਿ ਇਹ ਮਸਲਾ ਇਨਕਲਾਬ ਤੋਂ ਪਹਿਲੋਂ ਦਾ ਹੈ ਜਾਂ ਪਿਛੋਂ ਦਾ। ਜਿੰਨਾਂ ਚਿਰ ਸਮਾਜ ਵਿਚ ਕੰਮ ਦੀ ਪਰੇਰਨਾ ਪੈਸਾ ਹੈ, ਓਨਾਂ ਚਿਰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਅਤੇ ਜਿਸ ਨੂੰ ਡਾਕਟਰ ਗਰੇਵਾਲ 'ਆਮਦਨ ਦੀ ਨਾ ਬਰਾਬਰੀ' ਕਹਿੰਦੇ ਹਨ ਉਹ ਲਾਜ਼ਮੀ ਰਹੇਗੀ। ਜਮਾਤੀ ਸਮਾਜ ਵਿਚ ਉਸ ਦੇ ਵਿਰੁਧ ਇਨਕਲਾਬੀ ਇਨਕਲਾਬ ਦਾ ਕੰਮ ਪੈਸੇ ਤੇ ਪੈਸੇ ਦੀ ਬਣਾਈ ਪੁਜ਼ੀਸ਼ਨ ਵਾਸਤੇ ਨਹੀਂ ਕਰਦਾ। ਇਨਕਲਾਬੀ ਕੰਮ ਨਿਰੋਲ ਸੱਚ ਦੀ ਸੇਵਾ ਵਾਸਤੇ ਕਰਦਾ ਹੈ। ਪਰ ਰੋਜ਼ਗਾਰ ਦਾ ਕੰਮ ਪੈਸੇ ਵਾਸਤੇ ਕਰਦਾ ਹੈ। ਪੈਸੇ ਵਾਸਤੇ ਕਰਨ ਤੋਂ ਬਗ਼ੈਰ ਹੋਰ ਕੋਈ ਚਾਰਾ ਹੀ ਨਹੀਂ ਹੁੰਦਾ। ਪੈਸੇ ਵਾਸਤੇ ਰੋਜ਼ਗਾਰ ਦਾ ਕੰਮ ਕਰਨਾ ਉਦੋਂ ਹੀ ਖ਼ਤਮ ਹੋ ਸਕਦਾ ਹੈ ਜਦੋਂ ਜ਼ਿੰਦਗੀ ਦੇ ਵਸੀਲੇ ਮਨੁਖੀ ਲੋੜਾਂ ਅਨੁਸਾਰ ਪੈਸੇ ਤੋਂ ਬਗ਼ੈਰ, ਮਤਲਬ ਮੁਫ਼ਤ ਮਿਲਣ। ਇਹ ਜਮਾਤੀ ਸਮਾਜ ਵਿਚ ਮੁਮਕਿਨ ਹੋ ਹੀ ਨਹੀਂ ਸਕਦਾ। ਜਮਾਤੀ ਸਮਾਜ ਵਿਚ ਪੈਦਾਵਾਰ ਦੇ ਵਸੀਲੇ ਹਾਕਮ ਜਮਾਤਾਂ ਦੀ ਮਲਕੀਅਤ ਹੁੰਦੇ ਹਨ। ਉਸ ਮਲਕੀਅਤ ਰਾਹੀਂ ਹਾਕਮ ਜਮਾਤਾਂ ਸਮਾਜ ਦੇ ਮਿਹਨਤਕਸ਼ ਤਬਕੇ ਦਾ ਲਹੂ ਚੂਸਦੀਆਂ ਹਨ। ਜੇ ਮਿਹਨਤਕਸ਼ ਤਬਕਾ ਉਨ੍ਹਾਂ ਦਾ ਕਰਾਇਆ ਰੋਜ਼ਗਾਰ ਦਾ ਕੰਮ ਮੁਫ਼ਤ ਕਰਨ ਲਗ ਜਾਵੇ ਤਾਂ ਉਹ ਜੀਊਂਦਾ ਕਾਹਦੇ ਆਸਰੇ ਰਹੇ। ਇਸ ਵਾਸਤੇ ਹੀ ਮਾਰਕਸਵਾਦ ਟਰੇਡ ਯੂਨੀਅਨੀ ਜਦੋ-ਜਹਿਦ ਰਾਹੀਂ ਪੱਬਾਂ ਤਕ ਜ਼ੋਰ ਲਗਾ ਕੇ ਮਿਹਨਤਕਸ਼ ਤਬਕੇ ਨੂੰ ਵਧ ਤੋਂ ਵਧ ਇਵਜ਼ਾਨਾ ਲੈਣ ਵਾਸਤੇ ਲੜਾਉਂਦਾ ਹੈ। ਅਤੇ ਠੀਕ ਕਰਦਾ ਹੈ। ਜਮਾਤੀ ਸਮਾਜ ਦੇ ਅਨੁਸਾਰੀ ਢਲਿਆ ਬੰਦਾ ਵੀ ਆਪਣੇ ਰੋਜ਼ਗਾਰ ਦਾ ਕੰਮ ਵਧ ਤੋਂ ਵਧ ਪੈਸੇ ਵਾਸਤੇ ਕਰਦਾ ਹੈ, ਅਤੇ ਇਨਕਲਾਬੀ ਵੀ ਇਸ ਕੰਮ ਵਿਚੋਂ ਟਰੇਡ ਯੂਨੀਅਨੀ ਜਦੋ-ਜਹਿਦ ਕਰਕੇ ਵਧ ਤੋਂ ਵਧ ਇਵਜ਼ਾਨਾ ਲੈਣਾ ਚਾਹੁੰਦਾ ਹੈ। ਪਰ ਦੋਹਾਂ ਧਿਰਾਂ ਦਾ ਆਪਸ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਜਮਾਤੀ ਸਮਾਜ ਦੇ ਅਨੁਸਾਰੀ ਢਲੇ ਮਨੁਖ ਦਾ ਨਜ਼ਰੀਆ, ਜ਼ਿੰਦਗੀ ਦਾ ਮਨੋਰਥ ਹੀ ਵਧ ਤੋਂ ਵਧ ਪੈਸਾ ਕਮਾਉਣਾ ਹੁੰਦਾ ਹੈ। ਉਹ ਮਾਇਆ ਦੇ ਬੰਧਨ ਵਿਚ ਹੁੰਦਾ ਹੈ। ਇਕਾਨੋਮਿਜ਼ਮ ਦਾ ਸ਼ਿਕਾਰ ਹੁੰਦਾ

ਹੈ । ਜਿਸ ਨੇ ਇਨਕਲਾਬੀ ਚੇਤਨਤਾ ਵਰ ਲਈ ਹੁੰਦੀ ਹੈ ਉਸ ਦੀ ਪੁਜ਼ੀਸ਼ਨ ਡਾਇਲੈਕਟਿਕ ਹੋ ਜਾਂਦੀ ਹੈ । ਉਹ ਟਰੇਡ ਯੂਨੀਅਨੀ ਜਦੋ-ਜਹਿਦ ਰਾਹੀਂ ਇਵਜ਼ਾਨਾ ਤਾਂ ਵਧ ਤੋਂ ਵਧ ਲੈਣ ਦੀ ਹਰ ਮੁਮਕਿਨ ਕੋਸ਼ਿਸ਼ ਕਰਦਾ ਹੈ ਪਰ ਚੂੰਕਿ ਉਸ ਨੇ ਇਨਕਲਾਬੀ ਚੇਤਨਤਾ ਵਰ ਲਈ ਹੁੰਦੀ ਹੈ, ਉਹ ਦਿਲੋਂ ਦਿਮਾਗ਼ੋਂ, ਕਲਚਰਲ ਤੌਰ 'ਤੇ, ਆਚਰਨੋਂ ਮਾਇਆ ਦੇ ਬੰਧਨ ਵਿਚੋਂ ਨਿਕਲ ਚੁਕਾ ਹੁੰਦਾ ਹੈ । ਇਕਾਨੌਮਿਜ਼ਮ ਦੇ ਦਾਇਰੇ ਤੋਂ ਬਾਹਰ ਹੋ ਚੁਕਾ ਹੁੰਦਾ ਹੈ । ਉਹ ਜਮਾਤੀ ਸਮਾਜ ਦੀ, ਮਾਇਆ ਦੇ ਨਿਜ਼ਾਮ ਦੀ ਅਸਲੀਅਤ ਤਹਿ ਤਕ ਦਿਲੋਂ ਦਿਮਾਗ਼ੋਂ ਸਮਝ ਚੁਕਾ ਹੁੰਦਾ ਹੈ । ਉਸ ਨੇ ਖ਼ਤਮ ਕਰਨ ਦਾ ਰਾਹ ਉਸ ਨੂੰ ਦਿਸ ਹੀ ਨਹੀਂ ਪਿਆ ਹੁੰਦਾ, ਉਸ ਨੂੰ ਖ਼ਤਮ ਕਰਨ ਦੇ ਰਾਹੇ ਉਹ ਅਮਲੀ ਤੌਰ 'ਤੇ ਪੈ ਚੁਕਾ ਹੁੰਦਾ ਹੈ । ਉਸ ਦੀ ਜ਼ਿੰਦਗੀ ਦਾ ਮਨੋਰਥ ਪੈਸਾ ਨਹੀਂ ਹੁੰਦਾ । ਉਸ ਦਾ ਨਜ਼ਰੀਆ, ਉਸ ਦਾ ਜ਼ਿੰਦਗੀ ਦਾ ਮਨੋਰਥ ਜਮਾਤ-ਰਹਿਤ ਸਮਾਜ, ਕਮਿਊਨਿਸਟ ਸਮਾਜ ਉਸਾਰਨਾ ਹੁੰਦਾ ਹੈ । ਇਸ ਦੀ ਸਥਾਪਤੀ ਵਾਸਤੇ ਹੀ ਸਵਾਸ ਸਵਾਸ ਉਹ ਸੋਚਦਾ ਹੈ । ਉਸ ਦੇ ਰੋਮ ਰੋਮ ਇਹ ਰਚਿਆ ਹੁੰਦਾ ਹੈ । ਰੋਜ਼ਗਾਰ ਦਾ ਕੰਮ ਕਰਦੇ ਦਾ ਵੀ ਉਸ ਦਾ ਹੱਥ ਕਾਰ ਵਲ, ਦਿਲ ਯਾਰ ਵਲ ਹੁੰਦਾ ਹੈ । ਸਹੀ ਅਰਥਾਂ ਵਿਚ ਉਹ 'ਅੰਜਨ ਮਾਹਿ ਨਰੰਜਨ' ਹੁੰਦਾ ਹੈ । ਇਸ ਵਾਸਤੇ ਹੀ ਮਾਰਕਸਵਾਦ ਟਰੇਡ ਯੂਨੀਅਨੀ ਜਦੋ-ਜਹਿਦ ਨੂੰ ਇਵਜ਼ਾਨੇ ਦੀ ਰਾਖੀ ਜਾਂ ਉਸ ਦੇ ਵਾਧੇ ਤਕ ਹੀ ਮਹਿਦੂਦ ਨਹੀਂ ਕਰਦਾ । ਇਸ ਜਦੋ-ਜਹਿਦ ਨੂੰ ਵਿਚਾਰਧਾਰਕ ਤੇ ਸਿਆਸੀ ਜਮਾਤੀ ਜਦੋ-ਜਹਿਦ ਦੀ ਤਿਆਰੀ ਦਾ ਖੇਤਰ ਬਣਾਉਂਦਾ ਹੈ । ਡਾਕਟਰ ਗਰੇਵਾਲ ਨੂੰ ਇਸ ਨੁਕਤੇ ਬਾਬਤ ਇਨਕਲਾਬੀ ਦੀ ਡਾਇਲੈਕਟਿਕ ਪੁਜ਼ੀਸ਼ਨ ਦੀ ਕੋਈ ਸਾਰ ਨਹੀਂ । ਉਸ ਨੂੰ ਇਸ ਤੱਥ ਦਾ ਅਹਿਸਾਸ ਹੀ ਨਹੀਂ ਕਿ ਜਮਾਤੀ ਸਮਾਜ ਵਿਚ ਸਮਾਜ ਦੇ ਮਿਹਨਤਕਸ਼ ਤਬਕੇ ਨੇ ਆਪਣੀ ਹੱਡ ਭੰਨ ਕੀਤੀ ਮੁਸ਼ੱਕਤ ਦਾ ਇਵਜ਼ਾਨਾ ਹਾਕਮ ਜਮਾਤਾਂ ਕੋਲੋਂ ਲੈਣਾ ਹੁੰਦਾ ਹੈ । ਹੋਈ ਪੈਦਾਵਾਰ ਦੀ ਵੰਡ ਬਾਬਤ ਉਸ ਦੀ ਰੱਸਾ-ਕਸ਼ੀ ਹਾਕਮ ਜਮਾਤਾਂ ਨਾਲ ਹੁੰਦੀ ਹੈ । ਹਾਕਮ ਜਮਾਤਾਂ ਅਗੇ ਵਿਛੇ ਰਹਿਣ ਦੀ ਥਾਂ ਵਧ ਤੋਂ ਵਧ ਇਵਜ਼ਾਨੇ ਵਾਸਤੇ ਤਨਕੇ ਜਥੇਬੰਦ ਹੋ ਕੇ ਜਦੋ-ਜਹਿਦ ਕਰਨਾ ਉਸ ਦਾ ਅਗੇਰੇ ਕਦਮ ਹੁੰਦਾ ਹੈ । ਆਪਣੀ ਆਜ਼ਾਦੀ ਵਲ ਨੂੰ ਪਹਿਲਾ ਕਦਮ ਹੁੰਦਾ ਹੈ । ਮਾਰਕਸਵਾਦੀ ਮੁਹਾਵਰੇ ਵਿਚ, ਡਾਕਟਰ ਗਰੇਵਾਲ ਨੂੰ ਆਰਥਕ ਜਮਾਤੀ ਜਦੋ-ਜਹਿਦ ਦੇ ਰੋਲ ਦਾ ਕੋਈ ਚਿਤ ਚੇਤਾ ਹੀ ਨਹੀਂ । ਇਨਕਲਾਬ ਦੀਆਂ ਬੁਨਿਆਦੀ ਜਮਾਤਾਂ ਤੋਂ ਇਲਾਵਾ ਹੋਰਨਾਂ ਜਮਾਤਾਂ ਦੇ ਲਹਿਰ ਦੇ ਹਮਦਰਦਾਂ ਬਾਬਤ ਵੀ ਉਨ੍ਹਾਂ ਨੇ ਬਗ਼ੈਰ ਸੋਚੇ ਸਮਝੇ ਅਲੂੜਾਂ ਵਾਲੀ ਸਤੱਈ ਪੁਜ਼ੀਸ਼ਨ ਲੈ ਲਈ ਹੈ ਕਿ ਜਮਾਤੀ ਸਮਾਜ ਵਿਚ ਜੋ ਲਹਿਰ ਆਪਣੇ ਪੈਰੋਕਾਰਾਂ ਤੇ ਹਮਦਰਦਾਂ ਨੂੰ ਵਧ ਤੋਂ ਵਧ ਪੈਸਾ ਕਮਾਉਣ ਦੀ ਖੁਲ੍ਹ ਦੇਂਦੀ ਹੈ ਉਹ ਲਹਿਰ ਇਨਕਲਾਬੀ ਹੋ ਹੀ ਨਹੀਂ ਸਕਦੀ, ਬਗ਼ੈਰ ਇਸ ਤੱਥ ਨੂੰ ਮੁਖ ਰਖਦਿਆਂ ਕਿ ਕਮਾਇਆ ਪੈਸਾ ਲਹਿਰ ਵਾਲੇ ਖ਼ਰਚ ਕਿਥੇ, ਕਿਸ ਵਾਸਤੇ, ਕਿੰਨ੍ਹਾਂ ਮਨੋਰਥਾਂ ਦੇ ਅਧੀਨ, ਕਿੰਨ੍ਹਾਂ ਨਿਸ਼ਾਨਿਆਂ ਦੀ ਪੂਰਤੀ ਵਾਸਤੇ ਕਰਦੇ ਹਨ । (ਚਲਦਾ)

---

**ਨੋਟ** : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮਨਜ਼ੂਰ

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ । ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ ।



## ਆਰਥਕਤਾ

ਕਰਮ ਸਿੰਘ

## ਇਕ ਵਾਰ ਫਿਰ

ਇਕ ਵਾਰ ਫਿਰ । ਅਸੀਂ ਹਮਾਤੜ ਤੁਮਾਤੜ ਹਾਂ । ਸਾਨੂੰ ਜਨ-ਸਾਧਾਰਨ ਕਿਹਾ ਜਾਂਦਾ ਹੈ । ਅਸੀਂ ਆਪਣੇ ਸਿਆਣਿਆਂ ਨੂੰ, ਅਰਥ-ਵਿਗਿਆਨੀਆਂ ਨੂੰ ਫਿਰ ਇਕ ਵਾਰ ਅਪੀਲ ਕਰਦੇ ਹਾਂ ਕਿ ਉਹ ਸਾਨੂੰ ਸੌਖੀ ਜ਼ਬਾਨ ਵਿਚ, ਸਿੱਧੇ ਸਾਦੇ ਅੰਕੜਿਆਂ ਨਾਲ, ਸਪਸ਼ਟ ਕਰਕੇ ਗੱਲ ਸਮਝਾਉਣ । ਸਾਰੇ ਮਸਲੇ ਦੀ ਚੀਰ-ਫਾੜ ਇਸ ਤਰ੍ਹਾਂ ਹੋਵੇ ਜਿਸ ਨਾਲ ਗੱਲ ਸਾਡੇ ਪੱਲੇ ਪਵੇ । ਸਾਨੂੰ ਖੋਲ੍ਹ ਕੇ ਸਮਝਾਇਆ ਜਾਵੇ ਕਿ ਬੰਦੇ ਦਾ ਅਤੇ ਵਸਤਾਂ ਪਦਾਰਥਾਂ ਦਾ ਆਪੋ ਵਿਚ ਸਹੀ ਰਿਸ਼ਤਾ ਕੀ ਹੈ ।

ਜੋ ਚਲ ਰਿਹਾ ਹੈ — ਸਾਡੇ ਅਰਥ-ਵਿਗਿਆਨੀ ਤੇ ਲੇਖਕ ਉਸ ਉਤੇ ਹੀ ਮਾੜਾ ਮੋਟਾ ਪੋਚਾ ਗਾਰਾ ਥਪ ਕੇ ਸਾਨੂੰ ਕਦੀ ਕੁਝ ਤੇ ਕਦੀ ਕੁਝ ਦਸਣ ਲਗ ਪੈਂਦੇ ਹਨ । ਸਾਡੀ ਉਸ ਨਾਲ ਤਸੱਲੀ ਨਹੀਂ ਹੁੰਦੀ । ਸਾਡੇ ਗਿਆਨ ਵਿਚ ਉਸ ਨਾਲ ਕੋਈ ਵਾਧਾ ਨਹੀਂ ਹੁੰਦਾ ।

ਇਹ ਸਾਡਾ ਸਮਾਜਕ-ਆਰਥਕ ਪ੍ਰਬੰਧ ਜਿਵੇਂ ਚਲ ਰਿਹਾ ਹੈ — ਅਸੀਂ ਇਸ ਤੋਂ ਪੋਟੇ ਪੋਟੇ ਦੁਖੀ ਹਾਂ । ਅਸੀਂ ਖਿਝਦੇ ਹਾਂ...ਆਪੋ ਵਿਚ ਲੜਦੇ ਹਾਂ, ਅੰਦਰ ਹੀ ਅੰਦਰ ਕੁੜ੍ਹਦੇ ਹਾਂ । ਸਾਨੂੰ ਇਸ ਚਕਰ ਦੀ ਪੂਰੀ ਸਮਝ ਨਹੀਂ ਪੈਂਦੀ । ਨਾ ਹੀ ਇਸ ਚਕਰ ਵਿਚੋਂ ਨਿਕਲਣ ਦਾ ਕੋਈ ਰਾਹ ਹੀ ਸਾਨੂੰ ਦਿਸਦਾ ਹੈ ।

ਅਸੀਂ ਦੁਨੀਆਂ ਤੋਂ ਉਚਾਟ ਨਹੀਂ ਹੋਣਾ ਚਾਹੁੰਦੇ, ਨਾ ਹੀ ਸੰਸਾਰਕ ਪਦਾਰਥਾਂ ਨੂੰ ਲਾਂਭੇ ਸੁਟ ਕੇ ਸਾਧ ਹੋਣਾ ਚਾਹੁੰਦੇ ਹਾਂ । ਪਰ ਜਿਸ ਤਰ੍ਹਾਂ ਦੀ ਫਾਹੀ ਹੁਣ, ਐਸ ਵੇਲੇ, ਸਾਡੇ ਗਲ ਵਿਚ ਇਹਨਾਂ ਵਸਤਾਂ ਪਦਾ-ਰਥਾਂ ਦੀ ਚੇਟਕ ਦੀ ਪਈ ਹੋਈ ਹੈ, ਇਸ ਤੋਂ ਅਸੀਂ ਜ਼ਰੂਰ ਛੁਟਕਾਰਾ ਹਾਸਿਲ ਕਰਨਾ ਚਾਹੁੰਦੇ ਹਾਂ ।

ਜਿਉਂ ਅਸੀਂ ਜੰਮਦੇ ਹਾਂ, ਜੋ ਸਿਖਿਆ ਸਾਨੂੰ ਮੁਢ ਤੋਂ ਹੀ ਮਿਲਣੀ ਸ਼ੁਰੂ ਹੁੰਦੀ ਹੈ, ਜਿਹੜੀ ਤਾਲੀਮ (ਜੇ ਸਾਡੀ ਕਿਸਮਤ ਵਿਚ ਹੋਵੇ !) ਸਾਨੂੰ ਦਿਤੀ ਜਾਂਦੀ ਹੈ...ਇਹ ਸਭ ਕੁਝ ਅਤੇ ਆਸ ਪਾਸ ਦਾ ਸਾਰਾ ਮਾਹੌਲ ਸਾਨੂੰ ਇਸ ਸ਼ਕੰਜੇ ਵਿਚ ਸ਼ੁਰੂ ਤੋਂ ਹੀ ਜਕੜ ਲੈਂਦਾ ਹੈ...ਤੇ ਫਿਰ ਇਹ ਸ਼ਕੰਜਾ ਹੋਰ ਵੀ ਕੱਸੀਦਾ ਜਾਂਦਾ ਹੈ । ਹੇ ਬੰਦੇ, ਤੂੰ ਇਸ ਸੰਸਾਰ 'ਤੇ ਆਇਆ ਹੈਂ । ਤੇਰਾ ਪਰਮ ਧਰਮ ਵਸਤਾਂ ਇਕੱਠੀਆਂ ਕਰਨਾ ਅਤੇ ਉਹਨਾਂ ਨੂੰ ਆਪਣੇ ਕਾਬੂ ਵਿਚ ਰਖਣਾ ਹੈ । ਇਹੀ ਕੰਮ ਤੂੰ ਸਾਰੀ ਉਮਰ ਕਰਨਾ ਹੈ । ਇਹੀ ਤੇਰਾ ਫਰਜ਼ ਹੈ ਅਤੇ ਏਸੇ ਵਿਚ ਹੀ ਤੇਰਾ ਕਲਿਆਣ ਹੈ । ਹੇ ਬੰਦੇ, ਤੇਰਾ ਸਾਰਾ ਜਤਨ ਇਹ ਹੋਣਾ ਚਾਹੀਦਾ ਹੈ ਕਿ ਤੂੰ ਦੂਜਿਆਂ ਨਾਲੋਂ ਬਹੁਤੇ ਪਦਾਰਥਾਂ ਤੇ ਵਸਤਾਂ ਨੂੰ ਹੱਥ ਮਾਰ ਲਵੇ...ਇਹ ਕੰਮ ਆਉਣ ਤੇ ਭਾਵੇਂ ਨਾ ਆਉਣ, ਪਰ ਹੋਣ ਸਦਾ ਤੇਰੇ ਕਬਜ਼ੇ ਹੇਠ । ਇਹ ਵੀ ਸਦਾ ਧਿਆਨ ਰਖੀਂ ਕਿ ਇਹ ਵਸਤਾਂ, ਪਦਾਰਥ ਕਿਤੇ ਦੂਜਿਆਂ ਦੇ, ਲੋੜਵੰਦਾਂ ਦੇ ਕੰਮ ਨਾ ਆ ਜਾਣ । ਇਹ ਸਭ ਕੁਝ ਤੇਰੇ ਸਦਾ ਹੱਥ ਹੇਠ ਰਵ੍ਹੇ, ਸੰਭਾਲਿਆ ਰਵ੍ਹੇ, ਅਗਾਂਹ ਕਿਤੇ ਦੁਖ ਸੁਖ ਵੇਲੇ, ਤੇਰੇ ਕੰਮ, ਤੇਰੇ ਪ੍ਰਵਾਰ ਦੇ ਕੰਮ, ਤੇਰੇ ਪੁਤਾਂ ਪੋਤਰਿਆਂ ਦੇ ਹੀ ਕੰਮ ਆਵੇ । ਇਹ ਕੁਝ ਕਰਨ ਵਿਚ ਹੀ ਤੇਰੀ ਸਫਲਤਾ ਹੈ, ਸੰਪੂਰਨਤਾ ਹੈ ।

ਸਾਡੇ 'ਚੋਂ ਬਹੁਤੇ ਹਨ ਜਿੰਨ੍ਹਾਂ ਨੂੰ ਢਿੱਡ ਦੇ ਝੁਲਕੇ ਲਈ ਅਤੇ ਸਰੀਰ ਨੂੰ ਢੱਕਣ ਲਈ ਹੀ ਦਿਨ ਰਾਤ ਇਕ ਕਰਨਾ ਪੈਂਦਾ ਹੈ । ਇਹ ਲੋਕ ਬਹੁਤ ਦੁਖੀ ਹਨ । ਇਹ ਫ਼ਸਲ ਉਗਾਉਂਦੇ ਹਨ, ਪਰ ਦਾਣੇ

ਇਹਨਾਂ ਦੀ ਕਿਸਮਤ ਵਿਚ ਨਹੀਂ, ਇਹ ਕਪੜਾ ਉਣਦੇ ਹਨ, ਪਰ ਤਨ ਇਹਨਾਂ ਦੇ ਸਦਾ ਨੰਗੇ ਰਹਿੰਦੇ ਹਨ। ਇਹਨਾਂ ਦੀ ਭੁਖ ਦੀ ਸਮਝ ਆਉਂਦੀ ਹੈ। ਪਰ ਇਹਨਾਂ ਤੋਂ ਉਪਰ ਤੇ ਹੋਰ ਉਪਰ ਉਹਨਾਂ ਤਬਕਿਆਂ ਦੇ ਲੋਕਾਂ ਦੇ (ਜਿੰਨਾਂ ਦਾ ਰੋਟੀ ਕਪੜੇ ਦਾ ਮਸਲਾ ਬਹੁਤ ਹਦ ਤਕ ਹਲ ਹੀ ਹਲ ਹੈ) ਭੁੱਖੜੇ ਤੇ ਹਾਬੜੇਪਣ ਦੀ ਸਾਨੂੰ ਸਮਝ ਨਹੀਂ ਆਉਂਦੀ। ਅਸੀਂ ਉਸ ਬਾਰੇ ਸਮਝਣਾ ਚਾਹੁੰਦੇ ਹਾਂ।

ਪੈਦਾਵਾਰ ਦੇ ਸਾਧਨਾਂ ਦਾ ਮਾਲਕ ਸਮਾਜ ਦਾ ਸਭ ਤੋਂ ਉਪਰਲਾ ਤਬਕਾ ਹੈ। ਜ਼ਮੀਨਾਂ ਉਸ ਦੀਆਂ ਹਨ, ਮਿੱਲਾਂ ਤੇ ਫ਼ੈਕਟਰੀਆਂ ਉਸ ਦੀਆਂ ਹਨ, ਰਾਜ ਪ੍ਰਬੰਧ ਉਸ ਦਾ ਹੈ। ਵਸੋਂ ਨੂੰ, ਸਾਨੂੰ ਹਮਾਤੜਾਂ ਤੁਮਾਤੜਾਂ ਨੂੰ ਇਹ ਤਬਕਾ ਇਹਨਾਂ ਵਸਤਾਂ ਨੂੰ ਖਰੀਦਣ, ਹਾਸਿਲ ਕਰਨ ਦੀ ਚਾਟੇ ਲਾਉਂਦਾ ਹੈ ਤੇ ਇਸ ਚਾਟੇ ਲਾਉਣ ਲਈ ਜਿਸ ਤਰ੍ਹਾਂ ਉਹ ਸਾਡੇ ਦਿਲਾਂ ਦਿਮਾਗਾਂ ਨੂੰ ਸੰਗਲ ਪਾਉਂਦਾ ਹੈ — ਅਸੀਂ ਇਸ ਬਾਰੇ ਸਮਝਣਾ ਚਾਹੁੰਦੇ ਹਾਂ। ਇਸ਼ਤਿਹਾਰਬਾਜ਼ੀ ਨਾਲ, ਤਾਲੀਮ ਦੇ ਪ੍ਰਬੰਧ ਨਾਲ, ਕਈ ਹੋਰ ਗੁਝਿਆਂ ਢੰਗਾਂ ਨਾਲ ਜਿਵੇਂ ਇਹ ਸਮਾਜਕ ਢਾਂਚਾ ਸਾਡੀ ਵਸੋਂ ਦੇ ਮਨਾਂ ਵਿਚ ਵਸਤਾਂ ਹਾਸਿਲ ਕਰਨ ਦੀ ਤਾਂਘ ਉਜਾਗਰ ਕਰਦਾ ਤੇ ਪੱਕੀ ਤਰ੍ਹਾਂ ਦਿਲ 'ਤੇ ਉਲੀਕਦਾ ਹੈ — ਅਸੀਂ ਇਸ ਸਾਰੀ ਠੱਗੀ ਬਾਰੇ ਵਿਸਥਾਰ ਵਿਚ ਜਾਣਨਾ ਚਾਹੁੰਦੇ ਹਾਂ। ਸਿਰਫ਼ ਇਕ ਲੇਖ ਨਾਲ ਗੱਲ ਨਹੀਂ ਬਣਨੀ, ਨਾ ਦਸਾਂ ਲੇਖਾਂ ਨਾਲ। ਇਸ ਸਾਰੀ ਫ਼ਾਹੀ ਦੇ ਇਕ ਇਕ ਪੱਖ ਨੂੰ ਲਵੋ, ਕਈ ਕਈ ਲੇਖਾਂ ਵਿਚ ਇਹਨਾਂ ਪੱਖਾਂ ਨੂੰ ਫਰੋਲੋ, ਵਾਰ ਵਾਰ ਫਰੋਲੋ ਤੇ ਸਾਨੂੰ ਸਮਝਾਉ। ਇਸ ਸਾਰੇ "ਚਕਰ" ਨੂੰ ਫਰੋਲਿਆਂ ਹੀ ਇਸ ਦੀ ਸਮਝ ਆ ਸਕਦੀ ਹੈ। ਇਸ ਦੇ ਸਮਝਣ ਵਿਚ ਹੀ ਨਿਜ਼ਾਤ ਦਾ ਰਾਹ ਹੈ।

ਸਾਡੇ ਦੇਸ਼ ਵਿਚ ਪੈਦਾਵਾਰ ਵਧਾਉਣ ਦੀ ਅਜ ਬੜੀ ਲਾ ਲਾ ਲਾ ਲਾ ਹੋ ਰਹੀ ਹੈ। ਇਸ ਦੇ ਨਾਲ ਹੀ ਬਰਾਮਦ (export) ਵਧਾਣ ਅਤੇ ਬੱਚੇ ਘੱਟ ਜਣਨ ਉਤੇ ਜ਼ੋਰ ਹੈ।

ਪੈਦਾਵਾਰ ਵਧਾਉਣ ਦੀ ਗੱਲ ਤਾਂ ਕੁਝ ਹਦ ਤਕ ਸਾਡੇ ਪੱਲੇ ਪੈਂਦੀ ਹੈ। ਪੈਦਾਵਾਰ ਵਧੇਗੀ, ਤਾਂ ਹੀ, ਵਸੋਂ ਨੂੰ ਢਿੱਡ ਭਰ ਕੇ ਖਾਣ ਜੋਗਾ ਮਿਲੇਗਾ, ਤਨ 'ਤੇ ਪਹਿਣਨ ਲਈ ਕੱਪੜਾ ਜੁੜੇਗਾ, ਰਹਿਣ ਲਈ ਸਿਰ 'ਤੇ ਛੱਤ ਹੋਵੇਗੀ। ਬੰਦੇ ਦੀਆਂ ਹੋਰ ਸੌ ਲੋੜਾਂ ਹੁੰਦੀਆਂ ਨੇ...ਉਹ ਪੂਰੀਆਂ ਹੋਣਗੀਆਂ। ਮਨੁਖੀ ਲੋੜਾਂ ਪੂਰੀਆਂ ਹੋਣਗੀਆਂ, ਤਾਂ ਹੀ ਮਨੁਖ ਮਨੁਖਾਂ ਵਾਲਾ ਜੀਵਨ ਜੀਊ ਸਕੇਗਾ।

ਪਰ ਸੁਆਲ ਉਠਦਾ ਹੈ : ਕਾਹਦੀ ਪੈਦਾਵਾਰ ? ਕਿਸ ਚੀਜ਼ ਦੀ ਪੈਦਾਵਾਰ ? ਵੇਖਣ ਨੂੰ ਇਹ ਸੁਆਲ ਬੜਾ ਸਾਧਾਰਨ ਲਗਦਾ ਹੈ, ਪਰ ਇਸ ਦੇ ਅੰਦਰ ਵੜ ਕੇ ਇਸ ਨੂੰ ਘੋਖਣ ਦੀ ਲੋੜ ਹੈ। ਕੀ ਦੇਸ਼ ਵਿਚ ਜੋ ਪੈਦਾ ਹੋ ਰਿਹਾ ਹੈ, ਜੋ ਕੁਝ ਬਣਾਇਆ ਜਾ ਰਿਹਾ ਹੈ, ਜਾਂ "ਵਿਦਵਾਨਾਂ" ਦੀ ਬੋਲੀ ਵਿਚ ਕਹਿਣਾ ਹੋਵੇ ਜਿਸ ਦਾ ਉਤਪਾਦਨ ਹੋ ਰਿਹਾ ਹੈ, ਉਹ ਵਸੋਂ ਦੀ ਵਰਤੋਂ ਲਈ, ਉਸ ਦੇ ਭਲੇ ਲਈ ਹੀ ਕੀਤਾ ਜਾ ਰਿਹਾ ਹੈ ? ਕੀ ਸਭ ਵਸਤਾਂ ਦੀ ਉਪਜ ਮਨੁਖ ਦੀਆਂ ਮਨੁਖੀ ਲੋੜਾਂ ਪੂਰੀਆਂ ਕਰਨ ਲਈ ਹੀ ਕੀਤੀ ਜਾ ਰਹੀ ਹੈ ? ਜਾਂ ਇਹਨਾਂ ਦੀ ਉਪਜ ਪਿਛੇ ਕੋਈ ਹੋਰ ਚੱਕਰ ਹੈ ? ਕੀ ਕਿੰਨ੍ਹੀ ਸਾਰੀ ਉਪਜ, ਕਿੰਨ੍ਹੀਆਂ ਸਾਰੀਆਂ ਵਸਤਾਂ ਦੀ ਉਪਜ ਮਹਿਜ਼ ਮੁਨਾਫ਼ੇ ਲਈ ਹੀ ਨਹੀਂ ਕੀਤੀ ਜਾ ਰਹੀ ? ਚਾਹੀਦਾ, ਅਣਚਾਹੀਦਾ ਮਾਲ ਮੱਤਾ, ਭੱਸ ਖੇਹ ਕੀ ਵਸੋਂ ਦੀ ਤਰਜ਼ੇ-ਜ਼ਿੰਦਗੀ ਨੂੰ ਵਿਗਾੜਣ, ਗ਼ਲਤ ਰਾਹੇ ਪਾਉਣ ਲਈ ਨਹੀਂ ਉਪਜਾਇਆ ਤੇ ਫਿਰ ਵੇਚਿਆ ਜਾ ਰਿਹਾ ?

ਇਸ ਸਾਰੀ ਠੱਗੀ ਨੂੰ ਛਟਣ ਛਾਣਨ ਦੀ ਲੋੜ ਹੈ। ਇਸ ਦੇ ਨਾਲ ਹੀ ਮਨੁਖੀ ਲੋੜਾਂ ਦੇ ਮਸਲੇ ਨੂੰ ਵੀ ਸਮਝਣ ਸਮਝਾਣ ਦੀ ਜ਼ਰੂਰਤ ਹੈ। ਮਨੁਖੀ ਲੋੜਾਂ ਕੀ ਹੁੰਦੀਆਂ ਹਨ ? ਕਿਹੜੀ ਉਪਜ ਇਹਨਾਂ ਲੋੜਾਂ ਦੀ ਪੂਰਤੀ ਲਈ ਹੁੰਦੀ ਹੈ ? ਕਿਵੇਂ ਮੁਨਾਫ਼ੇ ਦੇ ਸਿੰਗਾਂ 'ਤੇ ਟਿਕਿਆ ਢਾਂਚਾ ਦੇਸ਼ ਦੀ ਵਸੋਂ ਦੇ ਮਨਾਂ ਵਿਚ ਗ਼ੈਰ-ਮਨੁਖੀ ਲੋੜਾਂ ਉਜਾਗਰ ਕਰਦਾ ਹੈ, ਫਿਰ ਉਹਨਾਂ ਦੀ ਪੂਰਤੀ ਕਰਦਾ ਹੈ,



ਇਹਨਾਂ ਲਈ ਹਾਬੜਾਪਣ ਜਗਾਉਂਦਾ ਹੈ ਅਤੇ ਕਿਵੇਂ ਵਸੋਂ ਦੇ ਸੰਘ੍ਹਾਂ ਵਿਚ ਆਪਣੀ ਕੁੰਡੀ ਪੱਕੀ ਤਰ੍ਹਾਂ ਅੜਾਈ ਰਖਦਾ ਹੈ ?

ਸਾਡਾ ਸੁਆਲ ਇਹ ਵੀ ਹੈ ਕਿ ਕੀ ਪੈਦਾਵਾਰ (ਉਪਜ) ਵਧਾਉਣਾ ਹੀ ਆਪਣੇ ਆਪ ਵਿਚ ਕੋਈ ਐਸਾ ਖੁਦਾ ਹੈ ਜਿਸ ਦੀ ਅੰਨ੍ਹੇਵਾਹ ਪ੍ਰਸਤਸ਼ ਕੀਤੀ ਜਾਵੇ। ਪੈਦਾਵਾਰ ਵਧਣੀ ਚਾਹੀਦੀ ਹੈ... ਪਰ ਕਿਹਨਾਂ ਕਿਹਨਾਂ ਵਸਤਾਂ ਦੀ ਪਹਿਲਾਂ ਤੇ ਕਿਹਨਾਂ ਕਿਹਨਾਂ ਦੀ ਬਾਅਦ ਵਿਚ। ਜਿਉਂ ਜਿਉਂ ਦੇਸ਼ ਤਰੱਕੀ ਕਰੇ, ਜਿਉਂ ਜਿਉਂ ਵਸੋਂ ਦੀਆਂ ਮਨੁਖੀ (ਪਦਾਰਥਕ ਤੇ ਰੂਹਾਨੀ) ਲੋੜਾਂ ਵਧਦੀਆਂ ਜਾਣ, ਜਿਉਂ ਜਿਉਂ ਮਨੁਖ ਦੀ ਮਨੁਖਤਾ ਨਾਲੋਂ ਨਾਲ ਉਸਰਦੀ ਜਾਵੇ...ਤਿਉਂ ਤਿਉਂ ਕਿਹਨਾਂ ਕਿਹਨਾਂ ਵਸਤਾਂ ਦੀ ਉਪਜ ਵਧਾਈ ਜਾਵੇ...

ਉਪਜ ਤੋਂ ਪਿਛੋਂ ਪੈਦਾਵਾਰ ਦੀ ਖਪਤ ਦਾ, ਪੈਦਾਵਾਰ ਦੀ ਵੰਡ ਦਾ ਸੁਆਲ ਉਠਦਾ ਹੈ। ਦਰਅਸਲ, ਇਹ ਦੋਵੇਂ ਸੁਆਲ — ਉਪਜ ਤੇ ਖਪਤ ਦੇ — ਇਕੱਠੇ ਹੀ ਉਠਦੇ ਹਨ। ਪੈਦਾਵਾਰ ਦੀ ਵੰਡ ਦੇਸ਼ ਦੀ ਵਸੋਂ ਵਿਚ ਕਿਵੇਂ ਕਰਨੀ ਹੈ ? ਕਿਸ ਕਿਸ ਦੇ ਭਲੇ ਲਈ ਪੈਦਾਵਾਰ ਹੋਣੀ ਹੈ ਤੇ ਕਿਸ ਕਿਸ ਦੇ ਹਿੱਸੇ ਕਿੰਨੀ ਕਿੰਨੀ ਆਉਣੀ ਹੈ ? ਜੇ ਹੋਈ ਪੈਦਾਵਾਰ ਬੰਦੇ ਦੇ ਕੰਮ ਹੀ ਨਹੀਂ ਆਉਣੀ ਤਾਂ ਉਸ ਲਈ ਹੱਡ ਭੰਨਾਉਣ ਦਾ ਕੀ ਲਾਭ ?

ਅਜ ਐਕਸਪੋਰਟ ਵਧਾਉਣ ਬਾਰੇ ਬੜਾ ਢੋਲ-ਢਮਕਾ ਪਿਟਿਆ ਜਾ ਰਿਹਾ ਹੈ। ਹਰ ਜਣਾ ਖਣਾ, ਖ਼ਾਸ ਤੌਰ 'ਤੇ ਸ਼ਹਿਰੀ ਛਟੱਲੀ ਜਿਹਾ ਤਬਕਾ ਇਸ ਐਕਸਪੋਰਟ ਦੇ ਧੰਦੇ ਵਿਚ ਜ਼ੋਰ ਸ਼ੋਰ ਨਾਲ ਲਗਾ ਹੋਇਆ ਹੈ। ਜਿਹਨੂੰ ਪੁਛੋ ਉਹ ਕੁਝ ਨਾ ਕੁਝ ਦੇਸ਼ੋਂ ਬਾਹਰ ਭੇਜ ਰਿਹਾ ਹੈ ਜਾਂ ਭੇਜਣ ਲਈ ਹੱਥ ਪੱਲਾ ਮਾਰ ਰਿਹਾ ਹੈ। ਸਾਡੇ ਇਹ ਛੈਲੇ ਰਾਤੋ ਰਾਤ ਮਾਲ ਐਕਸਪੋਰਟ ਕਰਨ ਦੇ ਮਾਹਿਰ ਬਣ ਗਏ ਹਨ। ਐਕਸਪੋਰਟ ਦੀ ਗੰਗਾ ਵਹਿ ਰਹੀ ਹੈ, ਬੁਕੋ ਬੁੱਕ ਇਹ ਮਾਹਿਰ ਲੱਖਾਂਪਤੀ ਬਣਨ ਦੇ ਚਕਰ ਵਿਚ ਹਨ...ਤੇ ਬਣ ਵੀ ਰਹੇ ਹਨ। ਮਸ਼ੀਨੀ ਜੰਤਰ ਨਾ ਸਹੀ, ਰੈਡੀ ਮੇਡ ਗਾਰਮੈਂਟਸ ਸਹੀ; ਕਾਜੂ ਸੇਬ ਨਾ ਸਹੀ, ਆਲੂ ਗੰਢੇ ਹੀ ਸਹੀ; ਮੂਰਤੀਆਂ ਨਾ ਸਹੀ; ਜੁਤੀਆਂ ਬੂਟ ਹੀ ਸਹੀ...ਅਜ ਬਰਾਮਦ ਦੂਜਾ ਰੱਬ ਬਣ ਗਈ ਹੈ ਤੇ ਇਸ ਦੀ ਪੂਜਾ ਹੋ ਰਹੀ ਹੈ।

ਕਾਜੂ ਤਾਂ ਦੇਸ਼ 'ਚੋਂ ਬਾਹਰ ਜਾਂਦਾ ਹੀ ਸੀ, ਹੁਣ ਏ ਤੇ ਬੀ ਗਰੇਡ ਦਾ ਸਾਰਾ ਕੇਲਾ ਵੀ ਬਦੇਸ਼ਾਂ ਨੂੰ ਜਾ ਰਿਹਾ ਹੈ। ਤੀਸਰੇ ਤੇ ਚੌਥੇ ਦਰਜੇ ਦਾ ਕੇਲਾ ਅਜ ਹਿੰਦੁਸਤਾਨ ਵਿਚ ਦੋ ਤਿੰਨ ਰੁਪੈ ਦਰਜਨ ਵਿਕ ਰਿਹਾ ਹੈ। ਅਸੀਂ ਫਖਰ ਨਾਲ ਕਹਿ ਰਹੇ ਹਾਂ ਕਿ ਹੁਣ ਦੇਸ਼ ਵਿਚੋਂ ਸੇਆਂ, ਅੰਬਾਂ, ਆਲੂਆਂ ਤੇ ਗੰਢਿਆਂ ਦੀ ਵੀ ਬਰਾਮਦ ਹੋਣ ਲਗ ਪਈ ਹੈ। ਜਿਹੜੇ ਦੇਸ਼ ਉਨਤ ਹਨ, ਸੌਖੇ ਹਨ, ਉਹ ਇਹਨਾਂ ਵਸਤਾਂ ਨੂੰ ਖਾ ਪੀ ਆਨੰਦ ਲੈ ਰਹੇ ਹਨ। ਅਸੀਂ ਗਰੀਬ ਦੇਸ਼ ਦੇ ਗਰੀਬ ਵਾਸੀ ਹਾਂ, ਅਸੀਂ ਭੁਖ ਦੇ ਢੋਹਕੇ ਖਾਂਦੇ ਰਹੇ ਹਾਂ; ਹੁਣ ਇਹਨਾਂ ਢੋਹਕਿਆਂ ਦੀ ਸੱਟ ਸਗੋਂ ਅਗੇ ਨਾਲੋਂ ਤੇਜ਼ ਹੋ ਗਈ ਹੈ।

ਸਰਕਾਰ ਦਾ ਜ਼ੋਰ ਵੀ ਬਰਾਮਦ 'ਤੇ ਹੈ। ਬਿਉਪਾਰੀ ਤਬਕਾ, ਜਿਸ ਨੂੰ ਪੈਸਾ ਕਮਾਉਣ ਦਾ ਹਲਕ ਹਰ ਵੇਲੇ ਕੁਦਿਆ ਰਹਿੰਦਾ ਹੈ, ਇਸ ਕੰਮ ਵਿਚ ਤਨਦੇਹੀ ਨਾਲ ਜੁਟ ਪਿਆ ਹੈ। ਕੋਈ ਕਨੈਡਾ ਅਮਰੀਕਾ ਮਾਲ ਭੇਜ ਰਿਹਾ ਹੈ ਤੇ ਕੋਈ ਇੰਗਲੈਂਡ ਫਰਾਂਸ; ਕੋਈ ਰੂਸ ਤੇ ਪੂਰਬੀ ਯੂਰਪ ਦੇ ਦੇਸ਼ਾਂ ਨੂੰ ਤੇ ਕੋਈ ਮਿਸਰ ਤੇ ਅਰਬ ਦੇ ਮੁਲਕਾਂ ਨੂੰ। ਬਿਉਪਾਰੀ ਪੁਤਰ ਇਸ ਕੰਮ ਵਿਚ ਇਉਂ ਤਨੋਂ ਮਨੋਂ ਜੁਟੇ ਹੋਏ ਹਨ ਜਿਵੇਂ ਕਿਤੇ ਕਾਰ ਸੇਵਾ ਕਰ ਰਹੇ ਹੋਣ।

ਦੇਸ਼ ਤੋਂ ਬਾਹਰ ਵਸਤਾਂ, ਮਾਲ ਮੱਤਾ ਉਹੀ ਭੇਜਿਆ ਜਾਂਦਾ ਹੈ ਜਿਸ ਦੀ ਦੇਸ਼ ਦੀ ਵਸੋਂ ਨੂੰ ਲੋੜ ਨਾ ਰਹੀ ਹੋਵੇ। ਮਤਲਬ ਵਸੋਂ ਦੀਆਂ ਲੋੜਾਂ, ਮੋਟੇ ਤੌਰ 'ਤੇ ਜਦ ਪੂਰੀਆਂ ਹੋ ਜਾਣ, ਵਸਤਾਂ

''ਫਾਲਤੂ'' ਹੋ ਜਾਣ ਤੇ ਜਾਂ ਦੂਸਰੇ ਦੇਸ਼ਾਂ ਨੂੰ ਇਹਨਾਂ ਵਸਤਾਂ ਦੀ ਲੋੜ ਹੋਵੇ ਤਾਂ ਹੀ ਇਹ ਵਸਤਾਂ ਦੇਸ਼ੋਂ ਬਾਹਰ ਭੇਜੀਆਂ ਜਾਂਦੀਆਂ ਹਨ । ਜਾਂ ਦੂਜਾ ਕਾਰਨ ਇਹ ਹੁੰਦਾ ਹੈ ਕਿ ਇਕ ਦੇਸ਼ ਨੂੰ ਕੁਝ ਇਕ ਉਹਨਾਂ ਵਸਤਾਂ ਦੀ ਲੋੜ ਹੁੰਦੀ ਹੈ ਜਿਹੜੀਆਂ ਉਸ ਦੇਸ਼ ਵਿਚ ਪੈਦਾ ਨਹੀਂ ਹੁੰਦੀਆਂ, ਪਰ ਦੂਸਰੇ ਵਿਚ ਹੁੰਦੀਆਂ ਹਨ । ਅਜਿਹੀਆਂ ਵਸਤਾਂ ਦੇਸ਼ ਵਟਾਂਦਰੇ ਵਿਚ ਲੈ ਲੈਂਦਾ ਹੈ ।

ਅਸੀਂ ਹਮਾਤੜ ਇਹ ਸਮਝਣਾ ਚਾਹੁੰਦੇ ਹਾਂ ਕਿ ਅਸੀਂ ਇਤਨੀ ਐਕਸਪੋਰਟ ਕਿਉਂ ਕਰ ਰਹੇ ਹਾਂ । ਕੀ ਸਾਡੇ ਕਪੜਾ ਲੱਤਾ ਹੁਣ ਇਤਨਾ ਬਣ ਗਿਆ ਹੈ ਕਿ ਲੋਕਾਂ ਦੇ ਤਨ ਢਕੇ ਗਏ ਹਨ ਤੇ ਹੁਣ ਕਪੜਾ ਫਾਲਤੂ ਹੈ ? ਤਜਾਰਤ ਜਾਂ ਵਟਾਂਦਰੇ ਦਾ ਮਤਲਬ ਤਾਂ ਇਹੀ ਹੁੰਦਾ ਹੈ ਕਿ ਬਾਈ, ਮੇਰੇ ਕਣਕ ਵਾਹਵਾ ਹੋ ਗਈ, ਪਰਵਾਰ ਦੀ ਲੋੜ ਤੋਂ ਵਧ ਆ, ਤੂੰ ਆਹ ਕਣਕ ਲੈ ਲੈ ਤੇ ਮੈਨੂੰ ਕਪਾਹ ਦੇ ਦੇ । ਕਪਾਹ ਸਾਡੇ ਥੋੜੀ ਹੋਈ ਆ । ਘਰ ਕਪਾਹ ਆਵੇਗੀ ਤਾਂ ਹੀ ਜ਼ਨਾਨੀਆਂ ਕਤਣ ਪਿੰਜਣਗੀਆਂ, ਤਾਂ ਹੀ ਖੇਸਾਂ ਦਰੀਆਂ ਦੀ ਲੋੜ ਪੂਰੀ ਹੋਵੇਗੀ । ਸਾਧਾਰਨ ਤਜਾਰਤ ਤਾਂ ਇਹੀ ਹੁੰਦੀ ਹੈ । ਜਾਂ ਫਿਰ ਔਖ ਸੌਖ ਵੇਲੇ ਇੰਜ ਕਰੀਦਾ ਏ । ਬਲਦ, ਸੰਢਾ ਮਰ ਗਿਆ । ਆਪ ਚਾਰ ਦਿਨ ਘਟ ਖਾ ਲਿਆ । ਕਣਕ ਬਚਾ ਲਈ, ਵੇਚੀ ਤੇ ਨਵਾਂ ਬਲਦ ਲੈ ਆਂਦਾ...ਤਾਕਿ ਖੇਤੀ ਦਾ ਕੰਮ ਚਲੇ । ਇਹ ਔਖ ਦੀ ਗੱਲ ਹੁੰਦੀ ਏ । ਪਰ ਆਮ ਤੌਰ 'ਤੇ ਅਸੀਂ ਉਹੀ ਚੀਜ਼ ਵੇਚਦੇ ਹਾਂ, ਉਸੇ ਚੀਜ਼ ਦੀ ਬਰਾਮਦ ਕਰਦੇ ਹਾਂ ਜਿਹੜੀ ਸਾਡੇ ਕੋਲ ਸਾਡੀ ਲੋੜ ਤੋਂ ਵਧ ਹੋਵੇ ।

ਅਸੀਂ ਕਪੜਾ ਲੱਤਾ, ਸੀਤੇ ਵਸਤਰ ਬਰਾਮਦ ਕਰ ਰਹੇ ਹਾਂ, ਪਰ ਸਾਡੀ 60 ਕਰੋੜਾਂ 'ਚੋਂ ਪੰਜਾਹ ਕਰੋੜ ਦੀ ਵਸੋਂ ਹਾੜ੍ਹ ਸਿਆਲ ਚੰਮ ਹੀ ਹੰਢਾ ਰਹੀ ਹੈ ! (ਸ਼ਹਿਰੀ ਵਸੋਂ ਦੀ ਲਿਸ਼ਕ ਪੁਸ਼ਕ ਨੂੰ ਛਡੋ, ਪਿੰਡਾਂ ਵਲ ਆਉ । ਪੰਜਾਬ ਦੀ ਗੱਲ ਵੀ ਛਡੋ, ਰਤਾ ਪੰਜਾਬੋਂ ਬਾਹਰ ਦੂਜੇ ਸੂਬਿਆਂ ਵਲ ਜਾ ਕੇ ਤੇ ਵੇਖੋ) ।

ਅਸੀਂ ਕੇਲੇ, ਫਲ, ਆਲੂ, ਗੰਢੇ ਬਰਾਮਦ ਕਰੀ ਜਾਂਦੇ ਹਾਂ । ਸਾਡੀ ਵਸੋਂ ਦੇ ਢਿੱਡ ਭਰ ਗਏ ਹਨ ? ਦੇਸ਼ ਦੀ ਕਰੋੜਾਂ ਦੀ ਵਸੋਂ ਸੁਕੀ ਰੋਟੀ ਉਤੇ ਲੂਣ ਦੀ ਚੁਟਕੀ ਤੇ ਨਾਲ ਗੰਢਾ...ਇਸ ''ਖੁਰਾਕ'' ਨਾਲ ਜੀਊਣ ਦਾ ਆਸਰਾ ਢੂੰਡ ਰਹੀ ਹੈ ।

ਦੂਰ ਗਰੀਬ ਪਿੰਡਾਂ ਵਿਚ ਕਾਹਨੂੰ ਜਾਣਾ ਹੈ । ਆਪਣੇ ਸ਼ਹਿਰਾਂ ਦੀਆਂ ਠੱਠੀਆਂ ਨੂੰ ਹੀ ਵੇਖੋ । ਇਥੇ ਸ਼ਹਿਰੀ ਵਸੋਂ ਦੀ ਵੱਡੀ ਗਿਣਤੀ ਰਹਿੰਦੀ ਹੈ । ਇਹਨਾਂ ਲੋਕਾਂ ਦੀਆਂ ਕੋਠੜੀਆਂ, ਜੁਲੀ ਪਤਾਣ, ਕਪੜੇ ਲੱਤੇ ਨੂੰ ਵੇਖੋ...ਤੇ ਸੁੰਘੋ...ਪਤਾ ਤਾਂ ਕਰੋ ਇਹਨਾਂ ਦੀ ਕਿਸ ਭਾਅ ਵਿਕ ਰਹੀ ਹੈ ?

ਹੋ ਸਕਦਾ ਹੈ ਅਸੀਂ ਆਪਣਾ ਪੇਟ ਕਟ ਕੇ ਉਹ ਕੁਝ ਦਰਾਮਦ (ਇਮਪੋਰਟ) ਕਰ ਰਹੇ ਹੋਈਏ ਜਿਸ ਦੀ ਸਾਨੂੰ ਸਖ਼ਤ ਲੋੜ ਹੋਵੇ । ਅਸੀਂ ਜਾਣਨਾ ਚਾਹੁੰਦੇ ਹਾਂ ਕਿ ਅਸੀਂ ਕੀ ਦਰਾਮਦ ਕਰ ਰਹੇ ਹਾਂ ? ਜੋ ਬਾਹਰੋਂ ਮੰਗਵਾਇਆ ਜਾ ਰਿਹਾ ਹੈ, ਕੀ ਉਹ ਵਸੋਂ ਦੇ ਹਿੱਤਾਂ ਨੂੰ, ਲੋੜਾਂ ਨੂੰ ਮੁਖ ਰਖ ਕੇ ਮੰਗਵਾਇਆ ਜਾ ਰਿਹਾ ਹੈ ? ਜਾਂ ਹਰ ਤਰ੍ਹਾਂ ਦਾ ਭੱਸ ਖੇਹ, ਲੋੜੀਂਦੀ ਅਣ ਲੋੜੀਂਦਾ ਮਾਲ, ਜਿਸ ਤੋਂ ਅਗਾਂਹ ਮੁਨਾਫ਼ਾ ਕਮਾਉਣ ਦਾ ਸਕੋਪ ਵਧੇਰੇ ਹੋਵੇ, ਮੰਗਵਾਇਆ ਜਾ ਰਿਹਾ ਹੈ ? ਜਾਂ ਅਜਿਹੀਆਂ ਮਸ਼ੀਨਾਂ ਮੰਗਵਾਈਆਂ ਜਾ ਰਹੀਆਂ ਹਨ ਜੋ ਉਪਰਲਿਆਂ ਤਬਕਿਆਂ ਵਾਸਤੇ ਖ਼ਾਸ ਖ਼ਾਸ ਵਸਤਾਂ ਬਣਾਨ ਤਾਕਿ ਉਹਨਾਂ ਦੇ ਸਵੈ ਅਭਿਮਾਨ ਨੂੰ ਪੱਠੇ ਪੈਂਦੇ ਰਹਿਣ ? ਬਾਹਰੋਂ ਅਸੀਂ ਮੰਗਵਾ ਰਹੇ ਹਾਂ ਕੋਕਾ ਕੋਲਾ ਦਾ ਗਾੜ੍ਹ (ਜਿਸ ਵਿਚ ਪਾਣੀ ਪਾ ਕੇ ਇਥੇ ਬਾਟਲਿੰਗ ਕੀਤੀ ਜਾਂਦੀ ਹੈ) ਅਤੇ ਨਾਲ ਹੀ ਕੋਕਾ ਕੋਲਾ ਕਲਚਰ !! ਕਿਉਂਕਿ ਸਾਡਾ ਗੁਜ਼ਾਰਾ ਦੇਸੀ ਸ਼ਰਬਤਾਂ ਅਤੇ ਦੇਸੀ ਕਲਚਰ ਨਾਲ ਨਹੀਂ ਸੀ ਹੁੰਦਾ !! ਬਾਹਰੋਂ ਅਸੀਂ ਮੰਗਾਈ ਹੈ ਨਾਈਲੋਨ ਤੇ ਟੈਰੀਲੀਨ । (ਬਣਾਉਟੀ ਧਾਗੇ) ਦੀ ਤਕਨੀਕੀ ਜਾਣਕਾਰੀ

ਸੋਧ



ਕਿਉਂਕਿ ਸਾਡੇ ਅਮੀਰ ਤਬਕੇ ਦਾ ਕੂਲਾ ਪਿੰਡਾ ਦੇਸੀ ਖੁਰਦਰੇ ਕਪੜੇ ਨਾਲ ਛਿਲਿਆ ਜਾਂਦਾ ਸੀ !! ਤੇ ਹੁਣ ਅਸੀਂ ''ਤਰੱਕੀ'' ਕਰ ਗਏ ਹਾਂ । ਅਸੀਂ 60 ਰੁਪੈ ਤੋਂ ਲੈਕੇ 350 ਰੁਪੈ ਮੀਟਰ ਤਕ ਦਾ ਟੈਰੀਕਾਟ ਬਣਾ ਰਹੇ ਹਾਂ । ਹੁਣ ਸਾਨੂੰ ਇਹ ਫਿਕਰ ਖਾਈ ਜਾ ਰਿਹਾ ਹੈ ਕਿ ਇਹ ਕਪੜਾ ਵੇਚਣਾ ਕਿਥੇ ਹੈ । ਦੇਸ਼ ਦੀ ਗਰੀਬ ਵਸੋਂ ਵਿਚ ਤਾਂ ਇਸ ਕੀਮਤੀ ਕਪੜੇ ਦੀ ਖਪਤ ਹੋ ਨਹੀਂ ਸਕਦੀ, ਹੁਣ ਸਾਨੂੰ ਇਸ ਦੀ ਖਪਤ ਲਈ ਬਾਹਰ ਮੰਡੀਆਂ ਦੀ ਢੂੰਡ ਕਰਨੀ ਪੈ ਰਹੀ ਹੈ । ਬਾਹਰੋਂ ਅਸੀਂ ਮੰਗਵਾ ਰਹੇ ਹਾਂ ਅੰਗਰੇਜ਼ੀ ਦੁਆਈਆਂ ਦੇ ਪੇਟੈਂਟ, ਸੁਰਖੀ ਪੌਡਰ (ਕਾਸਮੈਟਿਕਸ) ਦੇ ਪੇਟੈਂਟ, ਅਯਾਸ਼ੀ ਦਾ ਸਾਮਾਨ ਤੇ ਹੋਰ ਕਈ ਕਿਸਮ ਦਾ ਕੁੱਤਖਾਨਾ.. ਅਸੀਂ ਗ਼ਲਤ ਹੋਵਾਂਗੇ, ਪਰ ਅਸੀਂ ਜਾਣਨਾ ਚਾਹੁੰਦੇ ਹਾਂ ਕਿ ਅਸੀਂ ਬਾਹਰੋਂ ਕੀ ਮੰਗਵਾ ਰਹੇ ਹਾਂ, ਕਿਉਂ ਮੰਗਵਾ ਰਹੇ ਹਾਂ, ਕਿੰਨ੍ਹਾਂ ਲੋਕਾਂ ਦੇ ਹਿੱਤ ਲਈ ਮੰਗਵਾ ਰਹੇ ਹਾਂ ।

ਸਿਆਣੇ ਅਰਥ-ਵਿਗਿਆਨੀਆਂ ਸਾਹਮਣੇ, ਸੂਝਵਾਨ ਲੇਖਕਾਂ ਸਾਹਮਣੇ ਸਾਡੀ ਦਰਖਾਸਤ ਹੈ ਕਿ ਉਹ ਉਪਜ, ਖਪਤ, ਵੰਡ ਅਤੇ ਬਰਾਮਦ ਦਰਾਮਦ (ਤਿਜਾਰਤ) ਬਾਰੇ ਲਿਖਣ, ਪਰ ਵਿਚ ਸਾਨੂੰ, ਬੰਤਾ ਸਿੰਘ ਸੰਤਾ ਸਿੰਘ ਨੂੰ ਰਖ ਕੇ ਲਿਖਣ । ਅਸੀਂ ਜਨਸਾਧਾਰਨ ਹਾਂ । ਅਸੀਂ ਵਿਚ ਹਾਂ, ਤਾਂ ਹੀ ਇਹਨਾਂ ਮਸਲਿਆਂ ਨੂੰ ਵਿਚਾਰਣ ਦੀ ਲੋੜ ਹੈ । ਜੇ ਵਿਚ ਮਨੁਖ ਹੀ ਨਹੀਂ. ਤਾਂ ਉਪਜ, ਵੰਡ ਤੇ ਖਪਤ ਦਾ ਭਲਾ ਕੀ ਅਰਥ ? ਤੁਸੀਂ ਵਿਦਵਾਨ ਲੋਕ ਹੋ...ਤੁਹਾਡੇ ਅੰਦਰ ਗਿਆਨ ਦਾ ਪ੍ਰਕਾਸ਼ ਹੈ । ਤੁਸੀਂ ਆਪਣੇ ਦਿਲ ਅੰਦਰ ਮਨੁਖ ਦਾ ਦਰਦ ਭਰੋ, ਜਨਸਾਧਾਰਨ ਲਈ ਤੁਹਾਡੇ ਦਿਲ ਅੰਦਰ ਟੀਸ ਪੈਣੀ ਚਾਹੀਦੀ ਹੈ, ਮਨ ਰੋਣਾ ਚਾਹੀਦਾ ਹੈ, ਖ਼ੂਨ ਦੇ ਅਥਰੂ ਵਹਿਣੇ ਚਾਹੀਦੇ ਹਨ ਤਾਂ ਕਿਤੇ ਜਾ ਕੇ ਤੁਸੀਂ ਮਸਲਿਆਂ ਨੂੰ ਮਨੁਖੀ ਹਿੱਤ ਦੇ ਪਾਸਿਉਂ ਹੱਥ ਪਾ ਸਕੋਗੇ ।

ਸਾਡਾ ਸਾਡੇ ਕੰਮ ਨਾਲ ਕੀ ਰਿਸ਼ਤਾ ਹੈ ? ਇਹ ਰੁਜ਼ਗਾਰ ਕੀ ਚੀਜ਼ **ਹੈ** ? ਇਹ ਕਮਾਈ ਕਰਨਾ ਤੇ ਕਮਾਈ ਖਰਚਣਾ...ਇਸ ਦਾ ਸਾਡੇ ਮਨੁਖੀ ਜੀਵਨ ਨਾਲ ਕੀ ਸਬੰਧ ਹੈ । ਇਹਨਾਂ ਗੱਲਾਂ ਨੂੰ ਫੋਲਣ ਦਾ ਕਸ਼ਟ ਕਰਿਆ ਜੇ ।

ਸਾਨੂੰ ''ਸੁਕੇ ਅੰਕੜਿਆਂ'' ਨਾਲ ਰਜਾਣ ਦੀ ਕੋਸ਼ਿਸ਼ ਨਾ ਕਰੋ । ਨਾ ਹੀ ਟੁਟੇ ਛਿੱਤਰ ਵਰਗੀ ਸ਼ਬਦਾਵਲੀ ਨਾਲ ਸਾਨੂੰ ਕੁਟੀ ਜਾਣ ਦਾ ਜਤਨ ਕਰੋ । ਅਸੀਂ ਅਗੇ ਹੀ ਉਪਰਲੇ ਪੋਚ ਦੇ ਵਿਚਾਰਵਾਨਾਂ ਕੋਲੋਂ ਸਦੀਆਂ-ਬਧੀ ਬੜੀ ਕੁਟ ਖਾਧੀ ਹੈ । ਸਾਨੂੰ ''ਉਤਪਾਦਨ ਪ੍ਰਣਾਲੀ, ਕਿਰਤ ਦਾ ਨਿਰੰਤਰ ਸਮਾਜੀਕਰਨ, ਸਾਧਨਾਂ ਦਾ ਕੇਂਦਰੀਕਰਨ, ਕਿਰਤ ਦੀ ਵਾਧੂ-ਕਦਰ, ਅਸਥਾਈ ਸਰਮਾਇਆ, ਆਦਿਕਾਲੀਨ ਇਕੱਤਰੀਕਰਨ, ਵਪਾਰ ਦਾ ਪ੍ਰਤਿਰੂਪ'' ਆਦਿ ਸ਼ਬਦਾਵਲੀ ਨਾਲ ਡਰਾਉ ਨਹੀਂ । ਨਾ ਹੀ ਕਾਲਿਜ ਦੇ ਪਹਿਲੇ ਸਾਲ ਦੇ ਵਿਦਿਆਰਥੀ ਸਮਝ ਕੇ ਸਾਨੂੰ ਆਪਣੇ ਅਰਥ-ਸ਼ਾਸਤਰ ਦੇ ਮੁਢਲੇ ਅਸੂਲ ਪੜ੍ਹਾਣ ਦਾ ਜਤਨ ਕਰੋ । ਅੰਗਰੇਜ਼ੀ ਵਿਚ ਅਰਥ-ਗਿਆਨ ਦੇ ਬਹੁਤ ਸਾਰੇ ਪਰਚੇ ਹਨ । ਉਹ ''ਅੰਗਰੇਜ਼ੀ ਰਾਜ ਦੀਆਂ ਬਰਕਤਾਂ'' ਵਰਗੇ ਲੇਖ ਲਿਖ ਲਿਖ ਕੇ ਜਾਂ ਸਾਡੇ ਆਪਣੇ ਪੂੰਜੀਪਤੀਆਂ ਦੀ, ਜਾਂ ਬਦੇਸ਼ਾਂ ਦੇ ਸਰਮਾਇਦਾਰਾਂ ਦੀ ਅਤੇ ਜਾਂ ਬਿਉਪਾਰ ਦੇ ਲਾਭਾਂ ਦੀਆਂ ਮਿਸਾਲਾਂ ਦੇ ਦੇ ਕੇ ਕਿਸੇ ਇਕ ਜਾਂ ਦੂਜੇ ਸਮਾਜਵਾਦੀ ਦੇਸ਼ ਦੀ ਦਲੱਾਗੀਰੀ ਕਰਦੇ ਰਹਿੰਦੇ ਹਨ । ਸਾਨੂੰ ਉਹਨਾਂ ਪਰਚਿਆਂ ਦੇ ਲੇਖਾਂ ਦੇ ਪੰਜਾਬੀ ਰੂਪਾਂ ਦੀ ਲੋੜ ਨਹੀਂ ਹੈ ।

ਸਾਨੂੰ ਇਹਨਾਂ ਪਰਚਿਆਂ ਦਾ, ਇਹਨਾਂ ਦੇ ਗਿਆਨ ਦਾ ਕੋਈ ਲਾਭ ਨਹੀਂ । ਅਸੀਂ ਚਾਂਹਦੇ ਹਾਂ ਕਿ ਇਸ ਮੌਜੂਦਾ ਆਰਥਕ ਢਾਂਚੇ ਬਾਰੇ ਗੱਲ ਹੋਵੇ, ਵਿਚ ਸਾਨੂੰ, ਜਨਸਾਧਾਰਨ ਨੂੰ ਰਖ ਕੇ ਗੱਲ ਕੀਤੀ ਜਾਵੇ, ਹਰ ਲੇਖ ਇਸ ਢਾਂਚੇ ਦੇ ਕਿਸੇ ਨੇ ਕਿਸੇ ਪੱਖ 'ਤੇ ਕਰਾਰੀ ਸੱਟ ਹੋਵੇ, ਹਰ ਲੇਖ ਨਾਲ ਸਾਡੇ ਗਿਆਨ ਵਿਚ ਵਾਧਾ ਹੋਵੇ, ਸਾਨੂੰ ਰੋਸ਼ਨੀ ਦੀ ਕਿਰਨ ਦਿਸੇ ।

ਸੋਧ

## ਦਿੱਲੀ : ਪੂਰਤੀ ਦੇ ਸਾਲ ਦੀਆਂ ਸਫ਼ਲਤਾਵਾਂ

**ਕੀਮਤਾਂ ਘੱਟ ਹੋਈਆਂ**--ਕੀਮਤਾਂ ਵਿਚ ਵਾਧਾ ਰੁਕਿਆ; ਮਹਿੰਗਾਈ ਦੀ ਦਰ ਸਿਫ਼ਰ ਤੋਂ ਵੀ ਹੇਠਾਂ ਆ ਗਈ; ਲੜੀਂਦੀਆਂ ਵਸਤੂਆਂ ਦੀ ਵੰਡ ਦੀ ਆਦਰਸ਼ ਪਰਣਾਲੀ ਲਾਗੂ; ਸ਼ਹਿਰੀ ਅਤੇ ਦਿਹਾਤੀ ਖੇਤਰਾਂ 253 ਸਹਿਕਾਰੀ ਸੁਸਾਇਟੀਆਂ ਅਤੇ 21,000 ਉਚਿਤ ਦਰ ਦੀਆਂ ਦੁਕਾਨਾਂ ਰਾਹੀਂ ਸਸਤੇ ਕਪੜੇ ਦੀ ਵਿਕਰੀ ।

**ਬੇਘਰਾਂ ਲਈ ਘਰ : ਬੇਜ਼ਮੀਨਿਆਂ ਲਈ ਜ਼ਮੀਨ**—4136 ਏਕੜ ਵਾਹੀ ਯੋਗ ਜ਼ਮੀਨ ਦੀ 4538 ਹਰੀਜਨਾਂ ਅਤੇ ਗ਼ਰੀਬ ਬੇਜ਼ਮੀਨੇ ਪਰਿਵਾਰਾਂ ਵਿਚ ਵੰਡ; 8000 ਰਹਾਇਸ਼ੀ ਪਲਾਟ ਗ਼ਰੀਬ ਅਤੇ ਬੇਘਰੇ ਹਰੀਜਨਾਂ 'ਚ ਵੰਡੇ ਗਏ; ਹਰੀਜਨਾਂ ਨੂੰ ਮਕਾਨ ਬਣਾਉਣ ਲਈ 10 ਲੱਖ ਰੁ: ਦੀ ਗਰਾਂਟ ।

**ਅਪਰੇਂਟਿਸਸ਼ਿਪ**--3500 ਦੇ ਮਿਥੇ ਟੀਚੇ ਦੀ ਥਾਂ ਤੇ 3525 ਨੌਜੁਆਨਾਂ ਨੂੰ ਵੱਖ ਵੱਖ ਸਨਅਤਾਂ 'ਚ ਅਪਰੈਂਟਿਸੀ ਤੇ ਲਾਇਆ ਗਿਆ ।

**ਸਮਾਜ ਵਿਰੋਧੀਆਂ ਦੇ ਪੈਰ ਉਖੜੇ**--ਬੇਈਮਾਨ ਵਪਾਰੀਆਂ ਵਿਰੁਧ 2259 ਛਾਪੇ; 16 ਕਰੋੜ ਰੁਪੈ ਦੀ ਟੈਕਸ ਚੋਰੀ ਕਰਨ ਵਾਲੇ ਵਪਾਰੀਆਂ ਦਾ ਪਤਾ ਲਾਇਆ ਗਿਆ; ਜਮ੍ਹਾਂਖੋਰਾਂ,ਮੁਨਾਫ਼ੇਖੋਰਾਂ ਆਦਿ ਵਿਰੁਧ 14,000 ਛਾਪੇ ।

**ਵਿਦਿਆਰਥੀਆਂ ਨੂੰ ਰਲੀਫ਼**--853 ਸਕੂਲਾਂ ਵਿਚ ਬੁਕ ਬੈਂਕ, ਪੈਨਸਿਲ, ਕਾਪੀਆਂ ਆਦਿ ਸਸਤੇ ਦਰਾਂ ਤੇ ਹੋਸਟਲਾਂ ਵਿਚ ਸਸਤਾ ਖਾਣਾ; ਸਕੂਲਾਂ ਵਿਚ ਸੁਧਾਰ ਦਾ 12 ਸੂਤਰੀ ਪ੍ਰੋਗਰਾਮ; ਪ੍ਰਾਇਮਰੀ ਸਕੂਲਾਂ ਦੇ ਸਾਰੇ ਵਿਦਿਆਰਥੀਆਂ ਨੂੰ ਮੁਫ਼ਤ ਪਾਠ ਪੁਸਤਕਾਂ; ਗ਼ਰੀਬ ਵਿਦਿਆਰਥੀਆਂ ਨੂੰ ਸਕੂਲੀ ਵਰਦੀਆਂ ਮੁਫ਼ਤ ਦੇਣ ਦੀ ਵਿਉਂਤ ਤੇ 8 ਲੱਖ ਰੁਪਏ ਦਾ ਖ਼ਰਚ ।

**ਉਤਪਾਦਨ ਵਧਿਆ**--600 ਸਨਅਤੀ ਸ਼ੈਡਾਂ ਦੀ ਉਸਾਰੀ; ਛੋਟੇ ਛੋਟੇ ਸਨਅਤਕਾਰਾਂ ਨੂੰ ਸਾਢੇ 3 ਕਰੋੜ ਰੁਪਏ ਦੇ ਕਰਜ਼ੇ; ਸਬਜ਼ੀਯੋਗ ਜ਼ਮੀਨ ਦਾ ਇਲਾਕਾ 16.20 ਹਜ਼ਾਰ ਹੈਕਟੇਅਰ (1972) ਤੋਂ ਵੱਧ ਕੇ (1976) ਵਿਚ 19.72 ਹਜ਼ਾਰ ਹੈਕਟੇਅਰ; ਬਹੁਮੰਤਵੀ ਫ਼ਸਲਾਂ ਦੇ ਖੇਤਰਫਲ ਵਿਚ ਵਾਧਾ; ਛੋਟੇ ਕਿਸਾਨ ਅਤੇ ਮਜ਼ਦੂਰ ਵਿਕਾਸ ਏਜੰਸੀ ਰਾਹੀਂ ਗ਼ਰੀਬ ਕਿਸਾਨਾਂ ਦੀ ਭਰਪੂਰ ਮਦਦ ।

**ਸਾਫ਼ ਸੁੰਦਰ ਦਿੱਲੀ**--ਸ਼ਹਿਰੀ ਖੇਤਰ 'ਚ ਸਾਫ਼ ਸੁਥਰਾ ਵਾਤਾਵਰਣ; ਜਾਮਾ ਮਸਜਿਦ ਖੇਤਰ ਦਾ ਪੁਨਰ-ਵਿਕਾਸ; ਸਬਜ਼ੀ ਮੰਡੀ ਦੀ ਆਜ਼ਾਦਪੁਰ ਵਿਖੇ ਤਬਦੀਲੀ; 200 ਗ਼ੈਰ ਅਧਿਕਾਰਤ ਥਾਂ ਦੀਆਂ ਸਨਅਤਾਂ ਨੂੰ ਪ੍ਰਵਾਨਤ ਖੇਤਰ ਵਿਚ ਲਾਉਣਾ; 50,000 ਪਲਾਟਾਂ ਅਤੇ ਆਮ ਸਹੂਲਤਾਂ ਵਾਲੀਆਂ 20 ਪੁਨਰਵਾਸ ਕਲੋਨੀਆਂ ਦੀ ਸਥਾਪਨਾ; ਗ਼ਰੀਬ ਅਤੇ ਕਮਜ਼ੋਰ ਵਰਗ ਦ ਲੋਕਾਂ ਲਈ ਬਿਹਤਰ ਜੀਵਨ ਅਤੇ ਰੁਜ਼ਗਾਰ ਦੇ ਨਵੇਂ ਅਵਸਰ; ਦਿਲੀ ਨੂੰ ਹਰੀ ਭਰੀ ਬਨਾਉਣ ਲਈ ਵਿਕਾਸ-ਵਿਭਾਗ ਵਲੋਂ ਢਾਈ ਲੱਖ ਅਤੇ ਸਕੂਲਾਂ ਵਲੋਂ ਇਕ ਲੱਖ ਪੌਦੇ ਲਾਏ ਗਏ ।

**ਪਿੰਡਾਂ ਦਾ ਵਿਕਾਸ**--50 ਪਿੰਡਾਂ 'ਚ ਸਫ਼ਾਈ; ਨਸ਼ਾਬੰਦੀ ਤੇ ਪਰਿਵਾਰ ਨਿਯੋਜਨ ਦਾ ਵਿਸ਼ਾਲ ਪਰੋਗਰਾਮ 1976-77 ਦੇ ਪਹਿਲੇ ਤਿੰਨ ਮਹੀਨਿਆਂ 'ਚ ਹੀ ਲਾਗੂ । 1976-77 ਦੇ ਅੰਤ ਤਕ ਦਿਲੀ ਦੇ ਸਭਨਾਂ ਪਿੰਡਾਂ ਵਿਚ ਇਸ ਪਰੋਗਰਾਮ ਦਾ ਵਿਸਥਾਰ ।

**ਦਿੱਲੀ ਪਰਿਵਾਰ ਨਿਯੋਜਨ 'ਚ ਸਭ ਤੋਂ ਅਗੇ**--ਬੱਚੇ ਪੈਦਾ ਕਰਨ ਵਾਲੀ ਉਮਰ ਦੇ 41.3 ਫ਼ੀ ਸਦੀ ਜੋੜਿਆਂ ਵਿਚ ਗਰਭ ਰੋਕੂ ਉਪਾਵਾਂ ਨੂੰ ਪਰਚਲਤ ਕਰਕੇ ਦੇਸ਼ ਭਰ ਵਿਚ ਇਕ ਮਿਸਾਲ ਕਾਇਮ ਕੀਤੀ ਹੈ ਜਦੋਂ ਕਿ ਦੇਸ਼ ਭਰ ਦੀ ਔਸਤ 16 1 ਫ਼ੀ ਸਦੀ ਹੈ ।

ਅਸੀਂ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦੀ ਗਤੀਸ਼ੀਲ ਅਤੇ ਪਰੇਰਣਾਦਾਈ ਅਗਵਾਈ ਹੇਠ ਪ੍ਰਭਾਵਸ਼ਾਲੀ ਤਬਦੀਲੀ ਦੇ ਰਾਹ ਵਲ ਵੱਧ ਰਹੇ ਹਾਂ ।

ਆਓ ! ਅਸੀਂ ਆਪਣੇ ਛੋਟੇ ਛੋਟੇ ਭੇਦਭਾਵਾਂ ਨੂੰ ਭੁਲ ਕੇ ਦੇਸ਼ ਦੀ ਰਾਜਧਾਨੀ -- ਦਿੱਲੀ ਦੀ ਸ਼ਾਨ ਵਧਾਉਣ ਲਈ ਮਿਲਜੁਲ ਕੇ ਕੰਮ ਕਰੀਏ ।

**ਸੂਚਨਾ ਅਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਵਲੋਂ ਪਰਸਾਰਿਤ**



ਨਿਰਮਲ ਆਜ਼ਾਦ

## ਸਰਮਾਏਦਾਰ ਉਤਪਾਦਨ ਪ੍ਰਣਾਲੀ ਬਾਰੇ (2)

ਨਾ ਹੀ ਕੋਈ ਸਮਾਜ ਉਤਪਾਦਨ ਕਰਨੋਂ ਰੁਕ ਸਕਦਾ ਹੈ ਅਤੇ ਨਾ ਹੀ ਖਪਤ ਕਰਨੋਂ । ਇਸ ਲਈ ਹਰ ਸਮਾਜ ਵਿਚ ਉਤਪਾਦਨ ਦੇ ਅਮਲ ਦਾ ਰੂਪ ਭਾਵੇਂ ਕੋਈ ਵੀ ਹੋਵੇ, ਇਹ ਜ਼ਰੂਰ ਇਕ ਲਗਾਤਾਰ ਅਮਲ ਹੁੰਦਾ ਹੈ ਤੇ ਇਵੇਂ ਉਤਪਾਦਨ ਦਾ ਹਰ ਸਮਾਜਕ ਅਮਲ ਉਸੇ ਸਮੇਂ ਪੁਨਰ-ਉਤਪਾਦਨ ਦਾ ਅਮਲ ਵੀ ਹੁੰਦਾ ਹੈ । ਜਿੰਨਾਂ ਚਿਰ ਕੋਈ ਸਮਾਜ ਆਪਣੀਆਂ ਵਸਤਾਂ ਦੇ ਇਕ ਹਿੱਸੇ ਨੂੰ ਉਤਪਾਦਨ ਦੇ ਸਾਧਨਾਂ ਵਿਚ ਲਗਾਤਾਰ ਮੁੜ-ਤਬਦੀਲ ਨਹੀਂ ਕਰਦਾ, ਉਹ ਉਤਪਾਦਨ ਜਾਰੀ ਨਹੀਂ ਰਖ ਸਕਦਾ, ਤੇ ਇਵੇਂ ਪੁਨਰ-ਉਤਪਾਦਨ ਨਹੀਂ ਹੋ ਸਕਦਾ । ਹਰ ਸਮਾਜ ਵਿਚ ਦੌਲਤ ਦਾ ਮੁੜ-ਉਤਪਾਦਨ ਕਰਨ ਲਈ, ਇਸ ਅਮਲ ਨੂੰ ਲਗਾਤਾਰ ਜਾਰੀ ਰਖਣ ਲਈ ਹਰ ਸਾਲ ਦੀ ਪੈਦਾਵਾਰ ਦਾ ਇਕ ਨਿਸ਼ਚਿਤ ਹਿੱਸਾ, ਉਤਪਾਦਨ ਦੇ ਖੇਤਰ ਲਈ ਅਲਗ ਕਰ ਲਿਆ ਜਾਂਦਾ ਹੈ । ਮੁੱਢ ਤੋਂ ਹੀ ਉਤਪਾਦਕ ਖਪਤ ਲਈ ਬਣਿਆ ਇਹ ਹਿੱਸਾ, ਵਧੇਰੇ ਕਰਕੇ, ਅਜੇਹੀਆਂ ਚੀਜ਼ਾਂ ਦੀ ਸ਼ਕਲ ਵਿਚ ਹੁੰਦਾ ਹੈ ਜਿਹੜੀਆਂ ਵਿਅਕਤੀਗਤ ਖਪਤ ਲਈ ਬਿਲਕੁਲ ਅਯੋਗ ਹੋਣ । ਜੇਕਰ ਉਤਪਾਦਨ ਆਪਣੇ ਰੂਪ ਵਿਚ ਸਰਮਾਏਦਾਰੀ ਤਰੀਕੇ ਦਾ ਹੈ ਤਾਂ ਪੁਨਰ-ਉਤਪਾਦਨ ਵੀ ਇਸੇ ਤਰ੍ਹਾਂ ਦਾ ਹੋਵੇਗਾ ।

ਉਤਪਾਦਨ ਦੇ ਅਮਲ ਦੀ ਲਗਾਤਾਰਤਾ, ਅਰਥਾਤ ਸਾਧਾਰਨ ਪੁਨਰ-ਉਤਪਾਦਨ, ਲਾਜ਼ਮੀ ਤੌਰ 'ਤੇ ਛੇਤੀ ਜਾਂ ਦੇਰ ਨਾਲ, ਹਰ ਸਰਮਾਏ ਨੂੰ ਇਕਤਰਿਤ ਕਰਕੇ, ਸਰਮਾਇਆ ਬਣਾਈ ਵਾਧੂ-ਕਦਰ ਵਿਚ ਬਦਲ ਦੇਂਦਾ ਹੈ । ਸ਼ੁਰੂ ਵਿਚ ਚਾਹੇ ਇਹ ਸਰਮਾਇਆ ਇਸ ਦੇ ਮਾਲਕਾਂ ਨੇ ਨਿੱਜੀ ਕਿਰਤ ਰਾਹੀਂ ਹੀ ਕਮਾਇਆ ਹੋਵੇ (ਪਰ ਹੁੰਦਾ ਇਵੇਂ ਕਦੀ ਵੀ ਨਹੀਂ, ਇਹ ਮੁਢਲਾ ਸਰਮਾਇਆ ਵੀ ਉਸ ਸਮੇਂ ਦੇ ਕਿਰਤੀਆਂ ਦੀ ਲੁੱਟ-ਖਸੁੱਟ ਕਰਕੇ ਹੀ ਹਾਸਲ ਕੀਤਾ ਹੁੰਦਾ ਹੈ), ਪਰ ਪੁਨਰ-ਉਤਪਾਦਨ ਦੇ ਲਗਾਤਾਰ ਦੌਰਾਂ ਵਿਚ ਕਿਰਤ-ਸ਼ਕਤੀ ਰਾਹੀਂ ਵਾਧੂ-ਕਦਰ ਦੇ ਪੈਦਾ ਹੋਣ ਅਤੇ ਇਸ ਦੇ ਲਗਾਤਾਰ ਇਕੱਤਰੀਕਰਨ ਹੋਣ 'ਤੇ, ਇਹ ਸਰਮਾਇਆ ਅੰਤ ਵਿਚ ਬਿਨਾਂ ਮੁੱਲ ਤਾਰੇ ਹਥਿਆਈ ਹੋਈ ਕਦਰ ਹੀ ਰਹਿ ਜਾਂਦਾ ਹੈ, ਜਿਸ 'ਤੇ ਸਰਮਾਏਦਾਰ ਦਾ ਕੋਈ ਹਕ ਨਹੀਂ ਬਣਦਾ ਕਿਉਂਕਿ ਇਹ ਸਮੁਚੀ ਸਮਾਜਿਕ ਕਿਰਤ ਦੀ ਕਮਾਈ ਹੁੰਦਾ ਹੈ ।

ਇਥੇ ਹੀ ਬਸ ਨਹੀਂ ਇਕ ਸਰਮਾਏਦਾਰ ਕਿਰਤੀਆਂ ਤੋਂ ਬਿਨਾਂ ਮੁਲ ਤਾਰੇ ਹਥਿਆਈ ਵਾਧੂ-ਕਦਰ ਨਾਲ ਉਹਨਾਂ ਦੀ ਹੀ ਕਿਰਤ-ਸ਼ਕਤੀ ਨੂੰ ਖਰੀਦਦਾ ਹੈ ਅਤੇ ਇਸ ਹਥਿਆਏ ਸਰਮਾਏ ਨੂੰ ਕਿਰਤ ਸ਼ਕਤੀ ਵਿਚ ਬਦਲ ਕੇ, ਸਰਮਾਏਦਾਰ ਆਪਣੇ ਕਬਜ਼ੇ ਹੇਠ ਸਾਰੇ ਸਰਮਾਏ ਦੀ ਕਦਰ ਵਿਚ ਵਾਧਾ ਕਰਦਾ ਹੈ । ਇਵੇਂ ਉਹ ਨਾ ਸਿਰਫ਼ ਦੁਬਾਰਾ ਪੁਨਰ-ਉਤਪਾਦਨ ਰਾਹੀਂ ਆਪਣੇ ਮੁਨਾਫ਼ੇ ਵਿਚ

ਵਾਧਾ ਹੀ ਕਰਦਾ ਹੈ ਸਗੋਂ ਜੋ ਕਿਰਤੀਆਂ ਨੂੰ ਉਹਨਾਂ ਦੇ ਕੰਮ ਬਦਲੇ ਦੇਂਦਾ ਹੈ, ਉਹਨਾਂ ਦੁਆਰਾ ਪੈਦਾ ਕੀਤੀਆਂ ਵਸਤਾਂ ਉਹਨਾਂ ਨੂੰ ਹੀ ਮਹਿੰਗੀ ਕੀਮਤ 'ਤੇ ਵੇਚ ਕੇ, ਉਨ੍ਹਾਂ ਨੂੰ ਮਜ਼ਦੂਰੀ ਦੇ ਰੂਪ ਵਿਚ ਦਿਤੀ ਰਕਮ ਵਾਪਸ ਲੈ ਲੈਂਦਾ ਹੈ। ਉਤਪਾਦਨ ਦੀ ਸਰਮਾਏਦਾਰ ਪ੍ਰਣਾਲੀ ਤਹਿਤ ਇਹ ਚੱਕਰ ਲਗਾਤਾਰ ਚਲਦਾ ਰਹਿੰਦਾ ਹੈ।

ਮੁਦਰਾ ਦਾ ਸਰਮਾਏ ਵਿਚ ਬਦਲਣਾ, ਸਰਮਾਏ ਰਾਹੀਂ ਕਿਰਤੀ ਤੋਂ ਕੰਮ ਲਿਆ ਜਾਣਾ, ਤੇ ਵਾਧੂ-ਕਿਰਤ ਤੋਂ ਵਾਧੂ-ਕਦਰ ਦਾ ਪੈਦਾ ਹੋਣਾ ਅਤੇ ਫਿਰ ਵਾਧੂ-ਕਦਰ ਤੋਂ ਵਧੇਰੇ ਸਰਮਾਏ ਦਾ ਬਣਨਾ — ਇਹ ਸਰਮਾਏਦਾਰ ਉਤਪਾਦਨ ਪ੍ਰਣਾਲੀ ਦਾ ਅਹਿਮ ਤੇ ਬੁਨਿਆਦੀ ਅਮਲ ਹੈ। ਸਰਮਾਏ ਦੇ ਇਸ ਤਰ੍ਹਾਂ ਹੁੰਦੇ ਇਕੱਤਰੀਕਰਨ ਰਾਹੀਂ ਵਾਧੂ-ਕਦਰ ਦਾ ਹੋਣਾ ਜ਼ਰੂਰੀ ਹੈ। ਵਾਧੂ-ਕਦਰ ਲਈ ਸਰਮਾਏਦਾਰ ਉਤਪਾਦਨ ਦਾ ਹੋਣਾ ਜ਼ਰੂਰੀ ਹੈ ਅਤੇ ਸਰਮਾਏਦਾਰ ਉਤਪਾਦਨ ਦੇ ਹੋਂਦ ਵਿਚ ਆਉਣ ਲਈ ਜ਼ਰੂਰੀ ਹੈ ਕਿ ਜਿਨਸ ਦੇ ਉਤਪਾਦਿਕਾਂ ਦੇ ਹੱਥਾਂ ਵਿਚ ਸਰਮਾਇਆ ਅਤੇ ਕਿਰਤ-ਸ਼ਕਤੀ ਬਹੁਤ ਵੱਡੀ ਮਾਤਰਾ ਵਿਚ ਪਹਿਲਾਂ ਹੀ ਮੌਜੂਦ ਹੋਣ। ਅਸਲ ਵਿਚ, ਕੋਈ ਵੀ ਸਰਮਾਏਦਾਰ-ਸਮਾਜ ਲਗਾਤਾਰ ਇਕਤਰੀਕਰਨ ਕੀਤੇ ਤੋਂ ਬਿਨਾਂ ਕਾਇਮ ਨਹੀਂ ਰਹਿ ਸਕਦਾ ਕਿਉਂਕਿ ਬਿਨਾਂ ਅਜਿਹੇ ਇਕਤਰੀਕਰਨ ਦੇ ਇਹ ਪੁਨਰ-ਉਤਪਾਦਨ ਦੇ ਰਾਹ 'ਤੇ ਲਗਾਤਾਰ ਨਹੀਂ ਚਲ ਸਕਦਾ। ਅਜਿਹੇ ਸਮਾਜ ਵਿਚ ਸਰਮਾਏਦਾਰਾਂ ਵਿਚ ਮੁਨਾਫੇ ਲਈ ਚਲਦਾ ਆਪਸੀ-ਮੁਕਾਬਲਾ ਵੀ ਉਨ੍ਹਾਂ ਨੂੰ ਮਜਬੂਰ ਕਰਦਾ ਹੈ ਕਿ ਜਾਂ ਤਾਂ ਉਹ ਦੂਜਿਆਂ ਤੋਂ ਵਧ ਇਕਤਰੀਕਰਨ ਤੇ ਪੁਨਰ-ਉਤਪਾਦਨ ਕਰਨ, ਨਹੀਂ ਤਾਂ ਦੂਜਿਆਂ ਤੋਂ ਉਨ੍ਹਾਂ ਨੂੰ ਪੈਦਾਵਾਰ ਦੇ ਖੇਤਰ ਵਿਚ ਮਾਰ ਖਾਣੀ ਤੇ ਨੁਕਸਾਨ ਉਠਾਉਣਾ ਪੈਂਦਾ ਹੈ। ਇਵੇਂ ਕਿਸੇ ਵੀ ਸਮਾਜ ਵਿਚ ਸਰਮਾਏਦਾਰ ਉਤਪਾਦਨ ਦੇ ਉਤਪਨ ਹੋਣ ਅਤੇ ਇਸ ਦੇ ਵਿਕਾਸ ਤੇ ਫੈਲਾਅ ਦਾ ਵਰਨਣ ਕਰਦੇ ਸਮੇਂ ਇਸ ਲਈ ਹੋਏ ਆਦਿ-ਕਾਲੀਨ ਇਕਤਰੀਕਰਨ ਅਤੇ ਸਰਮਾਏਦਾਰ ਉਤਪਾਦਨ ਦੇ ਦੌਰ ਵਿਚ ਵਾਧੂ-ਕਦਰ ਰਾਹੀਂ ਪੈਦਾ ਹੋਣ ਵਾਲੇ ਇਕਤਰੀਕਰਨ ਦਾ ਜ਼ਿਕਰ ਕਰਨਾ ਜ਼ਰੂਰੀ ਬਣਦਾ ਹੈ।

ਜਿਨਸ 'ਤੇ ਆਧਾਰਤ ਸਰਮਾਏਦਾਰ ਆਰਥਿਕਤਾ ਦੇ ਵਿਕਸਤ ਹੋਣ ਨਾਲ ਖੇਤੀ ਦੇ ਖੇਤਰ ਵਿਚ ਹੋ ਰਿਹਾ ਉਤਪਾਦਨ, ਇਕ ਇਕ ਕਰਕੇ ਸਾਰੀਆਂ ਸਨਅਤਾਂ ਤੋਂ ਅੱਡ ਹੋ ਜਾਂਦਾ ਹੈ। ਇਥੋਂ ਤਕ ਕਿ ਸਰਮਾਏਦਾਰ ਉਤਪਾਦਨ ਲਈ ਖੇਤੀ ਤੇ ਸਨਅਤ ਦੇ ਖੇਤਰਾਂ ਦਾ ਅੱਡ ਅੱਡ ਹੋਣਾ ਲਾਜ਼ਮੀ ਜਿਹਾ ਬਣ ਜਾਂਦਾ ਹੈ।

ਸਰਮਾਏਦਾਰੀ ਦੇ ਆਧਾਰ 'ਤੇ ਉਤਪਾਦਨ ਹੋਣ ਤੋਂ ਪਹਿਲਾਂ ਖੇਤੀ ਆਪਣੇ ਨਿਜੀ, ਛੋਟੇ ਤੇ ਖਿਲਰੇ ਰੂਪ 'ਚ ਛੋਟੇ ਛੋਟੇ ਘਰੇਲੂ ਸਨਅਤੀ ਧੰਦਿਆਂ, ਪਿੰਡਾਂ ਵਿਚ ਰਹਿ ਕੇ ਕੰਮ ਕਰਦੇ ਕਾਰੀਗਰਾਂ / ਦਸਤਕਾਰਾਂ ਦੇ ਉਤਪਾਦਨ ਤੋਂ ਛੋਟੀਆਂ ਸਨਅਤਾਂ ਰਾਹੀਂ ਹੋ ਰਹੇ ਉਤਪਾਦਨ ਨਾਲ ਜੁੜੀ ਹੁੰਦੀ ਹੈ। ਇਸ ਤਰ੍ਹਾਂ ਖੇਤੀ ਵਿਚ ਹੋ ਰਹੀ ਨਿਕ-ਬੁਰਜੂਆ ਪੈਦਾਵਾਰ ਸਨਅਤ ਦੇ ਖੇਤਰ ਦੀ ਨਿਕ-ਬੁਰਜੂਆ ਪੈਦਾਵਾਰ ਨਾਲ ਕੱਚੇ-ਪੱਕੇ ਮਾਲ ਦੇ ਲੈਣ-ਦੇਣ ਅਤੇ ਉਜਰਤੀ-ਕਿਰਤ ਦੇ ਸਬੰਧਾਂ ਆਦਿ ਰਾਹੀਂ ਆਪਣਾ ਸਬੰਧ ਕਾਇਮ ਰਖਦੀ ਹੈ।

ਪਰ ਸਨਅਤ ਤੇ ਖੇਤੀ ਦਾ ਇਹ ਮੁਢਲਾ ਆਪਸੀ ਸਬੰਧ ਸਮਾਜ ਦੀ ਆਰਥਕਤਾ 'ਚ ਸਰਮਾਏ-ਦਾਰ ਉਤਪਾਦਨ ਅਤੇ ਸਰਮਾਏਦਾਰ ਰਿਸ਼ਤਿਆਂ ਦੇ ਵਿਕਸਤ ਹੋਣ ਨਾਲ ਟੁੱਟਦਾ ਹੈ ਅਤੇ ਮੁਕਾਬਲੇ-ਭਰੀ ਮੰਡੀ 'ਚ ਵਟਾਂਦਰੇ 'ਤੇ ਆਧਾਰਤ ਨਵੇਂ ਸਬੰਧਾਂ ਨੂੰ ਜਨਮ ਦੇਂਦਾ ਹੈ। ਸਰਮਾਏਦਾਰੀ ਰਿਸ਼ਤਿਆਂ ਦੀ ਪਕੜ ਵਿਚ ਜਦ ਸਨਅਤ ਤੋਂ ਬਾਅਦ ਖੇਤੀ ਦਾ ਖੇਤਰ ਆਉਣ ਲਗਦਾ ਹੈ ਤਾਂ ਕਿਸਾਨੀ ਦੇ



ਵਿਭੇਦੀਕਰਨ 'ਚ ਵਾਧਾ ਹੋਣ ਨਾਲ ਪੇਂਡੂ ਸਮਾਜ ਵਿਚ ਭਿੰਨਤਾ ਤੇ ਵਿਤਕਰੇ-ਵਖਰੇਵੇਂ ਉਭਰਦੇ ਹਨ। ਇਸ ਨਾਲ ਫਿਰ ਖੇਤੀ ਤੇ ਸਨਅਤ ਦੇ ਖੇਤਰਾਂ ਵਿਚ ਵਖਰੇਵਾਂ ਵਧਦਾ ਤੇ ਪੁਰਾਣੇ ਆਪਸੀ ਸਬੰਧ ਟੁਟ ਕੇ ਨਵਾਂ ਰੂਪ ਧਾਰਦੇ ਹਨ। ਸਨਅਤ ਦੇ ਖੇਤਰ ਵਿਚ ਸਰਮਾਏਦਾਰੀ ਉਤਪਾਦਨ ਲਈ ਵੱਡੇ ਪੈਮਾਨੇ 'ਤੇ ਹੋ ਰਹੀ ਪੈਦਾਵਾਰ ਅਤੇ ਇਸ ਨਾਲ ਸਬੰਧਤ ਪੈਦਾਵਾਰ ਦੀ ਤਕਨੀਕ ਇਸ ਅਮਲ ਨੂੰ ਹੋਰ ਵੀ ਤੇਜ਼ ਕਰ ਦੇਂਦੀ ਹੈ।

ਵੱਡੇ ਪੈਮਾਨੇ 'ਤੇ ਹੋ ਰਹੀ ਸਨਅਤੀ ਪੈਦਾਵਾਰ ਸ਼ਹਿਰੀ ਤੇ ਸਨਅਤੀ ਵਸੋਂ ਦੇ ਰਹਿਣ-ਸਹਿਣ ਅਤੇ ਕੰਮ ਕਰਨ ਦੇ ਢੰਗਾਂ ਨੂੰ ਪਿੰਡਾਂ ਵਿਚ ਰਹਿ ਕੇ ਖੇਤੀ ਦੇ ਖੇਤਰ ਵਿਚ (ਜੋ ਅਜੇ ਵੀ ਨਿੱਕੇ ਪੈਮਾਨੇ ਤੇ ਜ਼ਿਆਦਾ ਤਰ ਖਿਲਰੇ ਰੂਪ ਵਿਚ ਨਿੱਜੀ ਤੌਰ 'ਤੇ ਹੋ ਰਹੀ ਹੁੰਦੀ ਹੈ) ਕੰਮ ਕਰਨ ਵਾਲੀ ਵਸੋਂ ਤੋਂ ਬਿਲਕੁਲ ਨਿਖੇੜ ਦੇਂਦੀ ਹੈ। ਜਿਉਂ ਜਿਉਂ ਸਨਅਤੀ ਖੇਤਰ ਆਪਣੇ ਸਰਮਾਏਦਾਰੀ ਆਧਾਰ ਨੂੰ ਮਜ਼ਬੂਤ ਬਣਾ ਕੇ, ਆਪਣੇ ਵੱਡੇ ਪੈਮਾਨੇ 'ਤੇ ਹੋ ਰਹੇ ਉਤਪਾਦਨ ਦੇ ਘੇਰੇ ਨੂੰ ਵਿਸ਼ਾਲ ਬਣਾਉਂਦਾ ਹੈ, ਇਹ ਵਖਰੇਵਾਂ, ਇਹ ਨਿਖੇੜ ਹੋਰ ਜ਼ਿਆਦਾ ਸਾਫ਼ ਤੇ ਹੋਰ ਜ਼ਿਆਦਾ ਉਘੜ ਕੇ ਸਾਹਮਣੇ ਆਉਂਦਾ ਹੈ।

ਜਦ ਖੇਤੀ ਦੇ ਖੇਤਰ ਵਿਚ ਵੀ ਜਿਨਸ ਪੈਦਾਵਾਰ ਹੋਣ ਨਾਲ ਸਰਮਾਏਦਾਰੀ ਰਿਸ਼ਤਿਆਂ ਦਾ ਫ਼ੈਲਾਅ ਹੋਣਾ ਸ਼ੁਰੂ ਹੁੰਦਾ ਹੈ ਤਾਂ ਪਹਿਲਾਂ ਉਜਰਤੀ-ਕਿਰਤ ਹੀ ਇਸ ਦਾ ਆਧਾਰ ਬਣਦੀ ਹੈ, ਦੂਜੇ ਇਸ ਨਾਲ ਪੇਂਡੂ ਵਸੋਂ ਦੀ ਸਮਾਜਿਕ ਤੇ ਆਰਥਕ ਗਤੀਸ਼ੀਲਤਾ ਵਿਚ ਵਾਧਾ ਹੁੰਦਾ ਹੈ। ਅਤੇ ਤੀਜੇ ਖੇਤੀ ਦੇ ਖੇਤਰ ਵਿਚ ਉਤਪਾਦਨ ਨੂੰ ਮਜ਼ਬੂਤ ਸਰਮਾਏਦਾਰ ਲੀਹਾਂ 'ਤੇ ਪਾਉਣ ਵਾਲੀਆਂ ਨਵੀਆਂ ਨਵੀਆਂ ਤਕਨੀਕਾਂ ਹੋਂਦ ਵਿਚ ਆਉਂਦੀਆਂ ਹਨ। ਇਵੇਂ ਜਦ ਖੇਤੀ ਦੇ ਖੇਤਰ ਵਿਚੋਂ ਹੋਈ ਉਪਜ ਜਿਨਸਾਂ ਦੇ ਰੂਪ ਵਿਚ ਮੁਕਾਬਲੇ 'ਤੇ ਆਧਾਰਤ ਮੰਡੀ ਵਿਚ ਆਉਂਦੀ ਹੈ ਤਾਂ ਸਨਅਤ ਅਤੇ ਖੇਤੀ ਦੇ ਖੇਤਰਾਂ ਦੇ ਆਪਸੀ ਸੰਬੰਧ ਮੰਡੀ ਵਿਚ ਵਟਾਂਦਰੇ 'ਚ ਆਈਆਂ ਇਨ੍ਹਾਂ ਖੇਤਰਾਂ ਵਿਚ ਪੈਦਾ ਹੋਈਆਂ ਜਿਨਸਾਂ ਦੀਆਂ ਕਦਰਾਂ 'ਤੇ ਨਿਰਭਰ ਕਰਦੇ ਹਨ। ਨਿੱਜੀ ਲਾਭ 'ਤੇ ਆਧਾਰਤ ਵਟਾਂਦਰਾ ਮੰਡੀ ਵਿਚ ਜਿਨਸਾਂ ਦੇ ਵਟਾਂਦਰੇ ਰਾਹੀਂ ਜੋ ਨਵੇਂ ਸਬੰਧ ਕਾਇਮ ਹੁੰਦੇ ਹਨ ਉਹ ਸਦਾ ਹੀ ਵਟਾਂਦਰੇ ਦੇ ਪਖੋਂ ਸਾਵੇਂ ਨਹੀਂ ਹੁੰਦੇ, ਸਗੋਂ ਅਕਸਰ ਅਸਾਵੇਂ ਹੁੰਦੇ ਹਨ। ਅਣ-ਸਾਵੇਂ ਸਬੰਧਾਂ ਦਾ ਨਿਰਣਾ ਇਹਨਾਂ ਦੋਹਾਂ ਖੇਤਰਾਂ ਦੀਆਂ ਜਿਨਸਾਂ ਦੇ ਆਪਸੀ-ਵਟਾਂਦਰੇ ਦੀਆਂ ਦਰਾਂ ਰਾਹੀਂ ਹੁੰਦਾ ਹੈ, ਜੋ ਕਿ ਅਕਸਰ ਸਨਅਤੀ ਖੇਤਰ ਦੀ ਪੈਦਾਵਾਰ ਦੇ ਹੱਕ ਵਿਚ ਜਾਂਦੀਆਂ ਹਨ (ਪਰ ਇਹ ਸਦਾ ਹੀ ਹੋਵੇ ਇਹ ਜ਼ਰੂਰੀ ਨਹੀਂ)। ਸ਼ਹਿਰਾਂ ਦਾ (ਸਨਅਤੀ ਪੈਦਾਵਾਰ ਰਾਹੀਂ) ਪੇਂਡੂ ਜੀਵਨ ਦੀ ਆਰਥਿਕਤਾ ਉਪਰ ਭਾਰੂ ਹੋਣ ਦਾ ਕਾਰਨ ਇਹ ਵੀ ਹੈ ਕਿ ਪਿੰਡਾਂ ਤੋਂ ਚੰਗੇ ਮਜ਼ਦੂਰ (ਰੁਜ਼ਗਾਰ ਲਈ) ਤੇ ਚੰਗੀ ਕਮਾਈ (ਖੇਤੀ ਦੇ ਉਤਪਾਦਨ ਦੇ ਰੂਪ ਵਿਚ), ਸਨਅਤੀ ਖੇਤਰ ਵਿਚ ਪੈਦਾ ਕੀਤੀਆਂ ਜਿਨਸਾਂ ਦੇ ਵਟਾਂਦਰੇ 'ਚ, ਮੁਕਾਬਲਤਨ ਜ਼ਿਆਦਾ ਤੇਜ਼ੀ ਨਾਲ, ਸਨਅਤੀ ਖੇਤਰ ਵਲ ਖਿੱਚ ਲਏ ਜਾਂਦੇ ਹਨ। ਇਵੇਂ ਸਰਮਾਏਦਾਰ ਸਮਾਜ ਦੇ ਉਤਪਾਦਨ ਦੇ ਅਮਲ ਵਿਚ ਪੇਂਡੂ ਜੀਵਨ ਸ਼ਹਿਰਾਂ ਦੇ ਮੁਕਾਬਲੇ ਘਟ ਵਿਕਸਤ ਹੀ ਰਹਿੰਦਾ ਹੈ।

ਸਰਮਾਏਦਾਰ ਸਮਾਜ ਵਿਚ, ਪੈਦਾਵਾਰ ਦੇ ਸਰਮਾਏਦਾਰੀ ਰਿਸ਼ਤੇ, ਖੇਤੀ ਦੇ ਖੇਤਰ ਵਿਚ, ਸਨਅਤ ਦੇ ਮੁਕਾਬਲੇ 'ਚ ਜ਼ਿਆਦਾ ਹੌਲੀ ਵਿਕਸਤ ਹੁੰਦੇ ਹਨ। ਇਸ ਦੇ ਕਈ ਕਾਰਨ ਹਨ। ਸਨਅਤੀ ਖੇਤਰ ਦੇ ਮੁਕਾਬਲੇ ਵਿਚ ਖੇਤੀ ਦੇ ਖੇਤਰ ਵਿਚ ਪੈਦਾਵਾਰ ਦੀ ਹਰ ਇਕਾਈ ਬਹੁਤ ਛੋਟੀ ਹੁੰਦੀ ਹੈ ਅਤੇ ਇਸ ਖੇਤਰ ਵਿਚ ਉਤਪਾਦਨ ਅਣਗਿਣਤ ਹੀ ਅਜਿਹੀਆਂ ਪੈਦਾਵਾਰ ਦੀਆਂ

ਛੋਟੀਆਂ ਛੋਟੀਆਂ ਨਿੱਜੀ ਇਕਾਈਆਂ ਰਾਹੀਂ ਹੁੰਦਾ ਹੈ। ਖੇਤੀ ਵਿਚ ਜ਼ਮੀਨ ਦੀ ਛੋਟੀ ਤੇ ਨਿੱਜੀ
ਮਲਕੀਅਤ ਅਤੇ ਇਸ ਮਲਕੀਅਤ ਦੀ ਅਜ਼ਾਰਾਦਾਰੀ ਦਾ ਹੋਣਾ ਵੀ ਇਸ ਖੇਤਰ 'ਚ ਪੈਦਾਵਾਰ ਦੇ
ਸਰਮਾਇਦਾਰੀ ਰਿਸ਼ਤਿਆਂ ਦੇ ਵਿਕਾਸ ਨੂੰ ਰੋਕਦਾ ਹੈ। ਇਸ ਤੋਂ ਇਲਾਵਾ ਖੇਤੀ ਦੇ ਖੇਤਰ ਵਿਚ
ਪੈਦਾਵਾਰ ਦਾ ਕੇਂਦਰੀਕਰਨ ਅਤੇ ਕਿਰਤ ਦਾ ਸਮਾਜੀਕਰਨ ਸਨਅਤੀ ਖੇਤਰ ਦੇ ਮੁਕਾਬਲੇ 'ਚ
ਬਹੁਤ ਪਛੜਿਆ ਹੁੰਦਾ ਹੈ। ਜਿਸਮਾਨੀ-ਕਿਰਤ ਦਾ ਸੌਖੇ ਮਿਲਣਾ ਤੇ ਇਸ ਦੀ ਵਰਤੋਂ ਨੂੰ ਖੇਤੀ
ਦੇ ਖੇਤਰ 'ਚ ਮਿਲਦੀ ਤਰਜੀਹ ਕਰਕੇ ਵੀ ਖੇਤੀ 'ਚ ਕੰਮ ਦੀਆਂ ਨਵੀਆਂ ਨਵੀਆਂ ਤਕਨੀਕਾਂ
(ਜੋ ਅਕਸਰ ਜਿਸਮਾਨੀ ਕਿਰਤ ਦੀ ਬਚਤ ਕਰਦੀਆਂ ਹਨ) ਦਾ ਵਿਕਾਸ ਬਹੁਤ ਤੇਜ਼ੀ ਨਾਲ ਨਹੀਂ
ਹੁੰਦਾ, ਇਵੇਂ ਖੇਤੀ ਦਾ ਮਸ਼ੀਨੀਕਰਨ ਦੇਰ ਨਾਲ ਹੁੰਦਾ ਹੈ। ਇਨ੍ਹਾਂ ਹਾਲਤਾਂ ਵਿਚ ਖੇਤੀ ਦੇ ਖੇਤਰ
'ਚ ਪੈਦਾਵਾਰ ਦੇ ਸਰਮਾਏਦਾਰੀ ਰਿਸ਼ਤਿਆਂ ਦਾ ਵਿਕਾਸ ਸਨਅਤੀ ਖੇਤਰ ਦੇ ਮੁਕਾਬਲੇ, ਜ਼ਿਆਦਾ
ਹੌਲੀ, ਰੋਕ-ਟੋਕ ਨਾਲ ਅਤੇ ਕਈ ਵਾਰ ਕਾਫ਼ੀ ਵਿਗੜਵੇਂ ਰੂਪ ਵਿਚ ਹੀ ਹੁੰਦਾ ਹੈ।

ਹਰ ਸਰਮਾਏਦਾਰ ਦੇਸ਼ ਦਾ ਬਦੇਸ਼ੀ ਵਪਾਰ ਹੁੰਦਾ ਹੈ, ਇਸ ਤੋਂ ਬਿਨਾਂ ਇਸ ਦਾ ਸਰਮਾਏਦਾਰ
ਉਤਪਾਦਨ ਪ੍ਰਣਾਲੀ ਹੇਠ ਹੋਣਾ ਮੰਨਿਆ ਹੀ ਨਹੀਂ ਜਾ ਸਕਦਾ। ਅਜਿਹੇ ਦੇਸ਼ ਦੀ ਬਦੇਸ਼ੀ ਮੰਡੀ
ਦੀ ਲੋੜ ਇਸ ਦੇ ਅੰਦਰੂਨੀ ਉਤਪਾਦਨ ਰਾਹੀਂ ਵਾਧੂ-ਕਦਰ ਦੇ ਪੈਦਾ ਹੋਣ ਕਰਕੇ ਨਹੀਂ ਹੁੰਦੀ,
ਬਲਕਿ ਇਹ ਲੋੜ ਇਸ ਲਈ ਮਹਿਸੂਸ ਹੁੰਦੀ ਹੈ ਕਿ ਸਰਮਾਏਦਾਰੀ ਉਤਪਾਦਨ ਜਿਨਸ-ਪੈਦਾਵਾਰ
ਦੇ ਰੂਪ ਵਿਚ ਹੁੰਦਾ ਹੈ; ਜਿਨਸਾਂ ਦਾ ਪਰਚਲਣ ਲਗਾਤਾਰ ਵਧਦਾ ਤੇ ਫ਼ੈਲਦਾ ਹੈ; ਉਤਪਾਦਨ ਦੇ
ਸਾਰੇ ਖੇਤਰ ਇਕੋ ਪੱਧਰ 'ਤੇ ਵਿਕਸਤ ਨਹੀਂ ਹੁੰਦੇ; ਅਤੇ ਇਹਨਾਂ ਦੀ ਤਰੱਕੀ ਦੀ ਤੋਰ ਵੀ ਵਖ ਵਖ
ਹੁੰਦੀ ਹੈ। ਤਾਂ ਤੇ ਮੁਕਾਬਲਤਨ ਜ਼ਿਆਦਾ ਵਿਕਸਤ ਹੋ ਰਹੇ ਖੇਤਰਾਂ ਦੀ ਜਿਨਸ-ਪੈਦਾਵਾਰ ਦੀ
ਖਪਤ ਲਈ ਬਦੇਸ਼ੀ ਮੰਡੀਆਂ ਦੀ ਜ਼ਰੂਰਤ ਪੈਂਦੀ ਹੈ। ਕਿਉਂਕਿ ਸਰਮਾਏਦਾਰ ਉਤਪਾਦਨ ਪ੍ਰਣਾਲੀ
ਤਹਿਤ ਪੈਦਾਵਾਰ ਵੱਡੇ ਪੈਮਾਨੇ 'ਤੇ ਹੁੰਦੀ ਹੈ, ਤੇ ਇਸ ਦਾ ਬੇਰੋਕ ਵਾਧਾ ਹੁੰਦਾ ਹੈ, ਇਸ ਲਈ
ਪੈਦਾ ਕੀਤੀ ਜਿਨਸ ਨੂੰ ਮੁਲਕ ਦੀਆਂ ਹੱਦਾਂ ਤੋਂ ਬਾਹਰ ਦੀਆਂ ਮੰਡੀਆਂ ਵਿਚ ਵੇਚਣ ਦੀ ਲੋੜ
ਪੈਂਦੀ ਹੈ। ਸਰਮਾਏਦਾਰਾਂ ਦੀ ਵਾਧੂ ਕਦਰ ਲਈ ਮੁਕਾਬਲੇ ਦੀ ਲੋੜ ਵੀ ਉਨ੍ਹਾਂ ਨੂੰ ਮਜ਼ਬੂਰ
ਕਰਦੀ ਹੈ ਕਿ ਉਹ ਆਪਣੇ ਮੁਨਾਫ਼ੇ ਵਧਾਉਣ ਲਈ ਬਦੇਸ਼ੀ ਮੰਡੀਆਂ ਦੀ ਭਾਲ ਕਰਨ। ਜਿਨਸ
ਪੈਦਾਵਾਰ ਦਾ ਪਰਚਲਣ ਅਕਸਰ ਮੁਲਕ ਦੀਆਂ ਹੱਦਾਂ ਤੋਂ ਬਾਹਰ ਵੀ ਲਗਾਤਾਰ ਫ਼ੈਲਦਾ ਹੈ ਤੇ
ਇਵੇਂ ਮੁਲਕ ਦੀ ਸਰਮਾਏਦਾਰ ਪੈਦਾਵਾਰ ਦਾ ਅਧਾਰ ਮਜ਼ਬੂਤ ਕਰਦਾ ਹੈ। ਇਹਨਾਂ ਸਭ ਕਾਰਨਾਂ
ਕਰਕੇ ਜਿਨਸ-ਪੈਦਾਵਾਰ 'ਤੇ ਅਧਾਰਤ ਸਰਮਾਏਦਾਰੀ ਉਤਪਾਦਨ ਲਈ ਬਦੇਸ਼ੀ-ਮੰਡੀਆਂ ਦੀ ਭਾਲ
ਹੁੰਦੀ ਹੈ।

ਸਰਮਾਏਦਾਰ ਦੇਸ਼ ਦੀ ਬਦੇਸ਼ੀ ਮੰਡੀਆਂ ਲਈ ਭਾਲ ਇਸ ਦੇ ਉਤਪਾਦਨ ਦੇ ਢਾਂਚੇ ਦੀ
ਕਿਸੇ ਅੰਦਰੂਨੀ ਕਮਜ਼ੋਰੀ ਕਰਕੇ ਨਹੀਂ ਹੁੰਦੀ ਸਗੋਂ ਇਹ ਲੋੜ ਸਰਮਾਏਦਾਰੀ ਦੇ ਅਗਾਂਹਵਧੂ ਰੋਲ
ਕਰਕੇ ਹੈ। ਬਦੇਸ਼ੀ ਮੰਡੀਆਂ ਦੀ ਭਾਲ ਤੇ ਇਹਨਾਂ ਵਿਚ ਆਪਣੀਆਂ ਜਿਨਸਾਂ ਦੇ ਪਰਚਲਣ ਤੇ
ਵਟਾਂਦਰੇ ਰਾਹੀਂ ਸਰਮਾਏਦਾਰੀ ਉਤਪਾਦਨ ਪ੍ਰਥਾ ਦੇਸ਼ਾਂ ਦੀ ਸਦੀਆਂ ਤੋਂ ਚਲੀ ਆਉਂਦੀ ਦੂਰੀ
ਤੇ ਅਲੱਗਪਨ ਨੂੰ ਖ਼ਤਮ ਕਰਦੀ ਹੈ ਅਤੇ ਇਵੇਂ ਮਨੁਖ ਦੀ ਤੰਗ ਸਮਾਜਕ ਤੇ ਸਿਆਸੀ ਚੇਤਨਤਾ
ਨੂੰ ਖ਼ਤਮ ਕਰਕੇ ਸਾਰੇ ਸੰਸਾਰ ਨੂੰ ਇਕ ਸਮੂਹਕ ਆਰਥਕ ਇਕਾਈ ਬਣਾ ਦੇਂਦੀ ਹੈ।

ਸਰਮਾਏਦਾਰੀ ਦੀ ਬਦੇਸ਼ੀ ਮੰਡੀ ਦੀ ਲੋੜ ਇਸ ਵਾਸਤੇ ਵੀ ਨਹੀਂ ਕਿ ਸਰਮਾਏਦਾਰੀ ਪੈਦਾਵਾਰ
ਦੀ ਖਪਤ ਮੁਲਕ ਦੀ ਅੰਦਰੂਨੀ ਮੰਡੀ ਵਿਚ ਨਹੀਂ ਹੋ ਸਕਦੀ। ਇਕ ਵਿਕਾਸ ਕਰ ਰਹੀ ਤੇ



ਵਿਕਸਤ ਸਰਮਾਏਦਾਰ ਉਤਪਾਦਨ ਪ੍ਰਣਾਲੀ ਨੂੰ ਸੰਸਾਰ ਪੱਧਰ ਦੀ ਕਿਰਤ-ਵੰਡ ਅਤੇ ਇਸ ਦੀ ਜਿਨਸ ਪੈਦਾਵਾਰ ਨੂੰ ਸੰਸਾਰ ਪੱਧਰ 'ਤੇ ਪਰਚਲਨ ਦੀ ਲੋੜ ਹੁੰਦੀ ਹੈ। ਸਰਮਾਏਦਾਰੀ ਆਰਥਕਤਾ ਦੀ ਜਿਨਸ-ਪੈਦਾਵਾਰ ਦੀ ਅੰਦਰੂਨੀ ਮੰਡੀ ਅਤੇ ਬਦੇਸ਼ੀ ਮੰਡੀ ਦਾ ਵਿਕਾਸ ਸਿਧੇ ਰੂਪ ਵਿਚ ਇਕ ਦੂਜੇ ਨਾਲ ਜੁੜਿਆ ਹੁੰਦਾ ਹੈ। ਅੰਦਰੂਨੀ ਮੰਡੀ ਦੇ ਵਿਕਾਸ ਤੇ ਫ਼ੈਲਾਅ ਤੋਂ ਬਿਨਾਂ ਅੰਤਰ-ਰਾਸ਼ਟਰੀ ਪੱਧਰ 'ਤੇ ਜਿਨਸਾਂ ਦੇ ਪਰਚਲਣ ਦੇ ਅਮਲ ਵਿਚ ਫ਼ੈਲਾਅ ਨਹੀਂ ਆ ਸਕਦਾ। ਉਹੀ ਸਰਮਾਏਦਾਰ ਮੁਲਕ ਅੰਤਰ-ਰਾਸ਼ਟਰੀ ਵਪਾਰ ਤੇ ਬਦੇਸ਼ੀ ਮੰਡੀਆਂ 'ਚ ਆਪਣੀਆਂ ਜਿਨਸਾਂ ਵੇਚ ਕੇ ਜ਼ਿਆਦਾ ਫ਼ਾਇਦਾ ਕਮਾਉਂਦੇ ਹਨ ਜਿਨ੍ਹਾਂ ਦੀ ਅੰਦਰੂਨੀ ਆਰਥਕਤਾ ਦਾ ਆਧਾਰ (ਜੋ ਅੰਦਰੂਨੀ ਮੰਡੀ ਦੇ ਵਿਕਾਸ ਤੇ ਫ਼ੈਲਾਅ 'ਤੇ ਨਿਰਭਰ ਕਰਦਾ ਹੈ) ਮਜ਼ਬੂਤ ਹੋਵੇ।

ਸਰਮਾਏਦਾਰ ਆਰਥਕਤਾ, ਪੈਦਾਵਾਰ ਦੇ ਖੇਤਰ 'ਚ ਅਨੇਕਾਂ ਵਿਰੋਧਤਾਈਆਂ ਨਾਲ ਭਰੀ ਹੋਈ ਹੁੰਦੀ ਹੈ। ਇਨ੍ਹਾਂ ਵਿਚੋਂ ਕੁਝ ਕੁ ਮੁੱਖ ਵਿਰੋਧਤਾਈਆਂ ਹਨ — ਉਤਪਾਦਨ 'ਚ ਬੇਹਿਸਾਬ ਵਾਧਾ ਪਰ ਮੁਕਾਬਲਤਨ ਆਮ ਲੋਕਾਂ ਦੀ ਘਟ ਨਿੱਜੀ ਖਪਤ, ਮਸ਼ੀਨਰੀ ਦੀ ਵਧ ਰਹੀ ਵਰਤੋਂ ਪਰ ਮਜ਼ਦੂਰਾਂ ਨੂੰ ਕੰਮ ਦਾ ਨਾ ਮਿਲਣਾ ਜਾਂ ਕਈਆਂ ਦਾ ਕੰਮ ਤੋਂ ਕੱਢੇ ਜਾਣਾ ਜਾਂ ਸਨਅਤ ਤੇ ਖੇਤੀ ਦੇ ਖੇਤਰ ਵਿਚ ਹੋ ਰਹੇ ਤੇਜ਼/ਘਟ ਮਸ਼ੀਨੀਕਰਨ ਦੇ ਮੁਕਾਬਲੇ 'ਚ ਰੁਜ਼ਗਾਰ ਦਾ ਘਟ ਵਧਣਾ, ਵਖ ਵਖ ਉਤਪਾਦਨ ਪ੍ਰਣਾਲੀਆਂ ਦਾ ਸਰਮਾਏਦਾਰ ਆਰਥਕਤਾ ਵਿਚ ਕਿਸੇ ਨਾ ਕਿਸੇ ਹਦ ਤਕ, ਕਿਸੇ ਨਾ ਕਿਸੇ ਰੂਪ ਵਿਚ ਲੰਮੇ ਸਮੇਂ ਤਕ ਕਾਇਮ ਰਹਿਣਾ ਅਤੇ ਸਰਮਾਏਦਾਰੀ ਸਮਾਜ ਦੇ ਸਮਾਜਕ-ਆਰਥਕ ਰਿਸ਼ਤਿਆਂ ਵਿਚ ਨਿਤ ਪੈਦਾ ਹੋ ਰਹੀਆਂ ਵਿਰੋਧਤਾਈਆਂ।

ਸਰਮਾਏਦਾਰੀ ਸਮਾਜਕ ਨਿਜ਼ਾਮ ਵਿਚ ਪੈਦਾਵਾਰ ਅਕਸਰ ਵਿਉਂਤ-ਰਹਿਤ ਹੁੰਦੀ ਹੈ। ਸਭੇ ਸਰਮਾਇਦਾਰ ਵਧ ਤੋਂ ਵਧ ਨਫ਼ਾ ਕਮਾਉਣਾ ਚਾਹੁੰਦੇ ਹਨ। ਇਸ ਲਈ ਉਹਨਾਂ ਵਿਚ ਸਖ਼ਤ ਮੁਕਾਬਲਾ ਹੁੰਦਾ ਹੈ। ਇਸ ਮੁਕਾਬਲੇ 'ਚ ਸਫਲ ਹੋਣ ਲਈ ਸਾਰੇ ਸਰਮਾਏਦਾਰ ਇਕਤਰੀਕਰਨ ਵਿਚ ਵਾਧਾ ਕਰਨ ਦੀ ਕੋਸ਼ਿਸ਼ ਕਰਦੇ ਹਨ। ਚਾਹੇ ਸਾਰੇ ਆਪਣੀ ਇਸ ਕੋਸ਼ਿਸ਼ 'ਚ ਸਫਲ ਨਹੀਂ ਹੁੰਦੇ, ਫਿਰ ਵੀ ਪੁਨਰ-ਉਤਪਾਦਨ ਦੇ ਲਗਾਤਾਰ ਚਲਦੇ ਚੱਕਰਾਂ 'ਚ ਸਮੁਚੀ ਸਰਮਾਏਦਾਰ ਆਰਥਕਤਾ 'ਚ ਪੈਦਾਵਾਰ ਦੇ ਸਾਧਨਾਂ 'ਚ ਲਗਾਤਾਰ ਵਾਧਾ ਹੁੰਦਾ ਹੈ। ਇਸ ਦੌਰਾਨ, ਜਦੋਂ ਸਰਮਾਏਦਾਰੀ ਇਕਤਰੀਕਰਨ ਕਿਰਤੀਆਂ ਦੁਆਰਾ ਪੈਦਾ ਕੀਤੀ ਵਾਧੂ-ਕਦਰ ਰਾਹੀਂ ਅਤੇ ਸਮਾਜ ਦੇ ਹੋਰ ਕੰਮ ਕਰਦੇ ਵਰਗਾਂ ਦੀ ਲੁੱਟ ਕਰਕੇ ਹੁੰਦੀ ਹੈ ਤਾਂ ਸਰਮਾਏਦਾਰੀ ਸਮਾਜ ਵਿਚ ਪੈਦਾਵਾਰ ਦੇ ਵੱਖ ਵੱਖ ਖੇਤਰਾਂ 'ਚ ਕੰਮ ਕਰਦੇ ਕਿਰਤੀ ਪੈਦਾਵਾਰ ਦੇ ਸਾਧਨਾਂ ਦੀ ਮਾੜੀ-ਮੋਟੀ ਮਾਲਕੀ ਤੋਂ ਵੀ ਹੱਥ ਧੋ ਬੈਠਦੇ ਹਨ। ਤੇ ਇਵੇਂ ਉਨ੍ਹਾਂ ਪਾਸ ਆਪਣੀ ਕਿਰਤ ਸ਼ਕਤੀ ਨੂੰ ਵੇਚਣ ਤੋਂ ਬਿਨਾਂ ਕੁਝ ਨਹੀਂ ਰਹਿੰਦਾ। ਇਨ੍ਹਾਂ ਕਾਮਿਆਂ ਦੀ ਨਿਜੀ ਖਪਤ ਘਟਦੀ ਹੈ ਤੇ ਨਤੀਜੇ ਵਜੋਂ 'ਵਾਧੂ-ਪੈਦਾਵਾਰ' ਦਾ ਸੰਕਟ ਹੋਂਦ ਵਿਚ ਆਉਂਦਾ ਹੈ। ਪੈਦਾਵਾਰ ਦੇ ਖੇਤਰ 'ਚ ਇਹ ਅਨਾਰਕੀ ਸਰਮਾਏਦਾਰ ਉਤਪਾਦਨ ਪ੍ਰਣਾਲੀ ਦਾ ਇਕ ਵਿਸ਼ੇਸ਼ ਲੱਛਣ ਹੈ। ਕਿਉਂਕਿ ਸਰਮਾਏਦਾਰ ਸਮਾਜ ਵਿਚ ਪੈਦਾਵਾਰ ਜ਼ਿਆਦਾਤਰ ਵਿਉਂਤ-ਰਹਿਤ ਹੁੰਦੀ ਹੈ ਅਤੇ ਮੁਨਾਫੇ ਦੀ ਹਵਸ ਨਾਲ ਕੀਤੀ ਜਾਂਦੀ ਹੈ ਇਸ ਲਈ ਆਮ ਲੋਕਾਂ (ਕਿਰਤੀ ਵਰਗ) ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਦਾਵਾਰ ਨਹੀਂ ਕੀਤੀ ਜਾਂਦੀ। ਸਿਰਫ਼ ਉਹ ਹੀ ਚੀਜ਼ਾਂ ਪੈਦਾ ਕੀਤੀਆਂ ਜਾਂਦੀਆਂ ਹਨ ਜੋ ਸਰਮਾਏਦਾਰਾਂ ਨੂੰ ਜ਼ਿਆਦਾ ਮੁਨਾਫਾ ਦੇ ਸਕਣ। ਜੋ ਪੈਦਾਵਾਰ ਹੁੰਦੀ ਹੈ ਉਹ ਵਸੋਂ ਦੀ ਬਹੁ-ਗਿਣਤੀ ਦੀਆਂ ਮੁਢਲੀਆਂ ਤੇ ਅਸਲੀ ਲੋੜਾਂ ਦੇ ਪੱਖੋਂ ਵਾਧੂ-ਪੈਦਾਵਾਰ ਨਹੀਂ ਹੁੰਦੀ। ਪਰ ਕਿਉਂਕਿ ਇਸ ਵਸੋਂ ਦੀ ਬਹੁ-ਗਿਣਤੀ ਪਾਸ ਬਹੁਤ ਘਟ ਅਤੇ ਲਗਾਤਾਰ ਘਟਦੀ

ਖਰੀਦ-ਸ਼ਕਤੀ ਹੁੰਦੀ ਹੈ, ਇਸ ਲਈ ਸਰਮਾਏਦਾਰ ਆਰਥਿਕਤਾ 'ਚ ਹੋਈ ਇਹ ਪੈਦਾਵਾਰ 'ਬਹੁਤ ਜ਼ਿਆਦਾ' ਲਗਦੀ ਹੈ।

ਸਰਮਾਏਦਾਰ ਆਰਥਿਕਤਾ 'ਚ ਆਏ ਸੰਕਟਾਂ ਦਾ ਇਕ ਖ਼ਾਸ ਕਾਰਨ, ਸਰਮਾਏਦਾਰੀ ਉਤਪਾਦਨ ਵਿਚ, ਵਸੋਂ ਦੀ ਬਹੁ-ਗਿਣਤੀ ਦੀ ਖਰੀਦ ਸ਼ਕਤੀ ਦੇ ਮੁਕਾਬਲੇ 'ਤੇ ਹੋਣ ਵਾਲਾ ਬੇਹਿਸਾਬ ਵਾਧਾ, ਪੈਦਾਵਾਰ ਦੇ ਸਾਧਨਾਂ ਅਤੇ ਪੈਦਾਵਾਰ ਦੀਆਂ ਸ਼ਕਤੀਆਂ ਵਿਚ ਹੋਏ ਵਾਧੇ ਅਤੇ ਇਸ ਦੇ ਉਲਟ ਆਮ ਕਿਰਤੀ ਲੋਕਾਂ ਦੀ ਵਧਦੀ ਗਰੀਬੀ ਦੇ ਸਿੱਟੇ ਵਜੋਂ ਉਨ੍ਹਾਂ ਦੀ ਲਗਾਤਾਰ ਸੁੰਗੜਦੀ ਖਰੀਦ-ਸ਼ਕਤੀ ਕਰਕੇ ਘਟਦੀ ਖਪਤ, ਵੀ ਹੁੰਦਾ ਹੈ।

ਇਕ ਵਿਕਸਤ ਹੋ ਰਹੇ ਸਰਮਾਏਦਾਰ ਸਮਾਜ ਵਿਚ ਇਸ ਦੀ ਆਰਥਕਤਾ ਦੇ ਵੱਖ ਵੱਖ ਖੇਤਰਾਂ ਵਿਚ ਇਕ ਤੋਂ ਵਧ ਉਤਪਾਦਨ ਪ੍ਰਣਾਲੀਆਂ ਦੀ ਹੋਂਦ ਕਾਇਮ ਰਹਿੰਦੀ ਹੈ। ਉਭਰ ਰਹੀ ਸਰਮਾਏ-ਦਾਰ ਆਰਥਕਤਾ 'ਚ ਫੀਊਡਲ ਤੇ ਅਰਧ-ਫੀਊਡਲ ਢੰਗ ਨਾਲ ਹੋਣ ਵਾਲੀ ਪੈਦਾਵਾਰ ਅਜੇ ਕਾਇਮ ਰਹਿੰਦੀ ਹੈ, ਖ਼ਾਸ ਕਰਕੇ ਖੇਤੀ ਦੇ ਖੇਤਰ 'ਚ। ਪਰ ਇਵੇਂ ਇਕ ਹੀ ਸਮਾਜਕ ਆਰਥਕਤਾ 'ਚ ਇਕ ਤੋਂ ਵਧ ਉਤਪਾਦਨ ਪ੍ਰਣਾਲੀਆਂ ਦੀ ਹੋਂਦ ਇਸ ਸਮਾਜ ਦੇ ਆਰਥਕ, ਸਮਾਜਿਕ ਤੇ ਸਭਿਆਚਾਰਕ ਜੀਵਨ ਵਿਚ ਅਨੇਕਾਂ ਵਿਰੋਧਤਾਈਆਂ ਨੂੰ ਜਨਮ ਦੇਂਦੀ ਹੈ। ਸਮਾਜ ਵਿਚ ਜਦ ਸਰਮਾਏਦਾਰ ਆਰਥਕਤਾ ਦਾ ਆਧਾਰ ਫੈਲਦਾ ਤੇ ਮਜ਼ਬੂਤ ਹੁੰਦਾ ਹੈ ਤਾਂ ਨਿਸ਼ਚੇ ਹੀ ਫੀਊਡਲ-ਅਰਧ-ਫੀਊਡਲ ਪੈਦਾਵਾਰ ਦਾ ਖੇਤਰ ਸੁੰਗੜਦਾ ਹੈ। ਸਰਮਾਏਦਾਰ ਆਰਥਿਕਤਾ ਤੋਂ ਪਹਿਲਾਂ ਦੀਆਂ ਇਹਨਾਂ ਉਤਪਾਦਨ ਇਕਾਈਆਂ ਦੀ ਹੋਂਦ ਕਈ ਵਾਰ ਕਿਸੇ ਨਾ ਕਿਸੇ ਰੂਪ ਵਿਚ ਇਕ ਵਿਕਸਤ ਸਰਮਾਏਦਾਰ ਉਤਪਾਦਨ ਪ੍ਰਣਾਲੀ ਵਿਚ ਵੀ ਕਾਇਮ ਰਹਿੰਦੀ ਹੈ। ਪੈਦਾਵਾਰ ਦੇ ਖ਼ਾਸ ਕਰ ਖੇਤੀ ਦੇ ਖੇਤਰ ਵਿਚ ਅਜਿਹਾ ਹੋਣਾ ਇਕ ਇਤਿਹਾਸਕ ਸਚਾਈ ਹੈ। ਪੈਦਾਵਾਰ ਦੇ ਫੀਊਡਲ/ਅਰਧ-ਫੀਊਡਲ ਰਿਸ਼ਤਿਆਂ ਦੀ ਰਹਿੰਦ-ਖੂੰਦ ਅਕਸਰ ਪੈਦਾਵਾਰ ਦੇ ਸਰਮਾਇਦਾਰੀ ਰਿਸ਼-ਤਿਆਂ ਨਾਲ ਚਿੰਬੜੀ ਰਹਿੰਦੀ ਹੈ। ਨਤੀਜੇ ਵਜੋਂ ਉਤਪਾਦਨ ਦੇ ਸਰਮਾਏਦਾਰੀ ਰਿਸ਼ਤਿਆਂ ਦੀ ਸ਼ਕਲ-ਸੂਰਤ ਨਿਖਰ ਕੇ ਸਾਹਮਣੇ ਨਹੀਂ ਆਉਂਦੀ। ਕਦੀ ਵੀ ਅਜਿਹਾ ਹੋਇਆ ਨਹੀਂ ਤੇ ਇਹ ਹੋ ਵੀ ਨਹੀਂ ਸਕਦਾ ਕਿ ਸਰਮਾਏਦਾਰ ਉਤਪਾਦਨ ਪ੍ਰਣਾਲੀ ਦੇ ਪੈਦਾਵਾਰ ਦੇ ਰਿਸ਼ਤੇ ਪੂਰੇ ਨਿਖਰਵੇਂ ਤੇ ਨਿਰੋਲ ਸਾਫ਼ ਰੂਪ 'ਚ ਹੀ ਜ਼ਾਹਰ ਹੋਣ।

ਪੈਦਾਵਾਰ ਦੇ ਰਿਸ਼ਤਿਆਂ ਵਿਚ ਅਨੇਕਾਂ ਅਹਿਮ ਵਿਰੋਧਤਾਈਆਂ ਸਰਮਾਏਦਾਰ ਸਮਾਜਕ ਨਿਜ਼ਾਮ ਵਿਚ ਨਿਤ ਵਧਦੀਆਂ ਤੇ ਗੰਭੀਰ ਹੁੰਦੀਆਂ ਜਾਦੀਆਂ ਹਨ। ਕੁਝ ਕੁ ਖ਼ਾਸ ਵਿਰੋਧਤਾਈਆਂ ਹਨ ਅਤੇ ਸਨਅਤੀ ਸਰਮਾਏਦਾਰਾਂ ਅਤੇ ਸਨਅਤੀ ਕਿਰਤੀਆਂ 'ਚ, ਖੇਤ ਕਾਮਿਆਂ ਤੇ ਸਰਮਾਏਦਾਰ ਕਿਸਾਨਾਂ 'ਚ, ਸਮੁਚੀ ਕਿਸਾਨੀ ਤੇ ਬੇਜ਼ਮੀਨੇ ਖੇਤ-ਕਾਮਿਆਂ 'ਚ, ਛੋਟੇ ਗਰੀਬ ਕਿਸਾਨਾਂ ਤੇ ਕਿਸਾਨ-ਸਰਮਾਏਦਾਰੀ 'ਚ, ਛੋਟੀ ਸਰਮਾਏਦਾਰੀ ਤੇ ਵੱਡੀ (ਅਜ਼ਾਰੇਦਾਰ) ਸਰਮਾਇਦਾਰੀ 'ਚ, ਪੇਂਡੂ (ਕਿਸਾਨ) ਸਰਮਾਏਦਾਰੀ ਅਤੇ ਸ਼ਹਿਰੀ (ਸਨਅਤੀ) ਸਰਮਾਏਦਾਰੀ 'ਚ, ਕਿਸਾਨ ਤੇ ਸਨਅਤੀ ਸਰਮਾਏਦਾਰੀ ਅਤੇ ਵਪਾਰਕ-ਸਰਮਾਏਦਾਰੀ 'ਚ, ਅਤੇ ਸਮੁੱਚੇ ਸਰਮਾਏਦਾਰੀ ਮੁਫ਼ਾਦਾਂ ਅਤੇ ਫੀਊਡਲ ਸਬੰਧਾਂ ਦੀ ਰਹਿੰਦ-ਖੂੰਦ 'ਚ, ਹਰ ਵਕਤ ਸਰਮਾਏਦਾਰ ਆਰਥਕਤਾ ਦਾ, ਕਿਸੇ ਨਾ ਕਿਸੇ ਸੰਕਟ ਵਿਚ ਪਏ ਰਹਿਣਾ ਇਹਨਾਂ ਅਤੇ ਹੋਰ ਸਨਅਤ ਤੇ ਖੇਤੀ ਦੇ ਖੇਤਰਾਂ 'ਚ ਉਤਪੰਨ ਹੋਣ ਵਾਲੀਆਂ ਵਿਰੋਧਤਾਈਆਂ ਕਰਕੇ ਹੀ ਹੁੰਦਾ ਹੈ।

ਕਿਉਂਕਿ ਇਹ ਵਿਰੋਧਤਾਈਆਂ ਸਰਮਾਏਦਾਰ ਉਤਪਾਦਨ ਪ੍ਰਣਾਲੀ ਦੀ ਹੀ ਉਪਜ ਹੁੰਦੀਆਂ



ਹਨ ਸੋ ਕਦੀ ਵੀ ਸਰਮਾਏਦਾਰ ਉਤਪਾਦਨ ਪ੍ਰਣਾਲੀ ਦੇ ਪ੍ਰਗਤੀਸ਼ੀਲ ਰੋਲ ਦੀ ਗਲ ਕਰਦਿਆਂ, ਇਸ ਪ੍ਰਣਾਲੀ ਦੀ ਹੀ ਉਪਜ, ਅਨੇਕਾਂ ਸਮਾਜਕ, ਆਰਥਿਕ, ਸਭਿਆਚਾਰਕ ਤੇ ਸਿਆਸੀ ਵਿਰੋਧ-ਤਾਈਆਂ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਪ੍ਰੰਤੂ ਸਰਮਾਏਦਾਰ ਉਤਪਾਦਨ ਦੇ (ਫੀਊਡਲ/ਅਰਧ-ਫੀਊਡਲ ਉਤਪਾਦਨ ਪ੍ਰਣਾਲੀਆਂ ਦੇ ਮੁਕਾਬਲੇ) ਅਗਾਂਹ-ਵਧੂ, ਵਿਕਾਸਵਾਦੀ ਰੋਲ ਤੋਂ ਮੁਨਕਰ ਨਹੀਂ ਹੋਣਾ ਚਾਹੀਦਾ।

ਪੈਦਾਵਾਰ ਦੀ ਸਰਮਾਏਦਾਰ ਪ੍ਰਣਾਲੀ ਦੇ ਪ੍ਰਗਤੀਸ਼ੀਲ-ਵਿਕਾਸਵਾਦੀ ਰੋਲ ਨਾਲ ਸਮਾਜਕ ਜੀਵਨ ਦੇ ਸਭ ਖੇਤਰਾਂ 'ਚ ਪੈਦਾ ਹੋਈਆਂ ਵਿਰੋਧਤਾਈਆਂ ਹੀ ਇਸ ਉਤਪਾਦਨ ਪ੍ਰਣਾਲੀ ਨੂੰ ਅੰਤ ਵਿਚ ਬੇਲੋੜਾ ਬਣਾ ਦਿੰਦੀਆਂ ਹਨ। ਇਹ ਇਕ ਸਚਾਈ ਹੈ ਕਿ ਇਹ ਉਤਪਾਦਨ ਪ੍ਰਣਾਲੀ ਵੀ ਪਹਿਲੇ ਜਮਾਤੀ-ਸਮਾਜਾਂ (ਗੁਲਾਮ ਪ੍ਰਥਾ ਤੇ ਫੀਊਡਲ/ਅਰਧ-ਫੀਊਡਲ ਢਾਂਚੇ) ਦੀਆਂ ਉਤਪਾਦਨ ਪ੍ਰਣਾਲੀਆਂ ਵਾਂਗ ਇਕ ਅਸਥਾਈ ਤੇ ਵਕਤੀ ਜਿਹੀ ਉਤਪਾਦਨ ਪ੍ਰਣਾਲੀ ਹੈ। ਪਰ ਇਸ ਨਾਲ ਇਹ ਵੀ ਇਕ ਹਕੀਕਤ ਹੈ ਕਿ ਜਦ ਫੀਊਡਲ/ਅਰਧ-ਫੀਊਡਲ ਉਤਪਾਦਨ ਪ੍ਰਣਾਲੀ ਅਤੇ ਪੈਦਾਵਾਰ ਦੇ ਰਿਸ਼ਤਿਆਂ ਦੀ ਥਾਂ ਸਰਮਾਏਦਾਰ ਉਤਪਾਦਨ ਪ੍ਰਣਾਲੀ ਲੈ ਲਵੇ ਤਾਂ ਫਿਰ ਇਸ ਸਰਮਾਏਦਾਰ ਉਤਪਾਦਨ ਪ੍ਰਣਾਲੀ ਤੋਂ ਉਪਜੇ ਪੈਦਾਵਾਰ ਦੇ ਰਿਸ਼ਤਿਆਂ ਦੇ ਵਿਕਾਸ ਅਤੇ ਇਨ੍ਹਾਂ ਤੋਂ ਉਪਜਦੇ ਅਸਰਾਂ ਨੂੰ ਰੋਕਿਆ ਨਹੀਂ ਜਾ ਸਕਦਾ।

ਸਰਮਾਏਦਾਰ ਉਤਪਾਦਨ ਪ੍ਰਣਾਲੀ ਦੇ ਸਮਾਜਕ ਨਿਜ਼ਾਮ ਦੀਆਂ ਇਹਨਾਂ ਵਿਰੋਧਤਾਈਆਂ ਕਰਕੇ ਜਿਥੇ ਸਰਮਾਏਦਾਰ ਸਮਾਜਕ ਢਾਂਚੇ ਦੀ ਇਤਿਹਾਸਕ ਹੋਂਦ ਵਕਤੀ ਜਿਹੀ ਹੋ ਕੇ ਰਹਿ ਜਾਂਦੀ ਹੈ ਉਥੇ ਇਨ੍ਹਾਂ ਵਿਰੋਧਤਾਈਆਂ ਨੂੰ ਕਿਸੇ ਵੀ ਪਧਰ 'ਤੇ ਹੋਇਆ ਸਰਮਾਏਦਾਰੀ ਵਿਕਾਸ ਖਤਮ ਨਹੀਂ ਕਰ ਸਕਦਾ। ਸਗੋਂ ਸਰਮਾਏਦਾਰ ਪੈਦਾਵਾਰ ਦਾ ਵਿਕਾਸ ਤੇ ਫੈਲਾਅ ਇਨ੍ਹਾਂ 'ਚੋਂ ਬਹੁਤੀਆਂ ਵਿਰੋਧਤਾਈਆਂ ਨੂੰ ਹੋਰ ਤਿੱਖਾ ਕਰਦਾ ਹੈ ਤੇ ਇਵੇਂ ਜਮਾਤੀ ਮੁਹਾਜ਼ਾਂ 'ਚ ਵਧਦੀ ਖਹਿ ਹੋਰ ਤੀਬਰ ਕਰਕੇ ਵਸੋਂ ਦੀ ਬਹੁਗਿਣਤੀ (ਕਿਰਤੀਆਂ-ਗਰੀਬ ਕਿਸਾਨਾਂ) ਦੇ ਜਮਾਤੀ ਸੰਘਰਸ਼ਾਂ ਦੀ ਜਿੱਤ ਦਾ ਰਾਹ ਸਾਫ਼ ਕਰਦਾ ਹੈ।

ਸਰਮਾਏਦਾਰ ਸਮਾਜਿਕ ਨਿਜ਼ਾਮ ਵਿਚ ਇਹਨਾਂ ਵਿਰੋਧਤਾਈਆਂ ਦੇ ਹੋਣ ਕਰਕੇ ਸਰਮਾਏਦਾਰ ਉਤਪਾਦਨ ਪ੍ਰਣਾਲੀ ਦੀ ਸੰਭਾਵਨਾ ਅਤੇ ਇਸ ਤੋਂ ਪਹਿਲੀਆਂ ਜਮਾਤੀ ਉਤਪਾਦਨ ਪ੍ਰਣਾਲੀਆਂ (ਫੀਊਡਲ ਆਦਿ) ਦੇ ਮੁਕਾਬਲੇ ਇਸ ਦੇ ਅਗਾਂਹ ਵਧੂ ਤੇ ਵਿਕਾਸਸ਼ੀਲ ਖ਼ਾਸੇ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਤਿਹਾਸਕ ਸਚਾਈ ਤਾਂ ਇਹ ਹੈ ਕਿ ਸਰਮਾਏਦਾਰ ਸਮਾਜਕ ਨਿਜ਼ਾਮ ਜਦ ਤਕ ਕਾਇਮ ਰਹੇਗਾ, (ਪਰ ਇਹ ਅਸਥਾਈ ਤੇ ਵਕਤੀ ਹੀ), ਤਦ ਤਕ ਇਸ ਸਮਾਜ ਦਾ ਸਮਾਜਿਕ, ਆਰਥਕ, ਸਭਿਆਚਾਰਕ ਤੇ ਸਿਆਸੀ ਜੀਵਨ ਇਨ੍ਹਾਂ ਵਿਰੋਧਤਾਈਆਂ (ਜੋ ਜਮਾਤੀ ਮੁਫ਼ਾਦਾਂ ਦੀ ਰਾਖੀ ਲਈ ਕੀਤੇ ਜਮਾਤੀ ਸੰਘਰਸ਼ਾਂ ਦੇ ਰੂਪ ਵਿਚ ਸਾਹਮਣੇ ਆਉਂਦੀਆਂ ਹਨ) ਕਰਕੇ ਕਿਸੇ ਨਾ ਕਿਸੇ ਸੰਕਟ 'ਚ ਫਸਿਆ ਰਹੇਗਾ। ਇਕ ਵਕਤ ਆਉਂਦਾ ਹੈ ਜਦ ਇਹਨਾਂ ਵਿਰੋਧਤਾਈਆਂ ਤੋਂ ਉਪਜੇ ਸੰਕਟ ਵਧ ਕੇ ਸਰਮਾਏਦਾਰ ਉਤਪਾਦਨ ਪ੍ਰਣਾਲੀ ਤੇ ਇਸ 'ਤੇ ਉਸਰੇ ਸਮੁਚੇ ਸਮਾਜਿਕ ਨਿਜ਼ਾਮ ਨੂੰ ਗੰਭੀਰ ਸੰਕਟ ਵਿਚ ਸੁਟ ਦੇਂਦੇ ਹਨ। (ਚਲਦਾ)

## ਲੇਖਕ/ਪਾਠਕ ਕਹਿੰਦੇ ਹਨ

■ **ਹਕੀਕਤ ਤੋਂ ਦੂਰ** : ਸ੍ਰ. ਸਬਿੰਦਰਜੀਤ ਸਿੰਘ ਸਾਗਰ ਨੇ (ਸੇਧ, ਮਈ 1976) ਮੇਰੇ ਲੇਖ (ਸੇਧ, ਮਾਰਚ 1976) ਉਤੇ ਟਿਕਣਾ ਟਿਪਣੀ ਕਰਦਿਆਂ ਕਈ ਅਜੇਹੀਆਂ ਗੱਲਾਂ ਕਹਿ ਦਿਤੀਆਂ ਹਨ ਜੋ ਹਕੀਕਤ ਤੋਂ ਬਹੁਤ ਦੂਰ ਹਨ । ਕੁਝ ਰੁਝੇਵਿਆਂ ਦੇ ਕਾਰਨ ਉਨ੍ਹਾਂ ਦਾ ਜੁਆਬ ਪਹਿਲਾ ਨਹੀਂ ਦਿਤਾ ਜਾ ਸਕਿਆ ਭਾਵੇਂ ਕਿ ਮੇਰੇ ਦਿਲ ਵਿਚ ਇਹ ਚੀਜ਼ ਸ਼ੁਰੂ ਤੋਂ ਹੀ ਖਟਕਦੀ ਰਹੀ ਹੈ । ਮੈਂ ਸ੍ਰ. ਸਬਿੰਦਰਜੀਤ ਸਿੰਘ ਸਾਗਰ ਨਾਲ ਕੋਈ ਬਹਿਸ ਨਹੀਂ ਛੇੜਨਾ ਚਾਹੁੰਦਾ । ਉਨ੍ਹਾਂ ਦੇ ਲੇਖ ਬਾਰੇ ਮੈਂ ਜੋ ਕਹਿਣਾ ਸੀ, ਉਦੋਂ ਹੀ ਕਹਿ ਦਿਤਾ ਸੀ । ਮੈਂ ਉਸ ਨੂੰ ਮੁੜ ਦੁਹਰਾਉਣ ਦੀ ਕੋਈ ਲੋੜ ਨਹੀਂ ਸਮਝਦਾ । ਗੱਲ ਕਿਸੇ ਦੀ ਜ਼ਾਤੀ ਰਾਏ ਦੀ ਨਹੀਂ । ਸਵਾਲ ਇਹ ਹੁੰਦਾ ਹੈ ਕਿ ਕਿਸੇ ਦੇ ਆਧਾਰ-ਤੱਥ ਕੀ ਹਨ ਅਤੇ ਉਨ੍ਹਾਂ ਦੀ ਰੋਸ਼ਨੀ ਵਿਚ ਜੋ ਸਿੱਟੇ ਕਢੇ ਗਏ ਹਨ, ਉਹ ਕਿਥੋਂ ਤਕ ਉਨ੍ਹਾਂ ਤੱਥਾਂ ਦੀ ਕਸਵਟੀ 'ਤੇ ਠੀਕ ਬੈਠਦੇ ਹਨ । ਇਸ ਬਾਰੇ ਕੋਈ ਆਦਮੀ ਵੀ ਇਹ ਦਾਅਵਾ ਨਹੀਂ ਕਰ ਸਕਦਾ ਕਿ ਜੋ ਕੁਝ ਉਸ ਦੀ ਕਲਮ ਤੋਂ ਫੁਟਿਆ ਹੈ, ਉਹ ਆਖਰੀ ਹਰਫ ਹੈ ਤੇ ਉਸ ਖੇਤਰ ਵਿਚ ਹੋਰ ਡੂੰਘੇਰੇ ਜਾਣ ਦੀ ਕੋਈ ਗੁੰਜਾਇਸ਼ ਨਹੀਂ ਰਹਿ ਗਈ । ਆਪਣੇ ਕਿਸੇ ਮਤ ਦਾ ਪਖ ਪੂਰਨਾ ਕੋਈ ਮਾੜੀ ਗੱਲ ਨਹੀਂ, ਪਰ ਇਸ ਬਾਰੇ ਹਠ-ਧਰਮੀ ਜਾਂ 'ਮੈਂ ਨਾ ਮਾਨੂੰ' ਦਾ ਰਵੱਈਆ ਅਖਤਿਆਰ ਕਰਨਾ ਤੇ ਕਰੀ ਰਖਣਾ ਉਨਤੀ ਵਲ ਨਹੀਂ, ਅਵੁਨਤੀ ਵਲ ਜਾਣ ਵਾਲੀ ਬਾਤ ਹੁੰਦੀ ਹੈ । ਇਸ ਲਿਹਾਜ਼ ਨਾਲ ਅਕਾਦਮਕ ਪਧਰ 'ਤੇ ਬਹਿਸ ਹਮੇਸ਼ਾਂ ਚੰਗੀ ਤੇ ਨਰੋਈ ਹੁੰਦੀ ਹੈ ਅਤੇ ਇਸ 'ਤੇ ਕਿਸੇ ਨੂੰ ਨਰਾਜ਼ ਹੋਣਾ ਜਾਂ ਤੈਸ਼ ਵਿਚ ਆਉਣਾ ਸ਼ੋਭਦਾ ਨਹੀਂ ।

ਸ੍ਰ. ਸਬਿੰਦਰਜੀਤ ਸਿੰਘ ਸਾਗਰ ਨੇ ਗਿਆਨੀ ਗਰਜਾ ਸਿੰਘ ਨਾਲ ਬਹੁਤ ਹਮਦਰਦੀ ਵਿਖਾਈ ਹੈ । ਏਥੋਂ ਤਕ ਤਾਂ ਠੀਕ ਹੈ ਪਰ ਉਨ੍ਹਾਂ ਦਾ ਇਹ ਦੋਸ਼ ਕਿ ਸਾਨੂੰ ਉਨ੍ਹਾਂ ਨਾਲ ਕੋਈ ਹਮਦਰਦੀ ਨਹੀਂ, ਨਾ ਸਿਰਫ਼ ਗ਼ਲਤ ਹੀ ਹੈ ਸਗੋਂ ਬੜਾ ਅਯੋਗ ਵੀ ਹੈ । ਉਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਹੈ ਕਿ ਗਿਆਨੀ ਗਰਜਾ ਸਿੰਘ ਕਈ ਵਰ੍ਹੇ ਸਾਡੀ ਯੂਨੀਵਰਸਿਟੀ ਦੀ ਮੁਲਾਜ਼ਮਤ ਵਿਚ ਰਹੇ ਹਨ ਅਤੇ ਉਸ ਦੌਰਾਨ ਉਨ੍ਹਾਂ ਨੂੰ ਉਚੇਚੇ ਤੌਰ 'ਤੇ ਭਟ ਵਹੀਆਂ, ਪੰਡਾ ਵਹੀਆਂ ਇਕੱਠੀਆਂ ਕਰਨ 'ਤੇ ਲਾਇਆ ਗਿਆ ਸੀ । ਇਸ ਤਰ੍ਹਾਂ ਜੋ ਕੁਝ ਵੀ ਉਨ੍ਹਾਂ ਨੇ ਇਕੱਠਾ ਕੀਤਾ ਸੀ, ਉਹ ਯੂਨੀਵਰਸਿਟੀ ਦੀ ਤੇ ਯੂਨੀਵਰਸਿਟੀ ਅੰਦਰ ਪੰਜਾਬ ਇਤਿਹਾਸ ਅਧਿਐਨ ਵਿਭਾਗ ਦੀ ਮਲਕੀਅਤ ਹੈ । ਇਸ ਲਈ ਇਹ ਖਿਆਲ ਬਿਲਕੁਲ ਗ਼ਲਤ ਹੈ ਕਿ ਅਸੀਂ ਗਿਆਨੀ ਜੀ ਦੀ ਕੋਈ ਨਿਜੀ ਇਤਿਹਾਸਕ ਸਮੱਗਰੀ ਲੈ ਕੇ ਵਰਤ ਲਈ ਹੈ । ਇਸ ਹਾਲਤ ਵਿਚ ਜੇ ਗਿਆਨੀ ਜੀ ਦਾ ਜ਼ਿਕਰ ਨਾ ਵੀ ਕੀਤਾ ਜਾਂਦਾ ਤਾਂ ਵੀ ਕੋਈ ਉਕਾਈ ਵਾਲੀ ਗੱਲ ਨਹੀਂ ਸੀ ਹੋਣੀ । ਫੇਰ ਵੀ ਸਾਡੀ ਗੁਰੂ ਤੇਗ਼ ਬਹਾਦਰ ਸਬੰਧੀ ਅੰਗਰੇਜ਼ੀ ਦੀ ਪੁਸਤਕ ਦੇ ਆਰੰਭ ਵਿਚ ਗਿਆਨੀ ਜੀ ਦੀ ਮਿਹਨਤ ਦੀ ਪਰਸੰਸਾ ਕੀਤੀ ਗਈ ਹੈ



ਅਤੇ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ ਹੈ । ਜੇ ਇਸ ਬਾਰੇ ਕੋਈ ਸ਼ਕ ਹੋਵੇ ਤਾਂ ਸ੍ਰ. ਸਬਿੰਦਰਜੀਤ ਸਿੰਘ ਖੁਦ ਉਸ ਪੁਸਤਕ ਵਿਚ ਪੜ੍ਹ ਸਕਦੇ ਹਨ ।

ਮੈਂ ਸ੍ਰ. ਸਬਿੰਦਰਜੀਤ ਸਿੰਘ ਸਾਗਰ ਨੂੰ ਇਹ ਵੀ ਦਸ ਦੇਣਾ ਚਾਹੁੰਦਾ ਹਾਂ ਕਿ ਸਾਡੇ ਸਭ ਦੇ ਮਨਾਂ ਵਿਚ ਗਿਆਨੀ ਗਰਜਾ ਸਿੰਘ ਦੀ ਬੜੀ ਕਦਰ ਹੈ । ਇਹੋ ਕਾਰਨ ਹੈ ਕਿ ਸਾਡੀ ਯੂਨੀਵਰਸਿਟੀ ਨੇ ਉਚੇਚੇ ਤੌਰ 'ਤੇ ਉਨ੍ਹਾਂ ਲਈ ਸੌ ਰੁਪਿਆ ਮਾਹਵਾਰ ਦੇਣ ਦਾ ਫ਼ੈਸਲਾ ਕੀਤਾ ਹੋਇਆ ਹੈ ।

ਸ੍ਰ. ਸਬਿੰਦਰਜੀਤ ਸਿੰਘ ਜੀ ਨੇ ਲਿਖਿਆ ਹੈ ਕਿ ਉਨ੍ਹਾਂ ਨੂੰ "**ਗੁਰੂ ਕੀਆਂ ਸਾਖੀਆਂ** ਤਾਂ ਉਕਾ ਹੀ ਵਖਾਣੋਂ ਨਾਂਹ ਕਰ ਦਿਤੀ ਗਈ ।" ਇਹ ਇਕ ਅਣਛਪਿਆ ਖਰੜਾ ਹੈ ਜੋ ਗਿਆਨੀ ਗਰਜਾ ਸਿੰਘ ਦੀ ਨਿਜੀ ਮਲਕੀਅਤ ਹੈ । ਅਸੀਂ ਖੁਦ ਗਿਆਨੀ ਜੀ ਕੋਲੋਂ ਲੈ ਕੇ ਵੇਖਿਆ ਸੀ । ਜਦ ਯੂਨੀਵਰਸਿਟੀ ਕੋਲ ਇਹ ਹੈ ਹੀ ਨਹੀਂ ਸੀ, ਤਾਂ ਇਹ ਕਿਸੇ ਨੂੰ ਦਿਤੀ ਕਿਵੇਂ ਤੇ ਕਿਥੋਂ ਜਾਂਦੀ ?

ਸ੍ਰ. ਸਬਿੰਦਰਜੀਤ ਸਿੰਘ ਸਾਗਰ ਨੇ ਰੋਸ ਪਰਗਟ ਕੀਤਾ ਹੈ ਕਿ ਅਸੀਂ ਉਨ੍ਹਾਂ ਨੂੰ ਭਟ ਵਹੀਆਂ ਦੇ ਮੂਲ ਉਤਾਰੇ ਨਹੀਂ ਵਿਖਾਏ । ਇਹ ਵੀ ਗੱਲ ਦਰੁਸਤ ਨਹੀਂ ਹੈ । ਜੋ ਕੁਝ ਵੀ ਸਾਡੇ ਪਾਸ ਸੀ, ਉਨ੍ਹਾਂ ਨੂੰ ਵਿਖਾ ਦਿਤਾ ਗਿਆ ਸੀ । ਇਸ ਦਾ ਮੂਲ ਉਤਾਰਾ ਭੱਟਕਸ਼ਰੀ ਵਿਚ ਹੈ ਅਤੇ ਉਹ ਯੂਨੀਵਰਸਿਟੀ ਵਿਚ ਨਹੀਂ, ਪੰਜਾਬ ਸਟੇਟ ਆਰਕਾਈਵਜ਼ ਵਿਚ ਹੈ । ਉਹ ਨਾ ਸਾਡੇ ਪਾਸ ਹੈ ਅਤੇ ਨਾ ਹੀ ਅਸੀਂ ਉਹ ਪੜ੍ਹ ਸਕਦੇ ਹਾਂ । ਉਸ ਦਾ ਜੋ ਪੰਜਾਬੀ ਉਤਾਰਾ ਗਿਆਨੀ ਗਰਜਾ ਸਿੰਘ ਨੇ ਕਰਵਾਇਆ ਸੀ, ਉਹ ਹਾਜ਼ਿਰ ਕਰ ਦਿਤਾ ਗਿਆ ਸੀ ।

ਸ੍ਰ. ਸਬਿੰਦਰਜੀਤ ਸਿੰਘ ਨੇ ਇਹ ਵੀ ਕਿਹਾ ਹੈ ਕਿ ਉਨ੍ਹਾਂ ਨੂੰ ਨੋਟ ਲੈਣੋਂ ਮਨ੍ਹਾਂ ਕੀਤਾ ਗਿਆ ਸੀ । ਮੈਨੂੰ ਇਹ ਗੱਲ ਬੜੀ ਅਜੀਬ ਲਗੀ ਹੈ । ਨੌਵੇਂ ਗੁਰੂ ਜੀ ਬਾਰੇ ਸਾਡੀ ਪੁਸਤਕ ਵਿਚ ਲਗ ਪਗ ਭਟ ਵਹੀਆਂ ਤੇ ਪੰਡਾ ਵਹੀਆਂ ਦੀਆਂ ਉਹ ਸਾਰੀਆਂ ਟੂਕਾਂ, ਜਿਨ੍ਹਾਂ ਦਾ ਗੁਰੂ ਜੀ ਨਾਲ ਸਬੰਧ ਸੀ, ਪਹਿਲਾਂ ਹੀ ਛਪ ਚੁਕੀਆਂ ਸਨ ਅਤੇ ਇਸ ਪੁਸਤਕ ਦੀ ਇਕ ਕਾਪੀ ਸ੍ਰ. ਸਬਿੰਦਰਜੀਤ ਸਿੰਘ ਦੇ ਵਿਭਾਗ ਨੂੰ ਭੇਜੀ ਵੀ ਜਾ ਚੁਕੀ ਸੀ । ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਜਦ ਇਹ ਪਹਿਲਾਂ ਹੀ ਉਨ੍ਹਾਂ ਦੇ ਵਿਭਾਗ ਕੋਲ ਮੌਜੂਦ ਸਨ ਤਾਂ ਉਨ੍ਹਾਂ ਨੂੰ ਇਨ੍ਹਾਂ ਵਹੀਆਂ ਤੋਂ ਨੋਟ ਲੈਣ ਤੋਂ ਰੋਕਣ ਦਾ ਮਤਲਬ ਹੀ ਕੀ ਸੀ ?

ਜਿਸ ਵਿਭਾਗ ਵਿਚ ਸ੍ਰ. ਸਬਿੰਦਰਜੀਤ ਸਿੰਘ ਮੁਲਾਜ਼ਮਤ ਕਰ ਰਹੇ ਹਨ, ਉਸ ਦੇ ਮੁਖੀ ਪ੍ਰੋਫ਼ੈਸਰ ਪ੍ਰੀਤਮ ਸਿੰਘ ਜੀ ਚੰਗੀ ਤਰ੍ਹਾਂ ਜਾਣਦੇ ਹਨ ਕਿ ਸਾਡੀ ਯੂਨੀਵਰਸਿਟੀ ਹਮੇਸ਼ਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਪੂਰਨ ਸਹਿਯੋਗ ਦੇਂਦੀ ਆਈ ਹੈ ਅਤੇ ਇਸੇ ਤਰ੍ਹਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਸਾਨੂੰ ਹਰ ਗੱਲ ਵਿਚ ਮੁਕੰਮਲ ਕੁਆਪਰੇਸ਼ਨ ਦੇਂਦੀ ਆਈ ਹੈ । ਇਸ ਗੱਲ ਨੂੰ ਮੁਖ ਰਖਦੇ ਹੋਏ ਮੈਂ ਸ੍ਰ. ਸਬਿੰਦਰਜੀਤ ਸਿੰਘ ਜੀ ਨੂੰ ਦਿਲੋਂ ਮਸ਼ਵਰਾ ਦਿਆਂਗਾ ਕਿ ਸਾਨੂੰ ਕਿਸੇ ਵੀ ਅਜੇਹੀ ਚੀਜ਼ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਜਿਸ ਨਾਲ ਸਾਡੀਆਂ ਯੂਨੀਵਰਸਿਟੀਆਂ ਵਿਚ ਕੋਈ ਗ਼ਲਤ ਫਹਿਮੀ ਪੈਦਾ ਹੋਣ ਦੀ ਸੰਭਾਵਨਾ ਹੋਵੇ ।

ਪ੍ਰਿੰਸੀਪਲ ਕੇ. ਐਸ. ਥਾਪਰ ਜੀ ਨੇ ਸੇਧ ਦੇ ਸੰਪਾਦਕ ਨੂੰ ਲਿਖੇ ਆਪਣੇ ਨੋਟ (ਸੇਧ, ਜੁਲਾਈ 1976) ਵਿਚ ਸ੍ਰ. ਸਬਿੰਦਰਜੀਤ ਸਿੰਘ ਸਾਗਰ ਦਾ ਨੋਟ ਪੜ੍ਹਣ ਉਪਰੰਤ ਪ੍ਰਸ਼ਨ ਉਠਾਇਆ ਹੈ ਕਿ ਕੀ ਇਹ ਸੱਚ ਹੈ ? ਇਸ ਪ੍ਰਸ਼ਨ ਦਾ ਭਾਵ ਜੋ ਮੈਂ ਜਾਂ ਕੋਈ ਹੋਰ ਕੁਦਰਤੀ ਤੌਰ 'ਤੇ ਸਮਝ ਸਕਦਾ ਹੈ, ਉਹ ਇਹ ਹੈ ਕਿ ਉਹ ਇਸ ਦੇ ਪਿਛੇ ਤੱਥਾਂ ਦੀ ਸਚਾਈ ਬਾਰੇ ਜਾਣਨਾ ਚਾਹੁੰਦੇ ਹਨ । ਪਰੰਤੂ ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਤਾਂ ਉਹ ਤੱਥਾਂ ਦੀ ਸਚਾਈ ਦੀ ਭਾਲ ਵਿਚ ਹਨ ਅਤੇ ਦੂਜੇ

ਪਾਸੇ ਸ੍ਰ. ਸਵਿੰਦਰਜੀਤ ਸਿੰਘ ਸਾਗਰ ਦੀ ਹਰ ਗੱਲ ਨੂੰ ਬਿਨਾਂ ਕਿਸੇ ਪਰਖ ਪੜਤਾਲ ਦੇ ਇੰਨ ਬਿੰਨ ਸਹੀ ਮੰਨ ਕੇ ਫਤਵੇ ਦੇ ਰਹੇ ਹਨ। ਇਥੇ ਹੀ ਬਸ ਨਹੀਂ, ਸਗੋਂ ਆਪਣੇ ਖਿਆਲਾਂ ਦੇ ਪਰਵਾਜ਼ ਨਾਲ ਦੋਸ਼ੀਆਂ ਬਾਰੇ ਟੇਵੇ ਵੀ ਲਾ ਰਹੇ ਹਨ। ਇਨ੍ਹਾਂ ਪਰਸਪਰ ਵਿਰੋਧੀ ਗੱਲਾਂ ਦਾ ਆਪੋ ਵਿਚ ਕੀ ਜੋੜ ਹੈ, ਇਹ ਉਹ ਆਪ ਹੀ ਦਸ ਸਕਦੇ ਹਨ। ਪਰ ਪ੍ਰਿੰਸੀਪਲ ਸਾਹਿਬ ਨੇ ਬੜੀ ਦੁਨੀਆਂ ਵੇਖੀ ਹੈ। ਇਸ ਲਈ ਮੇਰੀ ਇਹ ਧਾਰਨਾ ਹੈ ਕਿ ਜੇ ਉਹ ਸੰਪਾਦਕ ਜੀ ਨੂੰ ਚਿੱਠੀ ਲਿਖਣ ਤੋਂ ਪਹਿਲਾਂ ਤੱਥਾਂ ਬਾਰੇ ਸਾਡੇ ਕੋਲੋਂ ਜ਼ਰਾ ਪੁਛ ਲੈਂਦੇ ਜਾਂ ਮੈਂ ਹੀ ਇਹ ਨੋਟ ਕੁਝ ਚਿਰ ਪਹਿਲਾਂ ਲਿਖ ਦਿਤਾ ਹੁੰਦਾ ਤਾਂ ਉਨ੍ਹਾਂ ਨੂੰ ਇਹ ਖੇਚਲ ਕਰਨ ਦੀ ਲੋੜ ਨਾ ਪੈਂਦੀ। ਹਾਂ, ਇਹ ਮੰਨਣ ਵਾਲੀ ਗੱਲ ਹੈ ਕਿ ਜਿਨ੍ਹਾਂ ਸਿਧਾਂਤਕ ਅਸੂਲਾਂ ਦੀ ਪ੍ਰੇਰਨਾ ਹੇਠ ਉਨ੍ਹਾਂ ਨੇ ਇਹ ਨੋਟ ਲਿਖਿਆ ਹੈ, ਉਨ੍ਹਾਂ ਨਾਲ ਕਿਸੇ ਨੂੰ ਵੀ ਮਤ ਭੇਦ ਨਹੀਂ ਹੋ ਸਕਦਾ।

ਇਕ ਗੱਲ, ਸੰਪਾਦਕ ਜੀ, ਮੈਂ ਤੁਹਾਨੂੰ ਵੀ ਕਹੇ ਬਗੈਰ ਨਹੀਂ ਰਹਿ ਸਕਦਾ। ਚੰਗਾ ਹੁੰਦਾ ਜੇ ਥਾਪਰ ਸਾਹਿਬ ਦਾ ਨੋਟ ਸੇਧ ਵਿਚ ਛਾਪਣ ਤੋਂ ਪਹਿਲਾਂ ਇਸ ਬਾਰੇ ਮੇਰਾ ਜੁਆਬ ਵੀ ਲੈ ਲਿਆ ਜਾਂਦਾ ਅਤੇ ਉਹ ਵੀ ਇਸ ਨੋਟ ਦੇ ਨਾਲ ਹੀ ਛਪ ਜਾਂਦਾ। ਪਤਾ ਨਹੀਂ, ਤੁਸੀਂ ਮੇਰੇ ਨਾਲ ਇਸ ਗੱਲ 'ਤੇ ਸਹਿਮਤ ਹੁੰਦੇ ਹੋ ਜਾਂ ਨਹੀਂ, ਪਰ ਜੇ ਮੈਂ ਤੁਹਾਡੀ ਥਾਂ ਹੁੰਦਾ ਤਾਂ ਜ਼ਰੂਰ ਇੰਜ ਹੀ ਕਰਦਾ।

— ਡਾ. ਫੌਜਾ ਸਿੰਘ, ਪਟਿਆਲਾ

■ **ਸੰਪਾਦਕ ਦਾ ਦੋਸ਼ :** ਆਪਣੇ ਲੇਖ "ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ" (ਸੇਧ, ਜੁਲਾਈ 1976 ਅੰਕ) ਦੇ ਨਾਲ ਮੈਂ ਇਹ ਫੁਟ ਨੋਟ ਦਿਤਾ ਸੀ ਕਿ "ਇਸ ਲੇਖ ਵਿਚ ਦਿਤੇ ਗਏ ਇਤਿਹਾਸਕ ਤੱਥ ਡਾ. ਗੰਡਾ ਸਿੰਘ ਪਟਿਆਲਾ ਦੇ ਅੰਗਰੇਜ਼ੀ ਵਿਚ ਲਿਖੇ ਲੇਖ "ਗੁਰੂ ਤੇਗ਼ ਬਹਾਦਰ ਦੀ ਸ਼ਹੀਦੀ" ਉਤੇ ਆਧਾਰਤ ਹਨ", ਪਰ ਤੁਸਾਂ ਸੰਪਾਦਕ ਦੇ ਅਧਿਕਾਰ ਦੀ ਅਯੋਗ ਵਰਤੋਂ ਕਰਦਿਆਂ ਇਹ ਲਾਈਨ ਨਹੀਂ ਛਾਪੀ। ਅਕਾਦਮਿਕ ਦਿਆਨਤਦਾਰੀ ਨੂੰ ਮੁਖ ਰਖਦਿਆਂ ਇਹ ਫੁਟ-ਨੋਟ ਛਾਪਣਾ ਜ਼ਰੂਰੀ ਹੀ ਨਹੀਂ, ਸਗੋਂ ਅਵਸ਼ਕ ਸੀ। ਮੈਂ ਤਾਂ ਸਿਰਫ ਥੋੜੀ ਜਿਹੀ ਕਾਂਟ ਛਾਂਟ ਦੇ ਨਾਲ ਡਾ. ਗੰਡਾ ਸਿੰਘ ਦੇ ਅੰਗਰੇਜ਼ੀ ਵਿਚ ਦਿਤੇ ਵਿਚਾਰਾਂ ਨੂੰ ਪੰਜਾਬੀ ਰੂਪ ਹੀ ਦਿਤਾ ਸੀ।

— ਮੁਖ਼ਤਿਆਰ ਸਿੰਘ ਗਿੱਲ, ਪਟਿਆਲਾ

■ **ਭੁਲੇਖੇ ਦੀ ਗੁੰਜਾਇਸ਼ ਨਾ ਰਵ੍ਹੇ :** ਜੁਲਾਈ 1976 ਦੇ ਸੇਧ ਵਿਚ ਪੰਨੇ 27-32 ਪਰ ਸਰਦਾਰ ਮੁਖ਼ਤਿਆਰ ਸਿੰਘ ਗਿੱਲ ਵਲੋਂ 'ਗੁਰੂ ਤੇਗ਼ ਬਹਾਦੁਰ ਦੀ ਸ਼ਹੀਦੀ' ਪਰ ਇਕ ਲੇਖ ਛਪਿਆ ਹੈ ਜੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸੈਨਿਟ ਹਾਲ ਵਿਚ 8 ਮਾਰਚ 1976 ਨੂੰ ਅੰਗਰੇਜ਼ੀ ਵਿਚ ਪੜ੍ਹੇ ਗਏ ਪਰਚੇ The Martyrdom of Guru Tegh Bahadur ਦੇ ਕੁਝ ਹਿੱਸਿਆਂ ਦਾ ਇੰਨ ਬਿੰਨ ਪੰਜਾਬੀ ਉਲਥਾ ਹੈ ਅਤੇ ਕੁਝ ਦਾ ਸੰਖੇਪ ਉਲਥਾ। ਇਸ ਨਾਲ ਉਨ੍ਹਾਂ ਨੇ ਉਸ ਪਰਚੇ ਦੇ ਮਜ਼ਮੂਨ ਨੂੰ ਉਨ੍ਹਾਂ ਸਜਨਾਂ ਤਕ ਪਹੁੰਚਾ ਦਿਤਾ ਹੈ ਜਿਨ੍ਹਾਂ ਨੇ ਉਸ ਦਿਨ ਇਹ ਨਹੀਂ ਸੀ ਸੁਣਿਆ ਜਾਂ ਜਿਨ੍ਹਾਂ ਤਕ ਇਹ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਫ਼ਰਵਰੀ 1976 ਦੇ ਜਨਰਲ ਔਫ਼ ਸਿਖ ਸਟੱਡੀਜ਼ (**Journal of Sikh Studies**) ਜਾਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਪ੍ਰੈਲ 1976 ਦੇ ਪੰਜਾਬ ਪਾਸਟ ਐਂਡ ਪ੍ਰੈਜ਼ੇਂਟ (**The Panjab Past and Present**) ਰਾਹੀਂ ਨਹੀਂ ਸੀ ਪੁੱਜਾ। ਇਹ ਦੋਨੋਂ ਛਿਮਾਹੀ ਰਸਾਲੇ ਇਸ ਸਾਲ ਬਹੁਤ ਪੱਛੜ ਗਏ ਹਨ।

ਇਸ ਲੇਖ ਵਿਚ ਉਲਥਾਕਾਰ ਵਲੋਂ ਕੁਝ ਕੁ ਭੁੱਲਾਂ ਹੋ ਗਈਆਂ ਹਨ ਜਿਸ ਦਾ ਕਾਰਨ ਇਹ ਜਾਪਦਾ ਹੈ ਕਿ ਉਹ ਫਾਰਸੀ ਨਾ ਜਾਣਨ ਕਰਕੇ ਫਾਰਸੀ ਸ਼ਬਦਾਂ ਅਤੇ ਹੱਥ-ਲਿਖਤਾਂ ਦੇ ਸਿਰਲੇਖਾਂ ਨੂੰ ਪੰਜਾਬੀ ਵਿਚ ਠੀਕ ਤਰ੍ਹਾਂ ਨਹੀਂ ਲਿਖ ਸਕੇ। ਕਈ ਥਾਈਂ ਉਨ੍ਹਾਂ ਨੇ ਇਸ ਗੱਲ ਦਾ ਬਚਾਓ ਇਸ ਤਰ੍ਹਾਂ ਕਰਨ ਦਾ ਜਤਨ ਜ਼ਰੂਰ ਕੀਤਾ ਹੈ ਕਿ ਠੀਕ ਉਚਾਰਣ ਦਾ ਪਤਾ ਨਾ ਹੋਣ ਵਾਲੇ ਸ਼ਬਦਾਂ ਨੂੰ ਅੰਗਰੇਜ਼ੀ ਅੱਖਰਾਂ ਵਿਚ ਹੀ ਦੇ ਦਿਤਾ ਹੈ। ਪਰ ਇਸ ਨਾਲ ਅੰਗਰੇਜ਼ੀ ਨਾ-ਜਾਣਨ ਵਾਲੇ ਪਾਠਕਾਂ ਦੇ ਪੱਲੇ ਕੁਝ ਭੀ ਨਹੀਂ ਪੈਂਦਾ। ਕੁਝ ਕੁ ਇਤਿਹਾਸਕਾਰਾਂ, ਇਤਿਹਾਸਕ ਮਨੁੱਖਾਂ ਅਤੇ ਅਸਥਾਨਾਂ ਦੇ ਨਾਉਂ ਭੀ ਗ਼ਲਤ ਹੋ ਗਏ ਹਨ। ਇਕ ਦੋ ਥਾਈਂ ਅੰਗਰੇਜ਼ੀ ਦਾ ਉਲਥਾ ਭੀ ਕੁਝ ਭੁਲੇਖੇ ਵਾਲਾ ਹੋ ਗਿਆ ਹੈ।

ਸੇਧ ਦੇ ਪਾਠਕਾਂ ਦੀ ਸਹੂਲੀਅਤ ਲਈ ਹੇਠ ਲਿਖੀਆਂ ਭੁੱਲਾਂ ਵਲ ਉਨ੍ਹਾਂ ਦਾ ਧਿਆਨ ਦਿਲਾ ਦਿਤਾ ਜਾਂਦਾ ਹੈ ਤਾਂ ਕਿ ਬਹੁਤਾ ਚਿਰ ਭੁਲੇਖੇ ਦੀ ਗੁੰਜਾਇਸ਼ ਨਾ ਰਹੇ।

**ਪੰਨਾ 27 ਸਤਰ 19 —** ਅਸਥਾਨ ਦਾ ਨਾਉਂ 'ਆਮ੍ਹੇਰ' ਹੈ, 'ਅਮਹੇਰ' ਨਹੀਂ। ਉਥੋਂ ਦੇ ਰਾਜੇ ਦਾ ਨਾਉਂ 'ਰਾਮ ਸਿੰਘ ਕਛਵਾਹਾ' ਸੀ, ਰਾਜਾ ਰਾਮ ਕਛਵਾਹਾ ਨਹੀਂ।

**ਸਤਰ 21 —** ਰਾਜੇ ਨੂੰ ਔਰੰਗਜ਼ੇਬ ਨੇ ਆਸਾਮੀਆਂ ਨਾਲ ਗੱਲ-ਬਾਤ ਕਰਨ ਲਈ ਨਹੀਂ ਸੀ ਭੇਜਿਆ, ਬਲਕਿ ਉਨ੍ਹਾਂ ਦੇ ਦੇਸ਼ ਨੂੰ ਫ਼ਤਿਹ ਕਰਨ ਲਈ ਮੁਹਿੰਮ ਪਰ ਭੇਜਿਆ ਸੀ।

**ਸਤਰ 28 —** ਪੁਸਤਕ ਦਾ ਠੀਕ ਨਾਉਂ ਮਆਸਿਰਿ-ਆਲਮਗੀਰੀ ਹੈ, 'ਮਸੀਰ-ਇ-ਆਲਮਗੀਰੀ' ਨਹੀਂ।

**ਪੰਨਾ 28 ਸਤਰ ਪਹਿਲੀ —** ਅਸਥਾਨ ਦਾ ਨਾਉਂ 'ਹੁਗਲੀ' ਹੈ, 'ਹੁਗਜੀ' ਨਹੀਂ।

**ਸਤਰ 2 — Pagan** (ਪੇਗਨ) ਕੋਈ ਖ਼ਾਸ ਵੱਖਰਾ ਧਰਮ ਜਾਂ ਫਿਰਕਾ ਨਹੀਂ ਹੈ। ਈਸਾਈ ਅਤੇ ਮੁਸਲਮਾਨ ਆਪਣੇ ਧਰਮ ਵਾਲਿਆਂ ਤੋਂ ਬਿਨਾਂ ਸਭ ਨੂੰ ਹੀ 'ਪੇਗਨ' ਕਹਿ ਦਿੰਦੇ ਹਨ ਜਿਸ ਨੂੰ 'ਕਾਫਰ' ਜਾਂ 'ਬੁਤ-ਪੂਜ' ਸ਼ਬਦਾਂ ਦੇ ਅਰਥ ਵਿਚ ਲੈਣਾ ਚਾਹੀਦਾ ਹੈ।

**ਸਤਰ 7 —** ਸ਼ਬਦ ਇਨਾਇਤੁੱਲਾ ਹੈ, 'ਇਨਾਯਾਤੁਲਾਹ' ਨਹੀਂ।

**ਸਤਰ 8 —** 'ਅਖਮ-ਇ-ਆਲਮਗੀਰੀ' ਠੀਕ ਨਹੀਂ। 'ਅਹਿਕਾਮਿ-ਆਲਮਗੀਰੀ' ਹੈ।

**ਸਤਰ 10 —** ਜਗ੍ਹਾ ਦਾ ਨਾਉਂ 'ਬੂੜੀਆ' ਹੈ, 'ਬੁਰੀਯਾ' ਨਹੀਂ। ਇਥੇ **Temple** ਦੇ ਅਰਥ 'ਗੁਰਦੁਆਰਾ' ਕਰਨੇ ਚਾਹੀਦੇ ਹਨ, ਮੰਦਰ ਨਹੀਂ। ਸਿੱਖਾਂ ਦੇ ਧਰਮ-ਅਸਥਾਨ ਨੂੰ ਮੰਦਰ ਨਹੀਂ ਕਹਿੰਦੇ।

**ਸਤਰ 11 —** ਠੀਕ ਲਫ਼ਜ਼ **Insha** 'ਇਨਸ਼ਾ' ਹੈ, ਇਨਸ਼ਲ ਜਾਂ ਇਨਸ਼ਾਲ (**Inshal**) ਨਹੀਂ।

**ਸਤਰ 19 —** 'ਦੱਖਣ ਭਾਰਤ' ਨਹੀਂ ਚਾਹੀਦਾ, ਮਾਲਵੇ ਦੇਸ਼ ਤੋਂ ਦੱਖਣ ਨੂੰ ਇਲਾਕਾ ਮਤਲਬ ਹੈ।

**ਸਤਰ 32 —** ਅਸਲ ਲੇਖ ਵਿਚ ਪਠਾਨ ਲੀਡਰ ਦਾ ਨਾਉਂ 'ਹਾਫਿਜ਼ ਆਦਮ' ਦਿਤਾ ਹੋਇਆ

---

* ਸੰਪਾਦਕ ਸੇਧ ਦੀ ਬਦੇਸ਼ ਯਾਤਰਾ ਕਾਰਨ ਡਾ. ਫੌਜਾ ਸਿੰਘ, ਸ੍ਰੀ ਕੇ. ਐਸ. ਥਾਪਰ, ਡਾ. ਗੰਡਾ ਸਿੰਘ, ਸ੍ਰ. ਮੁਖ਼ਤਿਆਰ ਸਿੰਘ ਗਿੱਲ ਤੇ ਸ੍ਰ. ਜਗਜੀਤ ਸਿੰਘ ਹੁਰਾਂ ਦੇ ਨੋਟ ਅਗਸਤ ਅੰਕ ਵਿਚ ਛਪਣੋਂ ਰਹਿ ਗਏ ਸਨ। ਇਹ ਹੁਣ ਛਾਪੇ ਜਾ ਰਹੇ ਹਨ। ਖਿਮਾਂ !

ਹੈ, ਹਾਫਜ਼ 'ਮੁਹੰਮਦ' ਕਿਧਰੇ ਭੀ ਨਹੀਂ ਲਿਖਿਆ ਹੋਇਆ । ਨਾਵਾਂ ਵਿਚ ਇਸ ਤਰ੍ਹਾਂ ਦੀ ਗ਼ਲਤੀ ਕਈ ਭੈੜੀਆਂ ਗੁੰਝਲਾਂ ਪਾ ਦਿਆ ਕਰਦੀ ਹੈ ।

ਪੰਨਾ 29 ਸਤਰ 6 — ਅਸਲ ਅੰਗਰੇਜ਼ੀ ਲੇਖ ਵਿਚ ਲਫ਼ਜ਼ hostile ਹੈ, ਜਿਸ ਦੇ ਅਰਥ 'ਮਾਰੂ' ਕਰਨਾ ਅਸਲ ਲੇਖਕ ਨਾਲ ਬੇ-ਇਨਸਾਫ਼ੀ ਹੈ । 'ਵੈਰੀ' ਜਾਂ 'ਵਿਰੋਧੀ' ਜ਼ਿਆਦਾ ਠੀਕ ਅਤੇ ਢੁਕਵਾਂ ਹੈ ।

ਪੰਨਾ 30 ਸਤਰ 5 — ਗੁਰੂ ਗੋਬਿੰਦ ਸਿੰਘ ਜੀ ਦਾ ਛੋਟੀ ਉਮਰ ਦਾ ਨਾਉਂ ਅਸਲ ਲੇਖ ਵਿਚ ਗੋਬਿੰਦ ਦਾਸ ਲਿਖਿਆ ਹੋਇਆ ਹੈ । ਉਲਥੇ ਵਿਚ ਗੋਬਿੰਦ ਰਾਮ ਲਿਖਣਾ ਗਲਤ ਹੈ । 'ਗੋਬਿੰਦ ਦਾਸ' ਖੁਦ ਸ੍ਰੀ ਗੁਰੂ ਤੇਗ ਬਹਾਦੁਰ ਜੀ ਨੇ ਆਪਣੇ ਇਕ ਹੁਕਮਨਾਮੇ ਵਿਚ ਲਿਖਿਆ ਹੈ, ਜਾਂ, ਗੋਬਿੰਦ ਰਾਇ ਭੀ ਕੁਝ ਲਿਖਾਰੀਆਂ ਨੇ ਲਿਖਿਆ ਹੈ । 'ਗੋਬਿੰਦ ਰਾਮ' ਇਕ ਨਵੀਂ ਇਤਿਹਾਸ-ਵਿਰੁਧ ਘਾੜਤ ਹੈ ਜੋ ਠੀਕ ਨਹੀਂ ।

ਸਤਰ 9 — ਪੁਸਤਕ ਦਾ ਸਿਰਲੇਖ 'ਸ਼ਹੀਦ ਬਿਲਾਸ' ਹੈ, 'ਸ਼ਹੀਦੀ ਬਿਲਾਸ' ਨਹੀਂ ਹੈ ।

ਸਤਰ 33 — 'ਭੱਟ ਵਹੀ ਤਲੌਂਡਾ' ਚਾਹੀਦਾ ਹੈ, 'ਤਲੌਦਾ' ਠੀਕ ਨਹੀਂ । ਇਹ ਹੀ ਭੁੱਲ ਦੂਸਰੀ ਵਾਰੀ ਪੰਨਾ 32 ਸਤਰ 14 ਵਿਚ ਫੇਰ ਹੋ ਗਈ ਹੈ ।

ਪੰਨਾ 31 ਸਤਰ 5 — ਸ੍ਰੀ ਗੁਰੂ ਤੇਗ ਬਹਾਦੁਰ ਅਤੇ ਉਨ੍ਹਾਂ ਦੇ ਸਾਥੀ ਸਿਖ ਪੰਜ ਨਵੰਬਰ 1675 ਨੂੰ ਦਿੱਲੀ ਪੁੱਜੇ ਸਨ, ਪੰਦਰਾਂ ਨਵੰਬਰ ਨੂੰ ਨਹੀਂ । ਇਹ ਤਾਰੀਖ ਦੇਣ ਵਿਚ ਬੜੀ ਭਾਰੀ ਭੁੱਲ ਹੋ ਗਈ ਹੈ । ਪੰਦਰਾਂ ਨਵੰਬਰ ਦੀ ਤਾਰੀਖ਼ ਤਾਂ ਗੁਰੂ ਮਹਾਰਾਜ ਦੀ ਸ਼ਹੀਦੀ ਤੋਂ ਭੀ ਚਾਰ ਦਿਨ ਪਿਛੋਂ ਦੀ ਜਾ ਬਣਦੀ ਹੈ । ਉਨ੍ਹਾਂ ਦੀ ਸ਼ਹੀਦੀ ਮੱਘਰ ਸੁਦੀ ਪੰਜ, ਸੰਮਤ 1732 ਬਿਕਰਮੀ, ਮੁਤਾਬਕ ਗਿਆਰਾ ਨਵੰਬਰ ਸੰਨ 1675 ਈਸਵੀ ਨੂੰ ਹੋਈ ਸੀ ।

ਸਤਰ 24-5 — ਪੁਸਤਕ ਦੇ ਕਰਤਾ ਦਾ ਨਾਉਂ ਸੁਜਾਨ ਰਾਇ 'ਭੰਡਾਰੀ' ਹੈ, 'ਬਹਾਦਰੀ' ਨਹੀਂ, ਅਤੇ ਪੁਸਤਕ ਦਾ ਸਹੀ ਸਿਰਲੇਖ ਖੁਲਾਸਾਤੁ-ਤ-ਤਵਾਰੀਖ ਹੈ । ਅਰਬੀ ਫਾਰਸੀ ਵਿਚ ਦੋ ਸ਼ਬਦਾਂ ਨੂੰ ਜੋੜਨ ਲਈ ਲਿਖੇ ਹੋਏ 'ਅਲ' (ਅਲਫ਼ ਲਾਮ) ਬੋਲੇ ਨਹੀਂ ਜਾਂਦੇ, ਕੇਵਲ ਜ਼ਬਰ ਜਾਂ ਪੇਸ਼ ਦੀ ਆਵਾਜ਼ ਨਾਲ ਹੀ ਸਹਾਇਤਾ ਕਰਦੇ ਹਨ ।

ਪੰਨਾ 32 ਸਤਰ 15-6 — ਫਰੁਖਸੀਅਰ ਨਾਮੇ ਦੇ ਕਰਤਾ ਦਾ ਠੀਕ ਨਾਉਂ 'ਮੁਹੰਮਦ ਅਹਿਸਾਨ ਈਜਾਦ' ਹੈ, 'ਮੁਹੰਮਦ ਅਹਸਾਨ ਇੱਜ਼ਤ' ਨਹੀਂ ।

ਸਤਰ 22 — Masir-i-Alamgiri ਠੀਕ ਤੌਰ ਤੇ Maasir-i-Alamgiri ਹੈ, ਜਿਸ ਦਾ ਸ਼ੁੱਧ ਉਚਾਰਣ ਮਆਸਿਰਿ-ਆਲਮਗੀਰੀ ਹੈ । Masir ਲਿਖਣ ਨਾਲ ਮਸਿਰ, ਮਸੀਰ, ਮਾਸਿਰ, ਮਾਸੀਰ ਉਚਾਰਿਆ ਜਾ ਸਕਦਾ ਹੈ, ਜੋ ਠੀਕ ਨਹੀਂ ਹੈ ।

ਮੈਂ ਇਹ ਕੁਝ ਕੁ ਇਸ ਲਈ ਲਿਖਿਆ ਹੈ ਤਾਂ ਕਿ ਜਿਥੇ ਕਿਧਰੇ ਭੀ ਕਿਸੇ ਨੂੰ ਕੋਈ ਭੁਲੇਖਾ ਲੱਗਾ ਹੈ ਜਾਂ ਲੱਗਣ ਦੀ ਗੁੰਜਾਇਸ਼ ਹੈ, ਉਹ ਨਾ ਰਹੇ ।

ਜਦ ਭੀ ਕੋਈ ਸਾਹਿਤ-ਪ੍ਰੇਮੀ ਕਿਸੇ ਹੋਰ ਦੇ ਲੇਖ ਦਾ ਕਿਸੇ ਦੂਸਰੀ ਬੋਲੀ ਵਿਚੋਂ ਤਰਜਮਾ ਕਰਨ ਦੀ ਸੇਵਾ ਕਰੇ ਤਾਂ ਉਸ ਨੂੰ ਆਰੰਭ ਵਿਚ ਇਹ ਦੱਸ ਦੇਣਾ ਚਾਹੀਦਾ ਹੈ ਕਿ ਉਸ ਨੇ ਇਹ ਲੇਖ ਫਲਾਨੇ ਲੇਖਕ ਦੇ ਲੇਖ ਨੂੰ ਫਲਾਨੀ ਬੋਲੀ ਵਿਚੋਂ ਅੱਖਰੋ ਅੱਖਰ, ਖੁੱਲ੍ਹਾ ਜਾਂ ਸੰਖੇਪ ਕਰਕੇ ਤਰਜਮਾ ਕੀਤਾ ਹੈ । ਇਹ ਕੁਝ ਦੱਸ ਦੇਣ ਨਾਲ ਉਲਥਾਕਾਰ ਦੀ ਬਹੁਤ ਸਾਰੀ ਜ਼ੁਮੇਂਵਾਰੀ ਘਟ ਜਾਂਦੀ ਹੈ ਅਤੇ ਉਸ ਵਿਚ ਕਿਸੇ ਭੁੱਲ ਭੁਲੇਖੇ ਦੀ ਬਹੁਤ ਸਾਰੀ ਜ਼ੁਮੇਂਵਾਰੀ ਅਸਲ ਲੇਖਕ ਦੀ ਹੀ ਬਣੀ ਰਹਿੰਦੀ



ਹੈ ਅਤੇ ਉਲਥਾਕਾਰ ਪਰ ਘਟ ਹੀ ਕੋਈ ਹਰਫ਼ ਆਉਂਦਾ ਹੈ । ਇਹ ਕੁਝ ਨਾ ਦੱਸਣ ਨਾਲ ਇਹ ਚੋਰੀ ਬਣ ਜਾਂਦੀ ਹੈ । ਇਹ ਗੱਲ ਇਕ ਇਖ਼ਲਾਕੀ ਅਤੇ ਕਾਨੂੰਨੀ ਜੁਰਮ ਭੀ ਹੈ । ਜੇ ਅਸਲ ਲੇਖਕ ਪਾਸੋਂ ਉਲਥਾ ਕਰਨ ਦੀ ਆਗਿਆ ਲੈ ਲਈ ਜਾਏ, ਅਤੇ ਉਲਥਾ ਕਰ ਕੇ ਉਸ ਨੂੰ ਵਿਖਾ ਲਿਆ ਜਾਏ ਤਾਂ ਹੋਰ ਭੀ ਚੰਗੀ ਗੱਲ ਹੈ, ਅਤੇ ਜੇ ਲੇਖਕ ਨੇ ਆਪਣੇ ਲੇਖ ਦਾ ਆਪ ਤਰਜਮਾ ਨਾ ਕਰਨਾ ਹੋਵੇ, ਤਾਂ ਉਹ ਉਲਥਾਕਾਰ ਦਾ ਧੰਨਵਾਦੀ ਭੀ ਹੋਵੇਗਾ ।  — ਡਾ. ਗੰਡਾ ਸਿੰਘ, ਪਟਿਆਲਾ

■ ਸੇਧ ਦਾ ਕੁਝ ਅਰਸਾ ਬੰਦ ਰਹਿਣ ਦਾ ਬੜਾ ਹੀ ਦੁੱਖ ਹੋਇਆ ਸੀ । ਹੁਣ ਕਿਸੇ ਪਾਸੋਂ ਪਤਾ ਲਗਾ ਕਿ ਸੇਧ ਨੇ ਸੰਕਟ ਉਤੇ ਕਾਬੂ ਪਾ ਲਿਆ ਹੈ ਅਤੇ ਦੁਬਾਰਾ ਸ਼ੁਰੂ ਹੋ ਗਈ ਹੈ । ਇਸ ਗੱਲ ਦੀ ਤਸੱਲੀ ਹੋਈ । ਪਰ ਸੇਧ ਦੇ ਮੁੜ ਕੇ ਚਾਲੂ ਹੋ ਜਾਣ ਤੋਂ ਬਾਅਦ ਕੋਈ ਅੰਕ ਨਹੀਂ ਮਿਲਿਆ । ਕਿਰਪਾ ਕਰਕੇ ਪਰਚਾ ਜ਼ਰੂਰ ਭੇਜਿਆ ਕਰੋ । ਕਿਸੇ ਨਾ ਕਿਸੇ ਤਰੀਕੇ ਨਾਲ ਮੈਂ ਸੇਧ ਦਾ ਮੁੱਲ ਜ਼ਰੂਰ ਚੁਕਾ ਦਿਆਂਗਾ ।  — ਪ੍ਰੋ. ਹਮਦਰਦਵੀਰ ਨੌਸ਼ਹਿਰਵੀ, ਸਮਰਾਲਾ

[ਪੰਜਾਬ ਵਿਚ ਰਹਿੰਦੇ, ਪੰਜਾਬੀ ਦੇ ਪ੍ਰੋਫ਼ੈਸਰ ਅਤੇ ਪੰਜਾਬੀ ਦੇ ਲੇਖਕ (ਜਿਹਨਾਂ ਦੀਆਂ ਔਸਤਨ ਤੀਹ ਚੀਜ਼ਾਂ ਹਰ ਮਹੀਨੇ ਤੀਹਾਂ ਪਰਚਿਆਂ ਵਿਚ ਛਪਦੀਆਂ ਹੋਣ !) ਦੀ ਜਾਣਕਾਰੀ ਦਾ ਜੇ ਇਹ ਹਾਲ ਹੈ ਕਿ ਸੇਧ ਕੁਝ ਅਰਸਾ ਬੰਦ ਰਿਹਾ, ਸੇਧ ਨੇ ਸੰਕਟ 'ਤੇ ਕਾਬੂ ਪਾਇਆ ਅਤੇ ਸੇਧ ਹੁਣ ਫਿਰ ਨਿਕਲਣ ਲਗ ਪਿਆ ਹੈ, ਤਾਂ ਅਰਦਾਸ ਹੀ ਕੀਤੀ ਜਾ ਸਕਦੀ ਹੈ : ਵਾਹਿਗੁਰੂ ਸੁਮੱਤ ਬਖ਼ਸ਼ੇ ! ਗਿਆਨ 'ਚ ਵਾਧਾ ਕਰੇ ! ਇਸ ਮਿਹਰਬਾਨ ਸੱਜਣ ਨੂੰ ਇਹ ਪਤਾ ਨਹੀਂ ਕਿ ਸੇਧ ਪਿਛਲੇ ਸਾਢੇ ਚਹੁੰ ਸਾਲਾਂ ਤੋਂ ਬਾਕਾਇਦਾ ਤੇ ਵਕਤ ਸਿਰ ਨਿਕਲਦਾ ਰਿਹਾ ਹੈ ਅਤੇ ਪੰਜਾਬ ਦੇ ਸ਼ਹਿਰਾਂ, ਕਸਬਿਆਂ ਵਿਚ ਏਜੰਟਾਂ ਰਾਹੀਂ ਵੀ ਵਿਕਦਾ ਹੈ ਅਤੇ ਸਿੱਧਾ ਵੀ ਸਾਲਾਨਾ ਗਾਹਕਾਂ ਕੋਲ ਪੁਜਦਾ ਹੈ ।

— ਸੰਪਾਦਕ]

■ ਇਹ ਇੰਝਾਈਂ ਕਿਉਂ ? ਸ੍ਰ: ਹਰਚਰਨ ਸਿੰਘ ਸੋਬਤੀ ਨੇ ਪ੍ਰੋ: ਪੂਰਨ ਸਿੰਘ ਦੀ ਕਵਿਤਾ ਉਤੇ ਇਕ ਲੇਖ ਲਿਖਿਆ ਹੈ — "ਆ ਭੈਣੇ ਹੀਰੇ !" (ਸੇਧ, ਜਿਲਦ 5, ਨੰ: 7) ਪ੍ਰੋ. ਪੂਰਨ ਸਿੰਘ ਦੀ ਕਵਿਤਾ ਉਤੇ ਕਈ ਲੇਖ ਲਿਖੇ ਜਾ ਚੁਕੇ ਹਨ । ਆਪੋ ਆਪਣੀ ਸਮਝ ਅਨੁਸਾਰ ਲੇਖਕ ਉਨ੍ਹਾਂ ਦੀ ਕਵਿਤਾ ਨੂੰ ਸਲਾਹੁੰਦਾ ਹੈ, ਆਲੋਚਨਾ ਕਰਦਾ ਹੈ, ਸਮਝਣ ਦਾ ਯਤਨ ਕਰਦਾ ਹੈ, ਉਹਨਾਂ ਦੇ ਜੀਵਨ ਨਾਲ ਉਹਨਾਂ ਦੀ ਕਵਿਤਾ ਨੂੰ ਜੋੜਨ ਦੀ ਕੋਸ਼ਿਸ਼ ਕਰਦਾ ਹੈ । ਸੋਬਤੀ ਸਾਹਿਬ ਨੇ ਵੀ ਕਵਿਤਾ ਦਾ ਇਕ ਪੱਖ ਤੋਲਿਆ ਹੈ । ਮੈਂ ਇਸ ਬਾਰੇ ਕੁਝ ਨਹੀਂ ਕਹਿਣਾ, ਉਹਨਾਂ ਦੇ ਆਪਣੇ ਵਿਚਾਰ ਹਨ । ਪਰ ਪ੍ਰੋ: ਪੂਰਨ ਸਿੰਘ ਦੇ ਜੀਵਨ ਪੱਖ ਬਾਰੇ ਅਤੇ ਸਮੇਂ ਦੇ ਇਤਿਹਾਸਕ ਵਾਤਾਵਰਨ ਦੇ ਸੰਬੰਧ ਵਿਚ ਕੁਝ ਗੱਲਾਂ ਇੰਝਾਈਂ ਕਹੀਆਂ ਗਈਆਂ ਹਨ ਜੋ ਢੁਕਦੀਆਂ ਵੀ ਨਹੀਂ । ਮੈਂ ਉਸ ਪੱਖ ਵਲ ਧਿਆਨ ਦਵਾਉਣਾ ਚਾਹੁੰਦਾ ਹਾਂ ।

ਆਪਣੇ ਲੇਖ ਦੇ ਪੈਰਾ 3 ਵਿਚ ਸੋਬਤੀ ਸਾਹਿਬ ਨੇ ਸਿੰਘ ਸਭਾ ਅਤੇ ਉਸ ਦੇ ਆਗੂਆਂ ਉਤੇ ਕੁਥਾਂਵੇ ਹਮਲਾ ਕੀਤਾ ਹੈ । ਸਿੰਘ ਸਭਾ ਲਹਿਰ ਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ । ਇਤਿਹਾਸਕ ਪੱਖ 'ਤੇ ਜੋ ਕਿਹਾ ਹੈ ਉਹ ਠੀਕ ਨਹੀਂ । ਮੈਕਾਲਿਫ਼ ਨੇ ਆਪਣੀ ਪੁਸਤਕ ਸਿਖ ਰਿਲਿਜਨ ਵਿਚ ਗੁਰੂ ਤੇਗ ਬਹਾਦਰ ਜੀ ਦੇ ਮੁਖਾਰਬਿੰਦ ਤੋਂ ਐਸੇ ਸ਼ਬਦ ਦਰਸਾਏ ਹਨ ਜਿਨ੍ਹਾਂ ਦਾ ਕਿ ਇਹ ਭਾਵ

ਨਿਕਲੇ ਕਿ ਨੌਵੇਂ ਗੁਰੂ ਨੇ ਅੰਗਰੇਜ਼ਾਂ ਦੇ ਆਵਣ ਦੀ ਪੇਸ਼ੀਨਗੋਈ ਕੀਤੀ ਸੀ। ਮੈਕਾਲਿਫ ਸਿੰਘ ਸਭੀਆ ਨਹੀਂ ਸੀ। ਉਸ ਨੇ ਸਿਖ ਧਰਮ ਅਤੇ ਇਤਿਹਾਸ ਦੀ ਖੋਜ ਵੀ ਇਕ ਖ਼ਾਸ ਮੰਤਵ ਨਾਲ ਕੀਤੀ। ਟਰੰਪ ਦੇ ਗੁਰੂ ਗ੍ਰੰਥ ਸਾਹਿਬ ਦੇ ਟੀਕੇ ਤੇ ਉਸ ਦੇ ਮੁਖਬੰਦ ਵਿਚ ਲਿਖੇ ਸਿਖ ਇਤਿਹਾਸ ਤੋਂ ਸਿਖ ਖ਼ੁਸ਼ ਨਹੀਂ ਸਨ। ਮੈਕਾਲਿਫ ਦੀ ਕੋਸ਼ਿਸ਼ ਸੀ ਕਿ ਸਿਖ ਧਰਮ ਦੇ ਸਮੁਚੇ ਪਹਿਲੂ ਦਰਸਾਕੇ ਸਿਖਾਂ ਦੇ ਦਿਲ ਸ਼ਾਂਤ ਕੀਤੇ ਜਾਣ। ਮੈਕਾਲਿਫ ਦੀ ਪੁਸਤਕ ਸ਼ਲਾਘਾਯੋਗ ਹੈ। ਉਸ ਦਾ ਇਹ ਵਾਧੂ ਯਤਨ ਕਿ ਸਿਖਾਂ ਤੇ ਅੰਗਰੇਜ਼ਾਂ ਦੇ ਸੰਬੰਧ ਨਿਕਟ ਹੋਣ, ਹੀ ਨੌਵੇਂ ਗੁਰੂ ਦੇ ਨਾਂ ਨਾਲ ਜੋੜੀ ਪੇਸ਼ੀਨਗੋਈ ਦਾ ਜ਼ਿਮੇਦਾਰ ਹੈ। ਭਾਵੇਂ ਉਹ ਲਿਖਦਾ ਹੈ ਕਿ ਉਸ ਦੀ ਗੱਲ ਦਾ ਆਧਾਰ ਇਕ ਪੁਸਤਕ 'ਗੁਰੂ ਬੰਸ ਪ੍ਰਕਾਸ਼' ਹੈ। ਉਹ ਇਹ ਭੀ ਲਿਖਦਾ ਹੈ ਕਿ ਜਦੋਂ ਜਰਨੈਲ ਨਿਕਲਸਨ ਦੀਆਂ ਫ਼ੌਜਾਂ ਨੇ 1857 ਵਿਚ ਦਿੱਲੀ ਉਤੇ ਹਮਲਾ ਕੀਤਾ ਤਾਂ ਉਸ ਦੀ ਫ਼ੌਜ ਵਿਚ ਜੋ ਸਿਖ ਸੈਨਕ ਸਨ ਉਨ੍ਹਾਂ ਨੇ ਗੁਰੂ ਤੇਗ਼ ਬਹਾਦਰ ਨਾਲ ਸੰਬੰਧਤ ਪੇਸ਼ੀਨਗੋਈ ਦੇ ਨਾਅਰੇ ਲਾਏ। ਏਹ ਸਭ ਕੁਝ ਮੈਕਾਲਿਫ ਦੀ ਪੁਸਤਕ ਵਿਚ ਹੈ। ਸੋਚਣ ਵਾਲੀ ਗੱਲ ਹੈ ਕਿ 1857 ਵਿਚ ਜੇ ਇਹ ਗੱਲ ਹੋਈ ਵੀ, ਤਾਂ ਇਸ ਗੱਲ ਦੇ ਬਾਨੀ ਸਿਖ ਸਨ ਯਾ ਅੰਗਰੇਜ਼? 1857 ਵਿਚ ਸਿੱਖਾਂ ਨੂੰ ਅੰਗਰੇਜ਼ਾਂ ਦੀ ਲੋੜ ਸੀ ਯਾ ਅੰਗਰੇਜ਼ਾਂ ਨੂੰ ਸਿਖ ਸੈਨਿਕ ਸਹਾਇਤਾ ਦੀ? ਜੇ ਕਿਸੇ ਸਿਖ ਨੇ ਉਸ ਵੇਲੇ ਅੰਦਰਖਾਨੇ ਇਸ ਬੇਥਵ੍ਹੀ ਪੇਸ਼ੀਨਗੋਈ ਨਾਲ ਸੰਮਤੀ ਕੀਤੀ ਵੀ ਤਾਂ ਉਹ ਸਿੰਘ ਸਭਾ ਨਹੀਂ ਹੋ ਸਕਦੀ। 1857 ਵਿਚ ਤਾਂ ਹਾਲੇ ਸਿੰਘ ਸਭਾ ਸਥਾਪਤ ਵੀ ਨਹੀਂ ਸੀ ਹੋਈ। ਸਿੰਘ ਸਭਾ ਦਾ ਜਨਮ ਇਸ ਘਟਨਾ ਤੋਂ ਲਗਪਗ ਵੀਹ ਸਾਲ ਪਿਛੋਂ ਹੋਇਆ ਹੈ। ਵਿਚਾਲੇ ਸਿਖਾਂ ਦਾ ਅੰਗਰੇਜ਼ਾਂ ਨਾਲ ਰੋਸ ਕੂਕਾ ਲਹਿਰ ਰਾਹੀਂ ਪਰਤੱਖ ਹੋ ਚੁਕਾ ਸੀ। ਮਿਸ਼ਨਰੀ ਪ੍ਰਚਾਰ ਨਾਲ ਸਿਖਾਂ ਨੂੰ ਈਸਾਈ ਮੱਤ ਵਿਚ ਲੈਣ 'ਤੇ ਪੂਰਾ ਜ਼ੋਰ ਸੀ। ਮਹਾਰਾਜਾ ਦਲੀਪ ਸਿੰਘ ਤਾਂ ਸੀ ਹੀ ਇੰਗਲਿਸਤਾਨ ਵਿਚ ਤੇ ਪਹਿਲੋਂ ਹੀ ਈਸਾਈ ਮਤ ਗ੍ਰਹਿਣ ਕਰ ਚੁਕਾ ਸੀ।

ਰਹੀ ਸਿੰਘ ਸਭਾ ਦੀ ਗੱਲ। ਇਸ ਸਭਾ ਦੀ ਮਹੱਤਤਾ ਤੇ ਸਿਖੀ ਵਾਸਤੇ ਇਸ ਦੀ ਸੇਵਾ ਦਾ ਅੰਦਾਜ਼ਾ ਤਾਂ ਹੀ ਲਗ ਸਕਦਾ ਹੈ ਜੇ 19ਵੀਂ ਸਦੀ ਦੇ ਪਿਛਲੇਰੇ ਹਿੱਸੇ ਦਾ ਇਤਿਹਾਸ ਖੋਜਿਆ ਜਾਏ। ਇਹ ਹਿੰਦੂ ਧਰਮ ਦੇ ਪੁਨਰ ਜਾਗਰਣਵਾਨ (Revivalism) ਦਾ ਸਮਾਂ ਹੈ ਜਦ ਕਿ ਸਨਾਤਨ ਧਰਮ ਦੇ ਨਾਲ ਨਾਲ ਨਵੇਂ ਫਿਰਕੇ ਉਤਪੰਨ ਹੋ ਰਹੇ ਸਨ ਜਿਨ੍ਹਾਂ ਵਿਚੋਂ ਆਰੀਆ ਸਮਾਜ ਦਾ ਪ੍ਰਭਾਵ ਪੰਜਾਬ ਉਤੇ ਬਹੁਤ ਸੀ। ਉਸ ਸਮੇਂ ਈਸਾਈ ਮਤ ਦਾ ਪ੍ਰਚਾਰ ਵੀ ਬੜੇ ਜ਼ੋਰ 'ਤੇ ਸੀ। ਜੇ ਸਿਖੀ ਕਿਸੇ ਹੀਲੇ ਈਸਾਈਆਂ ਦੇ ਪ੍ਰਚਾਰ ਤੋਂ ਯਾ ਆਰੀਆ ਸਮਾਜ ਦੇ ਹਮਲਿਆਂ ਤੋਂ ਬਚ ਵੀ ਜਾਂਦੀ ਤਾਂ ਵੀ ਜੋ ਅਸਰ ਸਨਾਤਨ ਧਰਮ ਦੀ ਪੁਨਰਜਾਗਰਤੀ ਦਾ ਹੋਣਾ ਸੀ ਉਸ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਸ਼ਹਿਰਾਂ ਦੇ ਤੇ ਪਿੰਡਾਂ ਦੇ ਗੁਰਦਵਾਰਿਆਂ ਵਿਚ ਜਿਥੇ ਗੁਰੂ ਗਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਸੀ ਉਥੇ ਨਾਲ ਰਮਾਇਣ ਦਾ ਵੀ। ਰਾਮਾਇਣ ਦੀ ਕਥਾ ਵੀ ਹੁੰਦੀ ਸੀ ਤੇ ਸਭ ਪਾਠ ਪੂਜਾ ਪੁਰਾਣਿਕ ਰੀਤੀ ਅਨੁਸਾਰ ਸਨ। ਇਥੋਂ ਤਕ ਕਿ ਕਈ ਗੁਰਦਵਾਰਿਆਂ ਵਿਚ ਬੁੱਤ ਵੀ ਰਖੇ ਗਏ ਤੇ ਉਹਨਾਂ (ਮੂਰਤੀਆਂ) ਉਤੇ ਫੁੱਲ ਚੜ੍ਹਾਏ ਜਾਣ ਲਗ ਪਏ। ਏਹ ਹਾਲ ਕੇਵਲ ਨਵੇਂ ਗੁਰਦਵਾਰਿਆਂ (ਜਿਨ੍ਹਾਂ ਨੂੰ ਆਮ ਤੌਰ 'ਤੇ ਧਰਮਸਾਲਾ ਕਹਿੰਦੇ ਸਨ) ਵਿਚ ਹੀ ਨਹੀਂ ਸੀ, ਕਈ ਇਤਿਹਾਸਕ ਗੁਰਦਵਾਰਿਆਂ ਵਿਚ ਵੀ ਪ੍ਰਚਲਤ ਸੀ।

ਸੋਬਤੀ ਸਾਹਿਬ ਨੇ ਨਾਮ ਵਿਚ ਵਿਗਾੜ ਦਾ ਜ਼ਿਕਰ ਕੀਤਾ ਹੈ। ਉਹ ਕਹਿੰਦੇ ਹਨ ਕਿ ਇਹ ਵਿਗਾੜ ਬੰਦਾ ਬਹਾਦਰ ਦੇ ਸਮੇਂ ਤੋਂ ਹੀ ਸ਼ੁਰੂ ਸੀ। ਇਹ ਕਹਿਣ ਨਾਲ ਜੇ ਉਹਨਾਂ ਦਾ ਮਤਲਬ



ਇਹ ਹੈ ਕਿ ਵਿਗਾੜ ਦੀ ਜ਼ਿਮੇਂਦਾਰੀ ਬੰਦਾ ਸਿੰਘ ਬਹਾਦਰ ਦੇ ਸਿਰ 'ਤੇ ਹੈ ਤਾਂ ਕੇਵਲ ਇਤਨਾ ਹੀ ਕਹਿ ਦੇਣਾ ਕਾਫ਼ੀ ਹੋਵੇਗਾ ਕਿ ਜੇ ਬੰਦਾ ਸਿੰਘ ਬਹਾਦਰ ਨੇ ਨਾਮ ਵਿਚ ਵਿਗਾੜ ਪਾਇਆ ਹੁੰਦਾ ਤਾਂ ਜੋ ਕੁਰਬਾਨੀ ਤੇ ਜਿਸ ਤਰ੍ਹਾਂ ਦੀ ਕੁਰਬਾਨੀ ਉਹਨਾਂ ਨੇ ਤੇ ਉਹਨਾਂ ਦੇ ਸਾਥੀਆਂ ਨੇ ਦਿਤੀ, ਉਹ ਨਾਮ ਦੇ ਆਸਰੇ ਹੀ ਦਿਤੀ ਜਾ ਸਕਦੀ ਸੀ। ਨਾਮ ਦੇ ਅਰਥ ਵਿਚ ਵਿਗਾੜ ਪਾਣ ਵਾਲੇ ਦੇ ਉਹ ਕਰਤੱਵ ਨਹੀਂ ਸੀ ਹੋ ਸਕਦੇ। ਹਾਂ, ਨਾਮ ਵਿਚ ਵਿਗਾੜ ਪਾਇਆ ਜਾ ਰਿਹਾ ਸੀ, ਬੜੀ ਦੇਰ ਤੋਂ — ਸ਼ਾਇਦ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਹੀ ਸਿਖੀ ਮਰਿਆਦਾ ਨੂੰ ਸਨਾਤਨੀ ਰੰਗਤ ਦੇਣ ਦੀ ਕੋਸ਼ਿਸ਼ ਕਈ ਲੋਕ ਕਰ ਰਹੇ ਸਨ। ਜਦ ਤਕ ਗੁਰੂ ਰਹੇ, ਨਾਮ ਦੇ ਖੋਜੀ ਨੂੰ ਅਸਲ ਅੰਮ੍ਰਿਤ ਮਿਲ ਸਕਦਾ ਸੀ। ਮਗਰੋਂ ਰੰਗਤ ਬਦਲਣੀ ਸ਼ੁਰੂ ਹੋਈ (ਦੇਖੋ ਕਈ ਇਕ ਰਹਿਤਨਾਮੇ ਜਿਨ੍ਹਾਂ ਵਿਚ ਮਨਮਤੀਆਂ ਲਿਖਤਾਂ ਹਨ) ਰਣਜੀਤ ਸਿੰਘ ਦੇ ਸਮੇਂ ਤੋਂ ਸਿਖੀ ਮਰਿਆਦਾ ਉਤੇ ਸਨਾਤਨੀ ਅਸਰ ਵਧਦਾ ਗਿਆ। ਨਾਮ ਵਿਚ ਵਿਗਾੜ ਵੀ ਆਇਆ। ਜੇ ਸਾਡੇ ਕੋਲ ਗੁਰੂ ਗੋਬਿੰਦ ਸਿੰਘ ਦੀ ਦਿਤੀ ਰਹਿਤ ਅਤੇ ਸਿਖੀ ਚਿੰਨ੍ਹ ਨਾ ਹੁੰਦੇ ਤਾਂ ਇਸ ਦਾ ਅਸਰ ਕੀ ਹੋਣਾ ਸੀ, ਇਸ ਦਾ ਕਿਆਸ ਹੀ ਲਗਾਇਆ ਜਾ ਸਕਦਾ ਹੈ। ਹੋਰ ਕਈ ਮਜ਼ਹਬ ਹਿੰਦੂਆਂ ਦਾ ਇਕ ਜੁਜ਼ ਬਣ ਕੇ ਰਹਿ ਗਏ, ਬ੍ਰਾਹਮਣ ਰੀਤੀ ਵਿਚ ਸਮਾ ਗਏ। ਜੇ ਇਸਲਾਮ ਕਾਇਮ ਰਿਹਾ ਤਾਂ ਕਈ ਇਕ ਕਾਰਨਾਂ ਕਰਕੇ, ਪਰ ਜੇ ਇਸਲਾਮ ਉਤੇ ਨਹੀਂ ਤਾਂ ਮੁਸਲਮਾਨਾਂ ਉਤੇ ਤਾਂ ਪ੍ਰਭਾਵ ਜ਼ਰੂਰ ਪਿਆ। ਪਿੰਡਾਂ ਵਿਚ ਮੁਸਲਮਾਨਾਂ ਦੇ ਹਰ ਸੰਸਕਾਰ ਵੇਲੇ ਮੁਲਾਂ ਦੇ ਨਾਲ ਪਰੋਹਤ ਵੀ ਮੌਜੂਦ ਹੁੰਦਾ ਸੀ। ਜੋ ਲੋਕ ਹਿੰਦੂਓਂ ਮੁਸਲਮਾਨ ਬਣੇ ਉਨ੍ਹਾਂ ਉਤੇ ਏਹ ਅਸਰ ਕਿਸੇ ਹਦ ਤਕ ਕੁਦਰਤੀ ਸਮਝਿਆ ਜਾ ਸਕਦਾ ਹੈ। ਜੋ ਅਸਲੋਂ ਮੁਸਲਮਾਨ ਆਏ, ਅਸਰ ਉਨ੍ਹਾਂ ਉਤੇ ਵੀ ਹੋਇਆ। ਇਕਬਾਲ ਨੇ ਲਿਖਿਆ ਹੈ: "ਸਤਵਤੇ ਤੌਹੀਦ ਕਾਇਮ ਜਿਨ ਨਿਮਾਜ਼ੋਂ ਸੇ ਹੂਈ; ਵੋਹ ਨਿਮਾਜ਼ੇਂ ਹਿੰਦ ਮੇਂ ਨਜ਼ਰੇ ਬ੍ਰਾਹਮਨ ਹੋ ਗਈਂ।"

ਏਸ ਨਾਮ ਦੇ ਵਿਗਾੜ ਨੂੰ ਰੋਕਿਆ, ਤਾਂ ਸਿੰਘ ਸਭਾ ਨੇ। ਏਸ ਘੁਣ ਨੂੰ ਸਿਖੀ ਵਿਚੋਂ ਕਢਿਆ ਤਾਂ ਸਿੰਘ ਸਭਾ ਨੇ। ਜੇ ਸਨਾਤਨੀ ਪ੍ਰਭਾਵ ਤੋਂ ਬਚਾਇਆ ਤਾਂ ਸਿੰਘ ਸਭਾ ਨੇ। ਜੇ ਆਰੀਆ ਸਮਾਜ ਦੇ ਹਮਲਿਆਂ 'ਤੇ ਬੰਧ ਲਗਾ, ਤਾਂ ਸਿੰਘ ਸਭਾ ਨੇ ਲਾਇਆ। ਜੇ ਈਸਾਈ ਪ੍ਰਚਾਰ ਅਤੇ ਈਸਾਈਆਂ ਦੀਆਂ ਸਰਗਰਮੀਆਂ ਦਾ ਮੁਕਾਬਲਾ ਕੀਤਾ ਤਾਂ ਸਿੰਘ ਸਭਾ ਨੇ ਕੀਤਾ। ਸਿੰਘ ਸਭਾ ਨੇ ਸਿਖੀ ਪ੍ਰਚਾਰ ਕਰਕੇ ਆਰੀਆ ਸਮਾਜ ਤੇ ਈਸਾਈਆਂ, ਦੋਨਾਂ ਦੀ ਸਰਗਰਮੀ ਨੂੰ ਠਲ੍ਹਿਆ। ਸਰਕਾਰੀ ਹਲਕਿਆਂ ਵਿਚ ਸਿੰਘ ਸਭਾ ਦੇ ਆਗੂਆਂ ਨੂੰ 'Neo-Sikh' (ਨਵਾਂ ਖ਼ਾਲਸਾ) 'Reformist' (ਸੁਧਾਰਕ) ਸਿਖ ਯਾ Puritanical ਸਿਖ ਕਹਿਕੇ ਪੁਕਾਰਿਆ ਜਾਂਦਾ ਸੀ। ਸਿੰਘ ਸਭਾ ਦੀ ਸੁਧਾਰਕ ਲਹਿਰ ਨੇ ਸਿਖ ਧਰਮਸਾਲਾਂ ਤੇ ਗੁਰਦਵਾਰਿਆਂ ਵਿਚ ਵਧ ਰਹੀਆਂ ਪੁਰਾਣਿਕ ਰੀਤੀਆਂ ਨੂੰ ਰੋਕਿਆ; ਧਰਮਸਾਲਾਂ, ਗੁਰਦਵਾਰਿਆਂ ਵਿਚ ਸਿਖੀ ਪ੍ਰਭਾਵ ਅਸਥਾਪਨ ਕਰਨ ਵਿਚ ਬੜੀ ਹੱਦ ਤਕ ਸਫਲ ਹੋਏ। 1920 ਤੋਂ ਬਾਅਦ ਦੀ ਗੁਰਦਵਾਰਾ ਸੁਧਾਰ ਲਹਿਰ ਜਿਸ ਨੂੰ ਅਕਾਲੀ ਸੰਸਥਾ ਨੇ ਅਪਣਾਇਆ, ਉਹ ਸਿੰਘ ਸਭਾ ਲਹਿਰ ਦੇ ਅੰਦੋਲਨ ਦਾ ਸਿਖਰ ਹੈ।

ਸਿੰਘ ਸਭਾ ਲਹਿਰ ਨੇ ਜਦ ਜ਼ੋਰ ਪਕੜਿਆ ਤੇ ਉਹਨਾਂ ਦੇ ਪ੍ਰਚਾਰ ਨਾਲ ਸਿਖੀ ਰਹੁ ਰੀਤੀ, ਸਿਖੀ ਗੁਰਮਰਿਆਦਾ, ਸਿਖੀ ਆਚਰਨ ਉਭਰਨ ਲਗਾ ਤਾਂ ਈਸਾਈ ਤੇ ਆਰੀਆ ਸਮਾਜ ਦੋਵਾਂ ਨੂੰ ਖੇਦ ਹੋਇਆ। ਇਕ ਵੇਲੇ ਤਾਂ ਆਰੀਆ ਸਮਾਜ ਵਤੀਰਿਆਂ ਵਿਚ ਇਤਨੀ ਕੁੜੱਤਣ ਆਈ ਕਿ ਉਨ੍ਹਾਂ ਖੁਲ੍ਹਮ-ਖੁਲ੍ਹਾ ਆਪਣੇ ਜਲਸਿਆਂ ਵਿਚ ਸਿਖੀ ਧਰਮ ਤੇ ਸਿਖੀ ਮਰਿਆਦਾ ਉਤੇ ਬੇਥੋਵੇ ਹਮਲੇ

ਸ਼ੁਰੂ ਕੀਤੇ। ਏਥੋਂ ਤਕ ਕਿ ਆਪਣੀਆਂ ਤਕਰੀਰਾਂ ਵਿਚ ਕਹਿਣ ਲਗ ਗਏ ਕਿ ਸਿਖਾਂ ਦੀ ਅਗਲੀ ਨਸਲ ਵਿਚ ਤਾਂ ਹਲਾਲਜ਼ਾਦਾ ਕੋਈ ਹੈ ਹੀ ਨਹੀਂ, ਇਹਨਾਂ ਦੇ ਵਿਵਾਹ ਵੇਦਕ ਰੀਤੀ ਨਾਲ ਨਹੀਂ ਹੋਂਦੇ, ਇਹ ਤਾਂ ਸਾਰੀ ਕੌਮ ਹੀ 'ਹਰਾਮਜ਼ਾਦਿਆਂ' ਦੀ ਹੈ। ਏਸ ਹਮਲੇ ਦਾ ਜਵਾਬ ਸਿੰਘ ਸਭਾ ਦੇ ਆਗੂਆਂ ਨੇ ਤੇ ਸਿਖ ਲੇਖਕਾਂ ਨੇ ਜੋ ਦਿਤਾ ਸੋ ਦਿਤਾ। ਏਸੇ ਸਥਿਤੀ ਦਾ, ਏਸੇ ਦਸ਼ਾ ਦਾ ਨਤੀਜਾ ਹੈ ਕਿ ਟਿਕਾ ਰਿਪੁਦਮਨ ਸਿੰਘ ਨੇ ਇਮਪੀਰੀਅਲ ਲੈਜਿਸਲੇਟਿਵ ਕੌਂਸਲ ਵਿਚ ਪੇਸ਼ ਕਰਨ ਲਈ 'ਸਿਖ ਮੈਰਜ ਬਿਲ' ਤਿਆਰ ਕਰਵਾਇਆ ਜੋ 'ਆਨੰਦ ਮੈਰਜ ਬਿਲ' ਦੇ ਨਾਂ ਹੇਠਾਂ ਪੇਸ਼ ਹੋਇਆ। ਜਦ ਇਸ ਬਿਲ ਦੇ ਪਾਸ ਹੋਣ ਦੀ ਵਾਰੀ ਆਈ ਟਿਕਾ ਰਿਪੁਦਮਨ ਸਿੰਘ ਕੌਂਸਲ ਦਾ ਮੈਂਬਰ ਨਹੀਂ ਸੀ ਰਿਹਾ। ਹਿੰਦੂ ਅਸਰ ਹੇਠ ਸੀਲੈਕਟ ਕਮੇਟੀ ਨੇ ਬਿਲ ਵਿਚ ਉਹ ਉਹ ਤਬਦੀਲੀਆਂ ਕੀਤੀਆਂ ਕਿ ਬਿਲ ਅਸਲੋਂ ਹੀ ਬਦਲ ਗਿਆ। ਏਹ ਸਿੰਘ ਸਭਾ ਦੀ ਹੀ ਦੇਣ ਹੈ ਕਿ ਸੈਂਕੜੇ ਥਾਵਾਂ ਤੋਂ ਜ਼ੋਰਦਾਰ ਰੈਜ਼ੋਲੂਸ਼ਨ ਪਾਸ ਕਰਕੇ ਤਾਰ ਤੇ ਡਾਕ ਦੀ ਰਾਹੀਂ ਪੰਥ ਦਾ ਰੋਸ ਪ੍ਰਗਟਾਇਆ ਤੇ ਸਰਕਾਰ ਤਕ ਪਹੁੰਚਾਇਆ। ਏਹ ਸਿੰਘ ਸਭਾ ਦੇ ਆਗੂਆਂ ਦੀ ਹੀ ਦੇਣ ਹੈ ਕਿ ਉਹਨਾਂ ਪ੍ਰੈਸ ਵਿਚ ਅਤੇ ਪਲੇਟਫ਼ਾਰਮ ਉਤੇ ਸਿਖਾਂ ਦੇ ਜਜ਼ਬੇ ਪ੍ਰਗਟ ਕੀਤੇ। ਇਸ ਜ਼ੋਰਦਾਰ ਅੰਦੋਲਨ ਨੇ ਸਰਕਾਰ ਨੂੰ ਮਜਬੂਰ ਕਰ ਦਿਤਾ ਕਿ ਸੀਲੈਕਟ ਕਮੇਟੀ ਵਿਚ ਲਿਆਂਦੀਆਂ ਗਈਆਂ ਤਰਮੀਮਾਂ ਵਿਚੋਂ ਜੋ ਵਧੇਰੇ ਇਤਰਾਜ਼ਯੋਗ, ਵਧੇਰੇ ਅਨੁਚਿਤ ਤਰਮੀਮ ਸੀ, ਜਿਸ ਨਾਲ ਬਿਲ ਨੇ ਮੂਲੋਂ ਹੀ ਵਿਗੜ ਜਾਣਾ ਸੀ, ਉਸ ਨੂੰ ਸੋਧਿਆ ਜਾਏ। ਕੁਝ ਘਾਟੇ ਫਿਰ ਬੀ ਰਹਿ ਗਏ ਤੇ ਸਨਾਤਨੀ ਪ੍ਰਭਾਵ ਦੇ ਕਵਾੜ ਖੁਲ੍ਹੇ ਰਹੇ।

ਰਣਜੀਤ ਸਿੰਘ ਦੇ ਸਮੇਂ ਹੀ ਸਿਖਾਂ ਵਿਚ ਸੰਤ ਸੰਸਥਾ ਸ਼ੁਰੂ ਹੋ ਗਈ ਸੀ। ਕਈ ਥਾਂ ਸੰਤਾਂ ਦੇ ਡੇਰੇ ਅਸਥਾਪਨ ਹੋਏ; ਜੀਵਤ ਗੁਰੂ ਦੀ ਭਾਲ ਵਿਚ ਸਿਖਾਂ ਨੇ ਆਪਣੇ ਪੁਰਾਤਨ ਗੁਰੂ ਅਸਥਾਨ ਤੇ ਗੁਰਦਵਾਰੇ ਛਡ ਕੇ ਇਹਨਾਂ ਡੇਰਿਆਂ 'ਤੇ ਘੁੰਮਣਾ ਸ਼ੁਰੂ ਕਰ ਦਿਤਾ। ਪੁਰਾਣਾ ਸੰਗਠਨ ਜੋ ਦਲ ਖ਼ਾਲਸੇ 'ਤੇ ਆਧਾਰਤ ਸੀ ਅਤੇ ਗੁਰਮਤ ਦੀ ਅਹਿਮੀਅਤ ਢਿੱਲੀ ਪੈ ਚੁਕੀ ਸੀ। ਰਣਜੀਤ ਸਿੰਘ ਨੇ ਸੰਤ ਸ਼ਰੇਣੀ ਦੀ ਸਰਪ੍ਰਸਤੀ ਕੀਤੀ, ਪਾਲਨਾ ਕੀਤੀ, ਨਾਲੇ ਸੰਤਾਂ ਦਾ ਆਸਰਾ ਢੂੰਡਿਆ। ਰਾਜ ਔਰ ਧਰਮ ਦਾ ਬਾਹਮੀ ਸੰਬੰਧ, ਆਮ ਤੌਰ 'ਤੇ, ਰਾਜ ਨੂੰ ਤਾਕਤ ਦੇਂਦਾ ਹੈ, ਪਰ ਸਮੁਚੇ ਧਰਮ ਦੇ ਅਸੂਲ ਕਮਜ਼ੋਰ ਹੋ ਜਾਂਦੇ ਹਨ। ਐਸਾ ਹੀ ਹੋਇਆ। ਰਣਜੀਤ ਸਿੰਘ ਦੇ ਮਗਰੋਂ ਸੰਤ ਸ਼ਰੇਣੀ ਨੇ ਬੜਾ ਜ਼ੋਰ ਪਕੜਿਆ। 19ਵੀਂ ਸਦੀ ਦੇ ਅੰਤ ਤਕ ਥਾਂ ਥਾਂ ਸੰਤਾਂ ਦੇ ਡੇਰੇ, ਜੀਵਤ ਗੁਰੂਆਂ ਦੀਆਂ ਗਦੀਆਂ, ਸਾਧੂਆਂ ਦੇ ਅਸਥਾਨ ਅਸਥਾਪਨ ਹੋਏ ਤੇ ਪੀੜ੍ਹੀ ਦਰ ਪੀੜ੍ਹੀ ਚਲਣ ਲਗੇ। ਕਈ ਸਿਖ ਸੰਪਰਦਾਵਾਂ ਏਸ ਵੇਲੇ ਵੀ ਉਤਪਨ ਹਨ। ਏਸ ਰੌਂ ਨੂੰ ਸਿੰਘ ਸਭਾ ਨੇ ਪਲਟਾਇਆ। ਜਦ ਤਾਈਂ ਸਿੰਘ ਸਭਾ ਦਾ ਜ਼ੋਰ ਰਿਹਾ, ਆਪਣੇ ਆਪ ਨੂੰ ਗੁਰੂ ਕਹਿਲਾਣ ਵਾਲੇ ਸੁਸਕਦੇ ਰਹੇ, ਪਰ ਦਬੇ ਰਹੇ। ਜਦ ਸਿੰਘ ਸਭਾ ਲਹਿਰ ਦਾ ਜ਼ੋਰ ਠਲ੍ਹਿਆ ਤਾਂ ਏਹ ਅਸਥਾਨ ਫੇਰ ਉਭਰੇ। ਜ਼ਿਆਦਾ ਕਰਕੇ ਏਹ ਪੌਂਦ 1947 ਦੇ ਮਗਰੋਂ ਵਧੀ ਫੁਲੀ। ਅਜ ਥਾਂ ਥਾਂ ਅਜਿਹੇ ਡੇਰੇ ਤੇ ਅਸਥਾਨ ਸਥਾਪਤ ਹਨ। ਸਿੰਘ ਸਭਾ, ਜਿਸ ਦਾ ਜ਼ੋਰ ਇਸ ਵੇਲੇ ਬਹੁਤ ਘਟ ਚੁਕਾ ਹੈ ਅਜੇ ਵੀ ਇਸ ਲਹਿਰ ਦੇ ਵਿਰੁਧ ਹੈ। ਕਹੋਗੇ ਕਿ ਐਸੇ ਅਸਥਾਨ, ਮਠ, ਆਸ਼ਰਮ 1947 ਮਗਰੋਂ ਹਰ ਮਜ਼ਹਬ ਵਿਚ ਵਧੇ ਹਨ, ਫੈਲੇ ਹਨ। ਏਹ ਠੀਕ ਹੈ। ਪਰ ਜੇ ਗੌਹ ਨਾਲ ਦੇਖੋ ਤਾਂ ਸਿਖਾਂ ਵਿਚ ਮੁਕਾਬਲਤਨ, ਗਿਣਤੀ ਦੇ ਲਿਹਾਜ਼ ਹੋਰਨਾਂ ਨਾਲੋਂ ਵਧ ਹਨ।

ਏਸ ਲੇਖ ਵਿਚ, ਜੋ ਸੇਵਾ ਸਿੰਘ ਸਭਾ ਨੇ, ਪੰਥ ਦੇ ਬੜੇ ਨਾਜ਼ਕ ਸਮੇਂ 'ਤੇ ਕੀਤੀ ਉਸ ਦਾ



ਪੂਰਾ ਜਾਇਜ਼ਾ ਲੈਣਾ ਸੰਭਵ ਨਹੀਂ। ਸਿੰਘ ਸਭਾ ਸ਼ਤਾਬਦੀ ਕਮੇਟੀ ਅਜੇ ਵਜੂਦ ਵਿਚ ਹੈ। ਨਿਸ਼ਚੇ ਉਹ ਸਿੰਘ ਸਭਾ ਦੀ ਦੇਣ ਨੂੰ ਹਰ ਪਹਿਲੂ ਤੋਂ ਵਾਚੇਗੀ। ਮੇਰਾ ਮੰਤਵ ਤਾਂ ਕੇਵਲ ਸੋਬਤੀ ਸਾਹਿਬ ਦੇ ਉਹਨਾਂ ਬਚਨਾਂ ਨੂੰ ਜੋ ਉਹਨਾਂ ਚਲਦੇ ਚਲਦੇ, ਪ੍ਰੋ: ਪੂਰਨ ਸਿੰਘ ਦੀ ਕਵਿਤਾ 'ਤੇ ਲੇਖ ਲਿਖਦੇ ਲਿਖਦੇ, ਸਿੰਘ ਸਭਾ ਵਿਰੁਧ ਕਹੇ; ਉਹਨਾਂ ਨੂੰ ਅਸਲ ਇਤਿਹਾਸਕ ਰੂਪ ਵਿਚ ਰਖਣਾ ਹੀ ਹੈ। ਪ੍ਰੋ: ਪੂਰਨ ਸਿੰਘ ਉਤੇ ਲੇਖ ਅਤੇ ਸਿੰਘ ਸਭਾ ਦੀ ਸ਼ਾਨ ਉਤੇ ਹਮਲਾ, ਕੁਝ ਅਣਜੋੜ ਜਹੀ ਗੱਲ ਹੈ, ਢੁਕਦੀ ਨਹੀਂ। ਹੋਰ ਕੁਝ ਲਿਖਣ ਤੋਂ ਪਹਿਲਾਂ ਮੈਂ ਏਹ ਕਹਿ ਦਿਆਂ ਕਿ ਮੈਨੂੰ ਪ੍ਰੋ: ਪੂਰਨ ਸਿੰਘ ਦੀ ਜ਼ਾਤ ਨਾਲ ਕੋਈ ਵਿਰੋਧਤਾ ਨਹੀਂ। ਮੈਂ ਉਹਨਾਂ ਨੂੰ ਜਾਣਦਾ ਸਾਂ, ਉਹਨਾਂ ਨੂੰ ਮਿਲਿਆ ਹਾਂ, ਕਈ ਵੇਰ ਬਚਨ ਬਿਲਾਸ ਸੁਣੇ ਹਨ, ਕਾਫੀ ਨਿਕਟ ਆਇਆ ਹਾਂ। ਮੈਂ ਉਹਨਾਂ ਦੀ ਕਵਿਤਾ ਦਾ ਅਧਿਐਨ ਕੀਤਾ ਹੈ, ਸਮਝਣ ਦੀ ਕੋਸ਼ਿਸ ਕੀਤੀ ਹੈ, ਵਿਚਾਰਿਆ ਹੈ, ਰੂਪਕ ਦੀ ਸ਼ਕਲ ਵਿਚ ਕਈ ਇਕ ਸਾਲ ਹੋਏ ਸਟੇਜ ਉਤੇ ਪੇਸ਼ ਵੀ ਕੀਤਾ ਹੈ। ਮੈਂ ਉਹਨਾਂ ਦੀ ਕਵਿਤਾ ਦਾ ਪ੍ਰਸ਼ੰਸਕ ਹਾਂ। ਪਰ ਪ੍ਰੋ: ਪੂਰਨ ਸਿੰਘ ਦੀ ਕਵਿਤਾ ਦੀ ਪ੍ਰਸ਼ੰਸਾ ਤੇ ਸਿੰਘ ਸਭਾ ਦੀ ਅਜਾਈਂ ਆਲੋਚਨਾ — ਜੋੜ ਜੁੜਦਾ ਨਹੀਂ ਤੇ ਨਾ ਹੀ ਸੋਭਦਾ ਹੈ। ਸੋਬਤੀ ਸਾਹਿਬ ਲਿਖਦੇ ਹਨ ਕਿ ਪ੍ਰੋ: ਪੂਰਨ ਸਿੰਘ ਨੇ 'ਵਿਰਸੇ ਵਲ ਦਾ ਰੁਖ਼ ਕੀਤਾ; ਵਿਰਸੇ 'ਚ ਇਸ਼ਕ ਸੀ, ਵਿਰਸੇ 'ਚ ਗੁਰੂ ਦਾ ਨਾਮ ਸੀ।' ਠੀਕ। ਵਿਰਸੇ ਤੋਂ ਉਹਨਾਂ ਦਾ ਮਤਲਬ ਹੈ 'ਪੁਰਾਣੇ ਪੰਜਾਬ ਦੀ ਫਜ਼ਾ' ਏਹ ਭੀ ਠੀਕ ਹੈ। ਜਿਸ ਨੂੰ ਸੋਬਤੀ ਸਾਹਿਬ ਵਿਰਸੇ 'ਚ ਇਸ਼ਕ ਕਹਿੰਦੇ ਹਨ, ਉਹ ਪ੍ਰੋ: ਪੂਰਨ ਸਿੰਘ ਦੀ ਸ਼ਖਸੀਅਤ ਵਿਚ 'ਵਲਵਲੇ' ਦੇ ਰੂਪ ਵਿਚ ਵਿਆਪਕ ਸੀ। ਏਹ ਵਲਵਲਾ ਉਹਨਾਂ ਨੂੰ ਕਿਥੇ ਕਿਥੇ ਲੈ ਗਿਆ। ਜਨਮ ਸਿਖੀ ਘਰਾਣੇ ਵਿਚ ਹੋਇਆ, ਪਰ ਨਿਕਲ ਪਏ — ਕਦੀ ਵੇਦ ਮੰਤਰਾਂ ਦੇ ਪਾਠ ਲਈ ਸਨਿਆਸ ਦੇ ਰਾਹ 'ਤੇ; ਕਦੀ ਬੁਧ ਧਰਮ ਦੇ ਉਪਾਸ਼ਕ ਭਿਕਸ਼ੂ ਦੇ ਰੂਪ ਵਿਚ; ਕਦੀ ਸਵਾਮੀ ਰਾਮ ਤੀਰਥ ਦੇ ਚੇਲੇ ਬਣ ਵਦਾਂਤਕ ਫਲਸਫ਼ੇ ਵਲ! ਖੋਜ ਤਾਂ ਸ਼ਾਇਦ 'ਵਿਰਸੇ 'ਚ ਜੋ ਨਾਮ ਸੀ' ਉਸ ਦੀ ਸੀ, ਤੁਰ ਪਏ ਹੋਰ ਪੰਧ ਵਲ। ਜੈਸਾ ਕਿ ਇਕ ਕਵੀ ਨੇ ਕਿਹਾ ਹੈ! "ਕਭੀ ਇਸ ਮਕਾਂ ਸੇ ਗੁਜ਼ਰ ਗਿਆ, ਕਭੀ ਉਸ ਮਕਾਂ ਸੇ ਗੁਜ਼ਰ ਗਿਆ। ਤੇਰੇ ਆਸਤਾਂ ਕੀ ਤਲਾਸ਼ ਮੇਂ, ਮੈਂ ਹਰ ਆਸਤਾਂ ਸੇ ਗੁਜ਼ਰ ਗਿਆ।" ਅੰਤ ਹੋਇਆ ਕੀ? 'ਵਿਰਸੇ 'ਚ ਜੋ ਨਾਮ ਸੀ' ਉਹ ਲਭਾ ਕਿਥੋਂ? ਇਹ ਭੀ ਸਿੰਘ ਸਭਾ ਲਹਿਰ ਦੀ ਇਕ ਦੇਣ ਹੈ। ਸਿਖ ਐਜੂਕੇਸ਼ਨਲ ਕਾਨਫਰੰਸ ਦੇ ਅਵਸਰ 'ਤੇ ਸਿੰਘ ਸਭਾ ਦੇ ਕੁਝ ਮੋਢੀਆਂ ਨੂੰ ਮਿਲੇ, ਵਿਚਾਰ ਵਟਾਂਦਰਾ ਹੋਇਆ, 'ਰੂਹ ਨੂੰ ਸਕੂਨ' ਮਿਲਿਆ। ਮੁੜ 'ਵਿਰਸੇ 'ਚ ਜੋ ਨਾਮ ਸੀ' ਉਸ ਦਾ ਰੰਗ ਚੜ੍ਹਿਆ; ਗੁਰੂ ਗੋਬਿੰਦ ਸਿੰਘ ਦੇ ਪੱਥ 'ਤੇ ਮੁੜ ਆਏ ਤੇ ਟਿਕੇ। ਸਿੰਘ ਸਭਾ ਨਾਲ ਵਿਰੋਧ ਕਿਵੇਂ? ਤੇ ਕਦੋਂ?

— ਕੇ. ਐਸ. ਥਾਪਰ, ਡ਼ੇਹਰਾਦੂਨ

■ ਇਹ ਹਦਬੰਦੀਆਂ ਕਿਉਂ? ਸਟੇਜ ਉਤੇ ਜ਼ਬਾਨੀ-ਕਲਾਮੀ ਕੀਤੇ ਵੀਚਾਰ ਦੇ ਢਗ ਸੰਬੰਧੀ ਲਾਗੂ ਹੱਦਬੰਦੀਆਂ ਦੀ ਸਮਝ ਆਉਂਦੀ ਹੈ। ਵਕਤ ਦੀ ਤੰਗੀ ਹੁੰਦੀ ਹੈ ਅਤੇ ਸ੍ਰੋਤਾਗਣਾਂ (ਜਿਨ੍ਹਾਂ ਰਾਏ ਬਣਾਉਣੀ ਹੁੰਦੀ ਹੈ) ਨੇ ਖਿੰਡ ਪੁੰਡ ਜਾਣਾ ਹੁੰਦਾ ਹੈ। ਪਰ ਲਿਖਤੀ ਵੀਚਾਰ ਉਤੇ ਇਹ ਹੱਦਬੰਦੀਆਂ ਕਿਵੇਂ ਲਾਗੂ ਹਨ? ਕਿਸੇ ਮਜ਼ਮੂਨ ਦੇ ਕਿਸੇ ਪਹਿਲੂ ਬਾਰੇ ਵੀਚਾਰ ਹੋ ਸਕਦੀ ਹੈ ਅਤੇ ਹੁੰਦੀ ਆਈ ਹੈ। ਸੈਂਕੜੇ ਸਾਲਾਂ ਦੇ ਦੱਬੇ ਹੋਏ ਇਤਿਹਾਸਕ ਮਸਲੇ ਨਵਿਓਂ ਸਿਰਿਓਂ ਗੌਲੇ ਜਾ ਰਹੇ ਹਨ।

ਇਸ ਤੋਂ ਇਲਾਵਾ ਹਾਂਸ ਜੀ ਦੀ ਕੀਤੀ ਟੀਕਾ-ਟਿਪਣੀ ਡਾ. ਗਰੇਵਾਲ ਜੀ ਦੇ ਉਠਾਏ

ਮਸਲਿਆਂ ਸੰਬੰਧੀ ਵੀਚਾਰ ਨੂੰ ਛੋਂਹਦੀ ਤਕ ਨਹੀਂ। ਬਲਕਿ ਇਸ ਬੰਨਿਓਂ ਧਿਆਨ ਨੂੰ ਲਾਂਭੇ ਲੈ ਜਾਂਦੀ ਹੈ।

ਡਾ. ਗਰੇਵਾਲ ਜੀ ਦਾ ਮਜ਼ਮੂਨ ਸਿਖ-ਲਹਿਰ ਦੀ ਮਹੱਤਤਾ ਨੂੰ ਛੁਟਿਆਉਂਦਾ ਸੀ। ਉਨ੍ਹਾਂ ਦੇ ਇਹ ਸੁਝਾਓ (formulations) ਕਿ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੱਟਾਂ ਨੂੰ ਬ੍ਰਾਹਮਣਾਂ ਦੇ ਇਸ ਕਰਕੇ ਬਰਾਬਰ ਕਰ ਦਿਤਾ ਕਿਉਂਕਿ ਉਹ ਜੱਟਾਂ ਉਤੇ ਨਿਰਭਰ ਸਨ; ਜਾਂ ਗੁਰੂ ਸਾਹਿਬ ਬਹਾਦਰਸ਼ਾਹ ਨਾਲ ਇਸ ਲਈ ਗਲਬਾਤ ਕਰ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਅਨੰਦਪੁਰ ਪਰਤਣ ਲਈ ਜ਼ਾਤੀ ਖਿੱਚ ਹੋ ਗਈ ਸੀ; ਇਹ ਗੁਰੂ ਸਾਹਿਬ ਦੀ ਕਰਨੀ ਨੂੰ ਹੋਲੇ ਪੱਧਰ ਉਤੇ ਖੜਾ ਕਰਦੀਆਂ ਹਨ।

ਮੈਨੂੰ ਇਤਿਹਾਸਕਾਰੀ ਦੀ ਟਰੇਨਿੰਗ ਨਹੀਂ, ਨਾ ਇਹ ਮੇਰਾ ਕਿੱਤਾ ਹੈ। ਇਸ ਕਰਕੇ ਮੇਰੀ ਲਿਖਤ ਵਿਚ ਕਈ ਊਣਤਾਈਆਂ ਹੋ ਸਕਦੀਆਂ ਹਨ। ਪਰ ਟੈਕਨੀਕਲ ਊਣਤਾਈਆਂ (ਜੇ ਇਹ ਹਨ) ਦੀ ਆੜ ਲੈ ਕੇ ਅਸਲੀ ਮਜ਼ਮੂਨ ਸੰਬੰਧੀ ਵੀਚਾਰ ਤੋਂ ਲਾਂਭੇ ਧਿਆਨ ਨਾ ਲਿਜਾਇਆ ਜਾਏ। ਡਾ. ਗਰੇਵਾਲ ਜੀ ਨੇ ਜੋ ਸਵਾਲ ਉਠਾਏ ਹਨ ਉਨ੍ਹਾਂ ਦਾ ਸਿਖ ਇਤਿਹਾਸ ਨਾਲ ਗਹਿਰਾ ਸੰਬੰਧ ਹੈ। ਕਿਰਪਾ ਕਰਕੇ ਇਨ੍ਹਾਂ ਸੰਬੰਧੀ ਸਿੱਧੀ ਛਾਣ-ਬੀਣ ਹੋਣ ਦਿਉ। ਅਗਿਆਨੀਆਂ ਦੇ ਦੁਖੋਂ ਤਾਂ ਮੁਲਕ ਸ਼ਾਇਦ ਬਚ ਨਿਕਲੇ, ਪਰ ਜਿਨ੍ਹਾਂ ਕੌਮਾਂ ਦਾ ਇਤਿਹਾਸ ਘਟੀਆ ਸਾਬਤ ਹੋ ਜਾਏ ਉਹ ਨਹੀਂ ਬਚ ਸਕਦੀਆਂ। ਟਿਚਕਰ-ਬਾਜ਼ੀ ਵੀਚਾਰ ਦੇ ਵਾਤਾਵਰਨ ਨੂੰ ਗੰਧਲਿਆਂ ਕਰਦੀ ਹੈ, ਅਤੇ ਵਿਦਵਤਾ ਅਤੇ ਇਖਲਾਕ ਦੋਹਾਂ ਦੇ ਅਨੁਸਾਰੀ ਨਹੀਂ।

— ਜਗਜੀਤ ਸਿੰਘ, ਕੌਂਸਲ ਗੰਜ

■ ਗੁੰਝਲਦਾਰ ਗੱਲ ਕਿਉਂ? ਸੇਧ ਵਿਚ ਛਪਣ ਵਾਲੇ ਕੁਝ ਲੇਖਕ ਸੇਧ ਤੋਂ ਉਕ ਕੇ ਡੰਡੀਆਂ ਪਏ ਲਭਦੇ ਹਨ। ਜੁਲਾਈ 1976 ਦੇ ਸੇਧ ਵਿਚ 'ਹੋਈ ਆਲੋਚਨਾ ਦਾ ਜਵਾਬ' ਦੇਣ ਵੇਲੇ ਦਿਲਬਾਗ ਸਿੰਘ ਹੁਰਾਂ ਦੀ ਗੱਲ ਨੂੰ ਸਮਝਣ ਦੀ ਬਜਾਏ ਲੇਖਕ ਨੇ ਆਪਣੀ ਮੱਤ ਨੂੰ ਉੱਚਾ ਦਿਖਾਉਣ ਦੀ ਜ਼ਿਆਦਾ ਕੋਸ਼ਿਸ਼ ਕੀਤੀ ਹੈ। ਦਿਲਬਾਗ ਸਿੰਘ ਹੁਰਾਂ (ਸੇਧ, ਜੂਨ 76) ਲਿਖਿਆ ਸੀ ਕਿ 'ਸਾਨੂੰ ਨਵੀਂ ਪੌਚ ਦੇ ਪੰਜਾਬੀ ਪਾਠਕਾਂ ਨੂੰ ਉੱਚ ਪੱਧਰ ਦੀ ਅੰਗਰੇਜ਼ੀ ਨਹੀਂ ਆਉਂਦੀ।' ਉਨ੍ਹਾਂ ਦੀ ਗੱਲ ਠੀਕ ਸੀ। ਪਰ ਉਲਟਾ ਉਹਨਾਂ ਦੀ ਨੀਅਤ ਉਤੇ ਸ਼ੱਕ ਕੀਤਾ ਗਿਆ ਹੈ ਤੇ 'ਵਰਆਮੇ' ਦੀ ਉਦਾਹਰਨ ਦੇ ਕੇ ਮਖੌਲ ਉਡਾਇਆ ਗਿਆ ਹੈ। ਕਿੱਧਰ ਹਲ ਓਕੜੂ-ਕਿੱਧਰ ਬੁੜ੍ਹੀ ਦਾ ਮਰਨਾ। ਪਤਾ ਨਹੀਂ ਲਿਖਣ ਵਾਲੇ ਨੇ 'ਵਰਆਮੇ' ਵਾਲੀ ਕੁਢੱਬੀ ਉਦਾਹਰਣ ਕਿਵੇਂ ਥੱਪ ਦਿਤੀ? ਅਣਸਰਦੇ ਦੀ ਗੱਲ ਤਾਂ ਇਕ ਪਾਸੇ ਰਹੀ, ਲੇਖਕ ਆਪਣੇ ਆਪ ਨੂੰ ਵੱਡੇ ਵਿਦਵਾਨ ਦਿਖਾਉਣ ਦੇ ਮਾਰੇ ਅੰਗਰੇਜ਼ੀ ਘਸੋੜਦੇ ਹਨ, ਜਿਹੜੀ ਗੱਲ ਕਿ ਮਾਰਕਸਵਾਦ ਦੇ ਉਂਜ ਹੀ ਉਲਟ ਹੈ। ਕੀ ਪ੍ਰੋ: ਕਿਸ਼ਨ ਸਿੰਘ (ਜੁਲਾਈ, '76) ਜੌਹਨ ਰਸਕਨ ਦੀ ਮਿਸਾਲ ਪੰਜਾਬੀ ਵਿਚ ਨਹੀਂ ਸਨ ਦੇ ਸਕਦੇ? ਜਿਸ ਨੂੰ ਕਿੰਨੇ ਹੀ ਹੋਰ ਪਾਠਕ ਪੜ੍ਹ ਸਕਦੇ ਅਤੇ ਸਮਝ ਸਕਦੇ। ਸੇਧ ਪੰਜਾਬੀ ਵਿਚ ਕੱਢਣ ਦਾ ਇਹੋ ਹੀ ਮਤਲਬ ਹੈ ਕਿ ਪੰਜਾਬੀ ਪਾਠਕ ਇਸ ਨੂੰ ਚੰਗੀ ਤਰ੍ਹਾਂ ਸਮਝ ਸਕਣ। ਜੇ ਫਿਰ ਵੀ ਅੰਗਰੇਜ਼ੀ ਘੋਟਣੀਐਂ ਤਾਂ ਪਰਚਾ ਹੀ ਅੰਗਰੇਜ਼ੀ ਵਿਚ ਕੱਢ ਲਿਆ ਕਰੋ। ਨਾਲੇ ਫਿਰ ਵਿਚਾਰੇ ਅਜਮੇਰ ਗਿੱਲ ਵਰਗੇ ਆਪਣਾ ਰੋਸ ਅੰਗਰੇਜ਼ੀ ਵਿਚ ਚਿੱਠੀ ਲਿਖ ਕੇ ਕਰ ਲਿਆ ਕਰਨ। ਅਖੀਰ ਵਿਚ ਮੈਂ ਸੇਧ ਦੇ ਸੰਪਾਦਕ ਤੇ ਛਪਣ ਵਾਲੇ ਸਾਰੇ ਲੇਖਕਾਂ ਤੋਂ ਇਹ ਆਸ ਰਖਦਾ ਹਾਂ ਕਿ ਉਹ ਵਡਿਆਈ ਦੇ ਮਾਰੇ ਗੱਲ ਨੂੰ ਪੇਚੀਦਾ ਨਹੀਂ ਕਰਨਗੇ ਅਤੇ ਹਰ ਇਕ ਗੱਲ ਨੂੰ ਸੌਖੀ ਕਰਕੇ ਪੰਜਾਬੀ ਪਾਠਕਾਂ ਨੂੰ ਨਾਲ ਲੈ ਕੇ ਚਲਣਗੇ।

— ਨਛੱਤਰ ਸਿੱਧੂ, ਸੇਮਾਂ (ਬਠਿੰਡਾ)



■ ਦੇ ਲੰਮੀ ਨਦਰ ਨਿਹਾਲੀਐ: ਕਮਲਜੀਤ ਟਿੱਬਾ ਜੀ ਨੇ (ਸੇਧ, ਜੂਨ 1976, 57-58) ਗੁਰੂ ਗੋਬਿੰਦ ਸਿੰਘ ਦੀ ਕਰਨੀ ਨੂੰ ਧੁੰਦਲੀ ਤੇ ਸਤਹੀ ਨਜ਼ਰ ਨਾਲ ਵੇਖਿਆ ਹੈ। ਕੌਮਾਂ ਅਤੇ ਸਮਾਜਕ ਲਹਿਰਾਂ ਦੇ ਇਤਿਹਾਸ ਵਿਚ ਇੱਕੜ ਦੁੱਕੜ ਲੜਾਈਆਂ ਜਾਂ ਜੀਵਨੀਆਂ ਦੇ ਆਰਜ਼ੀ ਤੇ ਦਿਸਦੇ ਨਤੀਜਿਆਂ ਤੋਂ ਕਿਤੇ ਵਜ਼ਨੀ ਤੇ ਅਰਥ-ਭਰਪੂਰ ਉਹਨਾਂ ਤੋਂ ਉਭਰਿਆ ਉਤਸ਼ਾਹ, ਇਰਾਦੇ, ਦ੍ਰਿੜ੍ਹਤਾ ਅਤੇ ਅਡੋਲਤਾ; ਮੁਢਲੀ ਗੁੜ੍ਹਤੀ, ਉਸ ਦੀ ਮਜ਼ਬੂਤ ਰਖੀ ਨੀਂਹ ਤੇ ਤੋਰੀ ਤੋਰ ਹੁੰਦੇ ਹਨ।

ਸਿਖ ਲਹਿਰ ਗੁਰੂ ਨਾਨਕ ਤੋਂ ਚੱਲੀ ਤੇ ਕਦਮ ਬਕਦਮ ਵਧਦੀ ਗਈ, ਉਸਰਦੀ ਗਈ। ਗੁਰੂ ਅਰਜਨ ਤੇ ਗੁਰੂ ਤੇਗ ਬਹਾਦੁਰ ਦੀਆਂ ਸ਼ਹੀਦੀਆਂ ਪਿਛੋਂ ਕਮਜ਼ੋਰ ਨਹੀਂ ਹੋਈ, ਉਲਾਂਘ ਪਿਛਾਂਹ ਨਹੀਂ ਪੁਟੀ, ਨਾ ਮਨੋਂ ਨਾ ਤਨੋਂ, ਭੋਰਾ ਨਹੀਂ ਹਾਰੀ, ਬਲਕਿ ਮਜ਼ਬੂਤ ਹੋਈ। ਆਨੰਦਪੁਰ ਦਾ ਕਿਲ੍ਹਾ ਛਡਣਾ ਵੀ ਲੰਮੀ ਜੰਗ ਦੀਆਂ ਬਹੁਤੀਆਂ ਲੜਾਈਆਂ 'ਚੋਂ ਇਕ ਸੀ। ਲਹਿਰ ਦੀ ਅਰੁਕ ਚਾਲ, ਵਧਦੇ ਜਲਾਲ ਅਤੇ ਆਖ਼ਿਰ ਜਿੱਤ ਦਾ ਇਤਿਹਾਸ ਗਵਾਹ ਹੈ। ਆਨੰਦਪੁਰ ਛੱਡਣ ਤੋਂ ਥੋੜੇ ਸਾਲ ਪਿਛੋਂ ਹੀ, ਬਾਬਾ ਬੰਦਾ ਸਿੰਘ ਬਹਾਦੁਰ ਦੀ ਅਗਵਾਈ ਹੇਠ ਸਿਖ-ਲਹਿਰ ਨੇ ਸੂਬਾ ਸਰਹਿੰਦ 'ਤੇ ਮੁਕੰਮਲ ਫ਼ਤਿਹ ਪਾਈ। ਇਕ-ਪੁਰਖੀ ਚੜ੍ਹਤ ਦੀ ਥਾਂ ਸਿਖ-ਲਹਿਰ ਦੇ ਸਮੁਚੇ ਤੌਰ 'ਤੇ ਸਾਵਧਾਨ ਹੋਣ ਦਾ ਹੀ ਇਹ ਸਬੂਤ ਹੈ ਕਿ ਸਰਹੰਦ ਦੇ ਜੇਤਾ ਬਾਬਾ ਬੰਦਾ ਨੂੰ ਤਰੁੱਟੀਆਂ ਦੇ ਕਾਰਨ ਤਿਆਗਣ ਤੋਂ ਬਾਅਦ ਵੀ ਸਿਖ-ਲਹਿਰ ਮਜ਼ਬੂਤ ਹੁੰਦੀ ਗਈ, ਅਤੇ ਸਹਿਜੇ ਸਹਿਜੇ ਮੁਗ਼ਲ-ਰਾਜ ਦੀਆਂ ਜੜ੍ਹਾਂ ਖੋਖਲੀਆਂ ਕਰਨ ਵਿਚ ਸਫਲ ਹੋਈ। ਪਾਨੀਪਤ ਦੇ ਮੈਦਾਨ 'ਤੇ ਸੰਨ 1761 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਸੱਠ ਹਜ਼ਾਰ ਦੀ ਫ਼ੌਜ ਨਾਲ ਮਰਹੱਟਿਆਂ ਦੀ ਦੋ ਲੱਖ ਸੈਨਾ ਤਿਤਰ ਬਿਤਰ ਕਰ ਦਿਤੀ ਕਿਉਂਕਿ ਇਹ ਸੈਨਾ, ਕਿਸੇ ਇਨਕਲਾਬੀ ਲਹਿਰ ਦਾ ਫਲ ਨਹੀਂ ਸੀ, ਸਗੋਂ ਸ਼ਖ਼ਸੀ ਮਰਹੱਟਾ ਸੂਰਮਤਾਈ ਨਾਲ ਉਸਰੀ ਸੀ। ਸੰਨ 1762 ਵਿਚ ਅਹਿਮਦ ਸ਼ਾਹ ਅਬਦਾਲੀ ਦੇ ਹੱਥੋਂ ਵੱਡੇ ਘਲੂਘਾਰੇ ਦਾ ਸਖ਼ਤ ਜਾਨੀ ਨੁਕਸਾਨ ਉਠਾਣ ਦੇ ਬਾਵਜੂਦ, 1763 ਵਿਚ ਸਿੰਘਾਂ ਨੇ ਅਹਿਮਦ ਸ਼ਾਹ ਅਬਦਾਲੀ ਨਾਲ ਅੰਮ੍ਰਿਤਸਰ ਜੰਮ ਕੇ ਲੜਾਈ ਕੀਤੀ ਤੇ ਮੁਕੰਮਲ ਸ਼ਿਕਸਤ ਦਿਤੀ। ਲਾਹੌਰ ਦੇ ਕਿਲ੍ਹੇ ਨੂੰ ਘੇਰਾ ਜਾ ਪਾਇਆ। ਪਰੰਤੂ ਦੋ ਦਿਨ ਦੇ ਮੁਹਾਸਰੇ ਪਿਛੋਂ ਪਤਾ ਲਗਾ ਕਿ ਅਹਿਮਦ ਸ਼ਾਹ ਅਬਦਾਲੀ ਸਿੰਘਾਂ ਦੇ ਲਾਹੌਰ ਪਹੁੰਚਣ ਤੋਂ ਪਹਿਲਾਂ ਹੀ ਲਾਹੌਰ ਦੇ ਕਿਲ੍ਹੇ ਵਿਚ ਅਟਕੇ ਬਗ਼ੈਰ, ਕਾਬਲ ਨੂੰ ਭੱਜ ਗਿਆ ਸੀ! (ਸ੍ਰ: ਕਰਮ ਸਿੰਘ ਹਿਸਟੋਰੀਅਨ ਮਰਹੂਮ)।

ਇਹ ਸੰਭਾਵਨਾਵਾਂ ਗੁਰੂ ਗੋਬਿੰਦ ਸਿੰਘ ਨੇ ਇਨਕਲਾਬੀ ਸਿਖ-ਲਹਿਰ ਦੇ ਬੀਜ ਵਿਚ ਭਰ ਦਿਤੀਆਂ ਸਨ। ਨਾ ਉਹ ਖ਼ੁਦ ਤੇ ਨਾ ਉਹਨਾਂ ਦੇ ਸਾਜੇ ਸਿਖ ਕਦੀ ਕਿਸੇ ਹਾਲਤ ਵਿਚ ਵੀ ਢਹਿੰਦੀਆਂ ਕਲਾਂ ਵਿਚ ਧਸੇ।

2. ਸੁਰਜੀਤ ਹਾਂਸ ਨੇ ਡਾਕਟਰ ਜ. ਸ. ਗਰੇਵਾਲ ਦੇ ਮਜ਼ਮੂਨ 'ਸਿਖ ਮਤ ਵਿਚ ਬਰਾਬਰੀ ਦੇ ਸਮਾਜੀ ਅਰਥ' 'ਤੇ ਸ੍ਰ: ਜਗਜੀਤ ਸਿੰਘ ਦੀ ਕੀਤੀ ਟੀਕਾ ਟਿਪਣੀ ਬਾਰੇ ਦੋ ਗੱਲਾਂ ਕਹੀਆਂ ਹਨ (ਸੇਧ, ਜੁਲਾਈ 1976) ਇਸ ਵਿਚ ਕੋਈ ਸ਼ਕ ਨਹੀਂ ਕਿ ਸੰਜਮ ਵਿਚ ਬੱਧੀ ਚੀਜ਼, ਸੂਖਮ ਜਾਂ ਸਥੂਲ, ਨਾ ਸਿਰਫ਼ ਵਧ ਤੋਂ ਵਧ ਅਸਰ ਰੱਖਦੀ ਹੈ, ਬਲਕਿ ਠੀਕ ਰੁਖ਼ ਵੀ ਇਖ਼ਤਿਆਰ ਕਰਦੀ ਹੈ ਅਤੇ ਸਮਝਣ ਵਿਚ ਵੀ ਗੁਣਕਾਰੀ ਹੈ। ਕਲਾ ਤੇ ਸਾਇੰਸ ਦੀ ਕਰਾਮਾਤ ਦਾ ਰਾਜ ਹੀ ਇਹ ਹੈ। ਨਿਰਸੰਦੇਹ ਲਿਖਾਰੀ ਉਨ੍ਹਾਂ ਦੇ ਨਚੋੜੇ ਤੱਤਾਂ ਤੋਂ ਪੂਰਾ ਲਾਭ ਉਠਾਣਗੇ। ਆਸ ਹੈ ਹਾਂਸ ਜੀ 'ਏਸ਼ੀਅਨ ਡਰਾਮਾ' ਜੈਸੀ ਉਤਮ ਸਾਹਿਤਕ ਬਾਈਬਲ ਦੇ ਹਵਾਲਿਆਂ ਤੋਂ ਇਸ ਵਿਚਾਰ ਨੂੰ ਇਕ ਵਖਰੇ ਮਜ਼ਮੂਨ ਦਾ ਵਿਸ਼ਾ ਬਣਾ ਕੇ ਲੇਖਕਾਂ ਨੂੰ ਮੁਸਤਫੀਦ ਕਰਨਗੇ। ਐਨ ਮੁਮਕਿਨ ਹੈ ਕਿ ਅੰਦਰੂਨੀ ਤੇ ਬੈਰੂਨੀ

(Immanent & Transcendental) ਆਲੋਚਨਾ ਦੀ ਵਿਉਂਤ ਬਹੁਤ ਸਾਰੇ ਕਸਬੀ (Professional) ਆਲੋਚਕਾਂ ਦੇ ਵੀ ਧਿਆਨ ਵਿਚ ਨਾ ਹੋਵੇ ।

ਲੇਕਿਨ ਇਸ ਤੋਂ ਇਲਾਵਾ ਜਗਜੀਤ ਸਿੰਘ ਹੁਰਾਂ ਦੇ ਜ਼ੇਰ ਗ਼ੌਰ ਮਜ਼ਮੂਨ ਨੂੰ ਲੰਮੀ ਨਜ਼ਰ ਨਾਲ ਤੱਕਣ ਦੀ ਵੀ ਲੋੜ ਹੈ ।

ਜਗਜੀਤ ਸਿੰਘ ਹੁਰਾਂ ਨੇ ਡਾ: ਜ. ਸ. ਗਰੇਵਾਲ ਦਾ ਇਹ ਤੱਥ, ਕਿ ਸਿਖ-ਲਹਿਰ ਵਿਚ ਬਹੁਤ ਸ਼ਾਦੀਆਂ ਜ਼ਾਤ-ਪਾਤ ਤੋੜਕ ਨਹੀਂ ਹੋ ਸਕੀਆਂ (ਉਂਜ ਬਥੇਰੀਆਂ ਹੋਈਆਂ ਤੇ ਹੋ ਰਹੀਆਂ ਨੇ), ਸਵੀਕਾਰ ਕੀਤਾ ਹੈ, ਪਰੰਤੂ ਡਾਕਟਰ ਗਰੇਵਾਲ ਦੇ ਇਸ ਤੋਂ ਕੱਢੇ ਸਿੱਟਿਆਂ ਨਾਲ ਉਹ ਵਾਜਬੀ ਤੌਰ 'ਤੇ, ਦੱਸੇ ਗਏ ਵਜ਼ਨੀਂ ਕਾਰਨਾਂ ਕਰਕੇ, ਸਹਿਮਤ ਨਹੀਂ । ਇਸ ਪੱਖ 'ਤੇ ਉਨ੍ਹਾਂ ਨੇ ਮੁਦੱਲਲ ਰੌਸ਼ਨੀ ਪਾਈ ਹੈ । ਸ੍ਰ. ਕਰਮ ਸਿੰਘ ਤੇ ਪ੍ਰੋ: ਕਿਸ਼ਨ ਸਿੰਘ ਦੇ ਸੇਧ (ਮਈ, ਜੁਲਾਈ 1976) ਵਿਚ ਛਪੇ ਮਜ਼ਮੂਨ ਵੀ ਇਹਨਾਂ ਵਿਚਾਰਾਂ ਨਾਲ ਸਹਿਮਤ ਹਨ । ਡਾ: ਗਰੇਵਾਲ ਸਿਖ ਧਰਮ ਵਿਚ ਗੁਰਦਵਾਰੇ ਤੇ ਲੰਗਰ ਵਿਚ ਸਭ ਨਾਲ ਬਰਾਬਰੀ ਦੇ ਵਰਤਾਵ ਤੇ ਅਧਿਕਾਰ ਦਾ ਪੂਰਨ ਅਮਲ ਦੱਸਦੇ ਹਨ । ਜੋ ਸਿੱਖ ਸੰਗਤ ਤੇ ਪੰਗਤ ਵਿਚ ਇਕੱਠੇ ਸਨ, ਜਾਨ ਤਲੀ 'ਤੇ ਰਖੀ ਮੋਢਾ ਨਾਲ ਮੋਢੇ ਲਾਕੇ ਜੰਗ ਕਰਦੇ ਤੇ ਜੰਗਲਾਂ ਵਿਚ ਵਣ ਕੰਡਾ ਮੋੜੇਂਦੇ ਸਨ, ਉਹ ਕਿਹੜੇ ਖੇਤਰ ਵਿਚ ਇਕ ਦੂਜੇ ਨੂੰ ਛੀਹ ਛੀਹ ਕਰ ਸਕਦੇ ਸਨ ? ਗੁਰੂਆਂ ਨੇ ਬਾਣੀ ਤੇ ਅਮਲ ਰਾਹੀਂ ਸਮਾਜ ਦੀ ਜ਼ਾਤ-ਪਾਤ, ਊਚ-ਨੀਚ ਤੇ ਨਾ-ਬਰਾਬਰੀ ਦੇ ਬਖ਼ੀਏ ਉਧੇੜ ਦਿਤੇ । ਸਮਾਜ ਦਾ ਹੁਲੀਆ ਹੀ ਬਦਲ ਦਿਤਾ । ਅੰਤ ਕਿਸਾਨ ਜੋਤੀ ਜ਼ਮੀਨ ਦੇ ਮਾਲਕ ਬਣੇ । ਗੁਰੂ ਸਾਹਿਬਾਨ ਨੇ ਵਿਤਕਰਾ ਦੂਰ ਕੀਤਾ । ਇਹ ਤਾਂ ਨਹੀਂ ਕਿਹਾ, ਜਾਂ ਕਹਿਣਾ ਇਨਕਲਾਬੀ ਪੈਂਤੜੇ ਦਾ ਅੰਗ ਹੋ ਸਕਦਾ ਸੀ ਕਿ ਆਪਣੀ ਜ਼ਾਤ-ਬਰਾਦਰੀ ਵਿਚ ਬਹਿਣਾ-ਉਠਣਾ ਤੇ ਰਿਸ਼ਤਾ-ਨਾਤਾ ਮਨ੍ਹਾਂ ਹੈ । ਅੰਦਰ ਦੀ ਮੈਲ ਧੋਕੇ, ਮੈਲੀ ਕਹਿਣੀ ਤੇ ਕਰਨੀ ਖੁਲ੍ਹ-ਖੁਲਾਸ ਦਿਲੀ ਵਿਚ ਬਦਲ ਦਿਤੀ । ਗੁਰੂ ਸਾਹਿਬਾਨ ਨੇ ਜੋ 'ਮੁਕਤੀ' ਆਖੀ ਹੈ, ਉਹ ਕੀ ਹੈ — ਇਸ ਦੀ ਵਿਆਖਿਆ ਡਾ: ਗਰੇਵਾਲ ਨੇ ਨਹੀਂ ਕੀਤੀ । ਪਰੰਤੂ ਇਹ ਸਾਫ ਹੈ ਕਿ ਗੁਰਬਾਣੀ ਵਿਚ 'ਮੁਕਤੀ' ਤੋਂ ਮੁਰਾਦ ਸ਼ਖ਼ਸੀ ਤੇ ਸਮਾਜਕ ਬੁਰਾਈਆਂ ਤੋਂ ਖਲਾਸੀ ਤੇ ਲੋਕ-ਹਿਤੀ ਗੁਣਾਂ ਦਾ ਪਰਵੇਸ਼ ਹੈ, ਨਾ ਕਿ ਕੋਈ ਸੂਖਮ (ਜਾਂ ਠੋਸ) ਤੁਹਫ਼ਾ ਜਿਸ ਲਈ ਗੁਰੂਆਂ ਨੂੰ ਬਰਾਬਰ ਵੰਡ ਲਈ ਵਕਾਲਤ ਦੀ ਲੋੜ ਸੀ ! ਇਹ ਤਾਂ ਅਨੋਖੀ ਘਾਲ ''ਵਿਚਹਿ ਗਿਰਹਿ ਉਦਾਸ'' ਦੀ ਸੀ । ਜੋ ਲੋਕ-ਹਿਤ ਨਾਲ਼ ਸੰਬੰਧ ਨਹੀਂ ਰਖਦੀ, ਉਸ ਅਖੌਤੀ ਮੁਕਤੀ ਦੀ ਗੁਰੂਆਂ ਸਾਹਮਣੇ ਕੋਈ ਵੁਕਅਤ ਨਹੀਂ ਸੀ : ' ਸਿਧ ਛਪਿ ਬੈਠੇ ਪਰਬਤੀ ਕਉਣ ਜਗਤ੍ਰ ਕਉ ਪਾਰਿ ਉਤਾਰਾ । ਜੋਗੀ ਗਿਆਨ ਵਿਹੂਣਿਆ ਨਿਸਿ ਦਿਨ ਅੰਗਿ ਲਗਾਇਨਿ ਛਾਰਾ ।'' ਸਿਰਫ਼ ਆਪਣੇ ਆਪ 'ਤੇ ਕੇਂਦਰਿਤ ਬੇਹਤਰੀ (ਹਉਮੈ), ਸਵਾਰਥ ਜਾਂ ਪਰਮਾਰਥਕ, ਛੱਡ ਕੇ (ਕਰਤੇ ਦੇ ਸਰੂਪ) ਜਗਤ ਦੀ ਸੇਵਾ ਨੂੰ ਪਛਾਣ ਕੇ ਅਪਣਾਉਣ ਵਾਲਾ ਹੀ ਮੁਕਤ ਕਿਹਾ ਜਾ ਸਕਦਾ ਹੈ : ''ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ । ਕਹੁ ਨਾਨਕ ਵਹੁ ਮੁਕਤ ਨਰੁ ਇਹ ਮਨ ਸਾਚੀ ਮਾਨ'' (1427) ।

ਸਿਖ ਇਤਿਹਾਸ ਨੂੰ ਸਿਖ-ਲਹਿਰ ਦੇ ਦੋਖੀਆਂ, ਅੰਧ-ਵਿਸ਼ਵਾਸ਼ੀਆਂ, ਤੇ ਥੋੜ੍ਹ-ਬ੍ਰਿਤੀਆਂ ਨੇ ਧੁੰਧਲਾ ਕਰ ਛੱਡਿਆ ਹੈ । ਇਸ ਨੂੰ ਗੁਰਬਾਣੀ ਦੀ ਅਤੇ ਸਰਬ-ਪਰਵਾਣਿਕ ਇਤਿਹਾਸਕ ਤੱਥਾਂ ਦੀ ਕਸਵੱਟੀ 'ਤੇ ਪਰਖਣਾ ਜ਼ਰੂਰੀ ਹੈ । ਗੁਰੂ ਨਾਨਕ ਸਾਹਿਬ ਨੇ ਖ਼ੁਦ ਹੱਟੀ ਕੀਤੀ । ਫਿਰ 'ਪਰੇਮ ਸੁਮਾਰਗ' ਦਾ ਇਹ ਵਿਚਾਰ ਕਿ ''ਸਿੱਖਾਂ ਨੂੰ ਫ਼ੌਜ ਵਿਚ ਨੌਕਰੀ ਕਰਨ ਦੀ ਇਜਾਜ਼ਤ ਹੈ, ਪਰ ਹਟਵਾਣੀਏ ਹੋਣ ਦੀ ਨਹੀਂ'' (ਪੰਨਾਂ 39) ਕਿਵੇਂ 'ਪਰੇਮ ਸੁਮਾਰਗ' ਨੂੰ ਇਤਿਹਾਸਕ ਸਚਾਈ ਦੇ ਯੋਗ ਬਣਾ ਸਕਦਾ ਹੈ ?



ਗੁਰੂ ਸਾਹਿਬਾਨ ਦੀ ਜੁਗ-ਪਲਟਾਊ ਲਹਿਰ ਨੇ ਜਨ-ਸਾਧਾਰਨ ਨੂੰ ਆਪਣੇ ਵਲ ਖਿੱਚਿਆ । ਇਹ ਨਹੀਂ ਕਿ ਉਹਨਾਂ ਨੇ ਕੁਝ ਤਬਕਿਆਂ ਦੇ ਲੋਕਾਂ ਦੀ ਕਾਨਫ਼ਰੰਸ ਕੀਤੀ ਜਿਥੇ ''ਬਰਾਬਰੀ ਦੇ ਆਦਰਸ਼ ਨੂੰ ਜੱਟਾਂ ਜੀਉ-ਆਇਆਂ ਕਿਹਾ'' (ਪੰਨਾ 37) ।

ਸਮਾਜ ਦੇ ਬਾਕੀ ਹਿੱਸਿਆਂ ਵਾਂਗ ਮੁਰਦਾ ਕਿਸਾਨਾਂ ਵਿਚ ਵੀ ਸਿਖ-ਲਹਿਰ ਨੇ ਨਵੀਂ ਰੂਹ ਫੂੰਕ ਦਿਤੀ । ਉਸੇ ਮਜ਼ਮੂਨ ਵਿਚ ਅੱਗੇ ਚੱਲ ਕੇ (ਪੰਨਾ 38) ਡਾ: ਗਰੇਵਾਲ ਲਿਖਦੇ ਹਨ : ''ਜਦੋਂ ਗੁਰੂ ਤੇਗ਼ ਬਹਾਦਰ ਨੇ ਸਿਖ-ਪੰਥ ਨੂੰ ਵਿਰੋਧੀ ਧੜਿਆਂ (ਮੀਣੇ ਧੀਰ ਮੱਲੀਏ) ਦੇ ਮੁਕਾਬਲੇ ਵਿਚ ਮਜ਼ਬੂਤ ਕਰਨਾ ਚਾਹਿਆ ਤਾਂ ਉਹਨਾਂ ਦੀ ਪਹਿਲੀ ਕੋਸ਼ਿਸ਼ ਪੰਜਾਬ ਤੋਂ ਬਾਹਰ ਵੱਸਦੇ ਖੱਤਰੀਆਂ ਵਲ ਸੀ । ਫਿਰ ਦਿੱਲੀ ਦੇ ਸੂਬੇ 'ਚ ਵਸਦੇ ਜੱਟਾਂ 'ਤੇ ਨਜ਼ਰ ਗਈ ।'' ਇਹ ਸਤਰਾਂ, ਮੀਣੇ-ਧੀਰ ਮੱਲੀਏ ਮੱਖੀ-ਮੱਛਰ ਨੂੰ ਚਿਰੋਕਣੇ ਗੰਦੀਆਂ ਛਪੜੀਆਂ ਵਿਚ ਤਰੱਕਦੇ ਛੱਡ ਕੇ ਸਤ੍ਹਾਰਵੀ ਸਦੀ ਦੇ ਸੰਸਾਰ ਦੀ ਸਭ ਤੋਂ ਵੱਡੀ ਸਿਆਸੀ ਤੇ ਜੰਗੀ ਮੁਗ਼ਲੀਆ ਤਾਕਤ ਨਾਲ ਲੋਕ-ਹਿੱਤ-ਖ਼ਾਤਰ ਟੱਕਰ ਲੈਣ ਨਿਕਲੇ ਮਹਾਂ ਪੁਰਖ, ਗੁਰੂ ਤੇਗ਼ ਬਹਾਦੁਰ ਦੀਆਂ ਸਰਗਰਮੀਆਂ 'ਤੇ ਨਹੀਂ ਢੁੱਕਦੀਆਂ । ਇਹ ਤਾਂ ਅਜਕਲ ਦੇ ਕਿਸੇ ਨਿੱਘਰੇ ਨੇਤਾ ਦੀ ਯਾਦ ਦਿਲਾ ਸਕਦੀਆਂ ਹਨ ਜੋ ਚੋਣ-ਖੇਤਰ ਵਿਚ ਯਭਕੇ ਲੈਂਦਾ ਕਦੀ ਕਿਤੇ ਕਦੀ ਕਿਤੇ ਚਾਰ ਚਾਰ ਵੋਟਾਂ ਪਿੱਛੇ ਦਰ ਦਰ ਦੀ ਖ਼ਾਕ ਛਾਣਦਾ ਫਿਰਦਾ ਹੋਵੇ ।

ਇਉਂ ਜਾਪਦਾ ਹੈ ਕਿ ਗੁਰਬਾਣੀ ਤੋਂ ਸੇਧ ਲੈ ਕੇ ਸਿਖ-ਲਹਿਰ ਦੀ ਇਤਿਹਾਸਕ ਖੋਜ ਤੋਂ ਸਿਖ ਮੱਤ ਵਿਚ ਬਰਾਬਰੀ ਦੇ ਸੰਕਲਪ ਦੇ ਸਮਾਜੀ ਅਰਥ ਢੂੰਡਣ ਦੀ ਥਾਂ ਡਾ: ਗਰੇਵਾਲ ਸਾਹਿਬ ਇਹ ਮੰਨ ਕੇ ਤੁਰੇ ਕਿ ਸਿਖ ਲਹਿਰ ਵਿਚ ਬਰਾਬਰੀ ਦਾ ਸੰਕਲਪ ਮੁਖ ਰੂਪ ਵਿਚ ਕੇਵਲ ਧਾਰਮਕ ਸੀ ਅਤੇ ਸਮਾਜੀ-ਸਿਆਸੀ, ਕੇਵਲ ਅੰਸ਼-ਮਾਤਰ । ਫਿਰ ਉਹ ਇਸ ਪੱਖ ਲਈ ਦਲੀਲਾਂ ਤੇ ਇਤਿਹਾਸਕ ਗਵਾਹੀਆਂ ਇਕੱਠੀਆਂ ਕਰਨ ਦੇ ਆਹਰ ਵਿਚ ਗ਼ਲਤ ਨਤੀਜਿਆਂ 'ਤੇ ਅਪੜ ਪਏ ਅਤੇ ਅਣਪੁਣੇ-ਅਣਛਾਣੇ ਇਤਿਹਾਸਕ ਗ੍ਰੰਥ ਦੇ ਹਵਾਲੇ ਨੂੰ ਹੀ ਸੱਚ ਤਸੱਵਰ ਕਰ ਬੈਠੇ । ਸੁਰਜੀਤ ਹਾਂਸ ਨੇ ਠੀਕ ਤੱਤ ਰਿੜਕਿਆ ਹੈ ਕਿ ''ਆਪਣੀ ਲੱਭਤ ਸਾਹਮਣੇ ਰੱਖ ਕੇ ਉਸ ਤੋਂ ਨਿਗਮਨੀ (deductive) ਤਰੀਕੇ ਨਾਲ ਧਾਰਨਾਂ ਬਣਾਉਣ ਦੀ ਥਾਂ ਗੁਰੂ ਸਾਹਿਬਾਨ ਦੀ ਰਚਨਾ ਦੇ ਅਨੁਭਵ ਤੋਂ ਆਗਮਨੀ (inductivc) ਤਰੀਕੇ ਨਾਲ ਸੱਚਾਈ ਦੀ ਖੋਜ ਬੇਹਤਰ ਨਤੀਜਿਆਂ ਦੀ ਸੰਭਾਵਨਾ ਰੱਖਦੀ ਹੈ'' (ਗੁਰੂ ਨਾਨਕ ਦਾ ਸੌਂਦਰਯ, 'ਸੇਧ' ਜੂਨ 1976, ਪੰਨਾ 27-28) ।

3. ਅਜਮੇਰ ਗਿੱਲ ਜੀ ਦੇ ਨੋਟ 'ਮਾਰਕਸਵਾਦ ਕਿ ਧਰਮ ਪਰਚਾਰ' (ਸੇਧ, ਜੁਲਾਈ 1976, 47-48) ਪੜ੍ਹਨ ਤੋਂ ਇਉਂ ਲੱਗਿਆ ਕਿ ਜਾਂ ਤਾਂ ਉਨ੍ਹਾਂ ਨੇ ਪ੍ਰੋ: ਕਿਸ਼ਨ ਸਿੰਘ ਦੇ ਸਾਰੇ ਮਜ਼ਮੂਨ ਪੜ੍ਹੇ ਨਹੀਂ, ਜੇ ਪੜ੍ਹੇ ਹਨ ਤਾਂ ਬੜੀ ਸਰਸਰੀ ਨਜ਼ਰ ਨਾਲ ਉਲੰਘ ਗਏ ਹਨ, ਜਾਂ ਕਿਸੇ ਨਵੇਂ ਜੰਮੇਂ ਈਮਾਨ ਦੀ ਹਰਾਰਤ ਨਾਲ ਪਿਘਲ ਗਏ ਹਨ; ਅਤੇ ਜਾਂ ਫਿਰ ਮੁਹਕਮ ਇਅਤਕਾਦ ਦੀ ਚੁੰਧਿਆਊ ਰੌਸ਼ਨੀ ਵਿਚ ਅੱਖ ਪੁੱਟ ਕੇ ਲਾਂਭੇ ਚਾਂਭੇ ਵੇਖਣ ਤੋਂ ਅਸਮਰਥ ਹੋ, ਸੂਹ ਤੋਂ ਹੀ ਕੰਮ ਲਿਆ ਹੈ : ਕਿਉਂਕਿ ਜਿਹਾ ਕੁ ਉਨ੍ਹਾਂ ਨੇ ਆਪਣੀ ਵਿਚਾਰ ਨੰਬਰ (3) ਵਿਚ ਲਿਖਿਆ ਹੈ, ਪ੍ਰੋ. ਕਿਸ਼ਨ ਸਿੰਘ ਹੁਰਾਂ ਵੀ ਮਾਇਆ ਦੇ ਅਰਥ ਇਸ ਦੇ 'ਦੁਖਾਂਵੇਂ ਨਿਜ਼ਾਮ' ਯਾਨੀ ਲੁੱਟ-ਖਸੁੱਟ ਵਾਲੀ ਤਰਜ਼ੇ-ਜ਼ਿੰਦਗੀ ਲਏ ਹਨ । ਇਸ ਦੇ ਉਲਟ ਮਾਇਆ ਦਾ ਸੁਖਾਂਵਾਂ ਨਿਜ਼ਾਮ ਉਨ੍ਹਾਂ ਨੇ 'ਨਾਮ' ਵਾਲੀ ਤਰਜ਼ੇ-ਜ਼ਿੰਦਗੀ ਕਿਹਾ ਹੈ । ਨਾਮ ਦੇ ਅਰਥ 'ਅੱਲਾ ਦਾ ਨਾਮ' ਗੁਰਬਾਣੀ ਵਿਚ ਕਿਤੇ ਕਿਤੇ ਹੀ ਤੱਗਦੇ ਹਨ । ਜਿਸ ਖ਼ਾਸ ਭਾਵ ਨੂੰ ਗੁਰਬਾਣੀ ਵਿਚ ਨਾਮ ਅਮੂਮਨ ਪ੍ਰਗਟ ਕਰਦਾ ਹੈ ਤੇ ਜੋ ਪਰੰਪਰਾ ਦੀਆਂ ਲੀਹਾਂ ਉਤੇ ਪਕਿਆਈ, ਲਗਨ ਤੇ ਬੇਦਾਰੀ ਨਾਲ ਢੱਲਣ ਵਾਲੇ ਵਿਦਵਾਨਾਂ ਨੇ ਵੀ ਪਰਚਾਰਿਆ ਹੈ (ਜਿਹਾ ਕਿ

ਸੁਰਗਵਾਸੀ ਸੰਤ ਤੇਜਾ ਸਿੰਘ, ਸਾਬਕ ਹੈਡ ਗ੍ਰੰਥੀ ਨਨਕਾਣਾ ਸਾਹਿਬ), ਉਹ ਈਸ਼ਵਰ ਦਾ ਸਰਗੁਣ ਸਰੂਪ ਯਾਨੀ ਸਭ ਸ੍ਰਿਸ਼ਟੀ ਵਿਚ ਵਿਆਪਕ ਜੋਤ ਹੈ : ''ਨਾਮ ਕੇ ਧਾਰੇ ਸਗਲੇ ਜੰਤ । ਨਾਮ ਕੇ ਧਾਰੇ ਖੰਡ ਬ੍ਰਹਮੰਡ'' (ਸੁਖਮਨੀ ਸਾਹਿਬ) । ''ਸਿਧ ਸਾਧਿਕ ਨਾਵੈ ਨੋ ਸਭ ਖੋਜਦੇ ਥਕਿ ਰਹੇ ਲਿਵਲਾਇ'' (650) — ਧਿਆਨ ਲਾਕੇ ਉਹ ਥੱਕ ਤਾਂ ਰਹੇ ਸਨ ਰੱਬ ਦਾ ਨਾਮ, ''ਓਅੰ ਸੋਹੰ,'' ਆਦਿ ਜਪਦੇ; ਖੋਜ ਰਹੇ ਸਨ ਉਹ ਜਗਤ-ਜੋਤ ਨਾਲ ਇਕ-ਮਿਕ ਹੋਣ ਨੂੰ : ਸੰਸਾਰ ਦੀ ਜ਼ਮੀਰ, ਉਸ ਦੀ ਭਲਾਈ-ਉਧਾਰ ਦਾ ਮੁਜੱਸਮਾ, ਉਸ ਦੀ ਜੀਉਂਦੀ-ਜਾਗਦੀ ਰੋਸ਼ਨ ਤਸਵੀਰ, ਉਸ ਦੀ ਸ਼ਕਤੀ ਬਣਨ ਨੂੰ । ਅਸੀਂ ਬਹੁਤੇ ''ਵਾਹਿਗੁਰੂ, ਵਾਹਿਗੁਰੂ'' ਕਰੀ ਜਾਂਦੇ ''ਹਉਮੈ'' ਦੀ ਤਾਬਿਆਦਾਰੀ ਪੂਰੀ ਤਰ੍ਹਾਂ ਨਿਭਾਈ ਜਾਂਦੇ ਹਾਂ — ਪਰ ''ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ'' (ਗੁ: ਗ੍ਰੰ: 560) ਜਿਸ ਦਾ ''ਨਾਮ'' ਨਾਲ ਵਿਰੋਧ ਹੈ, ਯਾਨੀ ਜੇ ਨਾਮ ਹੈ ਤਾਂ 'ਹਉਮੈ' ਨਹੀਂ ਤੇ ਜੇ 'ਹਉਮੈ' ਹੈ ਤਾਂ 'ਨਾਮ' ਨਹੀਂ, ਉਹ ਹੈ ''ਹਰੀ ਦਾ ਮੰਦਰ'' ਜਗਤ ਰਚਨਾ, ਜਿਸ ਵਿਚ ਹਉਮੈਂ ਦਾ ਗੱਠੜ ਚੁਕ ਕੇ ਪਰਵੇਸ਼ ਅਸੰਭਵ ਹੈ । ਕਾਇਨਾਤ ਦੀ ਇਕ-ਦਿਲ-ਧੜਕਣੀ, ਸਰਬ-ਥਾਂ-ਸਮੇਂ ਪਸਰੀ ਕੁਦਰਤ ਦੇ ਸਾਂਝੇ ਅਟੱਲ ਕਾਨੂੰਨ ਵਿਚ ਮਖ਼ਫ਼ੀ ਹੈ : ਸਭ ਪਸਾਰਾ ਇਕ ਜੋਤ ਦਾ ਪਰਕਾਸ਼ ਹੈ । ਚੂੰਕਿ ਜਨਤਾ ਵਿਚ ਰੱਬ ਵਸਦਾ ਹੈ ਇਸ ਲਈ ਸਮੂਹਕ ਤੌਰ 'ਤੇ ਜਨਤਾ ਰੱਬ ਹੈ : **ਨਾਮ ਜਪਣ ਦਾ ਅਰਥ ਹੋਇਆ, ਜਨਤਾ ਦੇ ਪਿਆਰ ਵਿਚ ਸਰਸ਼ਾਰ ਰਹਿਣਾ, ਉਸ ਦੀ ਨਬਜ਼ ਨਾਲ ਨਬਜ਼ ਦਾ ਚੁਭਕਣਾ, ਸੁਰ ਨਾਲ ਸੁਰ ਦਾ ਮਿਲਣਾ, ਹਰ ਵੇਲੇ ਜਨਤਾ ਦੀ ਬਹਬੂਦੀ ਦਾ ਅਹਿਸਾਸ ਨਸਾਂ ਵਿਚ ਰਚਿਆ ਰਹਿਣਾ ।** ਜਦ ਰੱਬ ਦਾ ਸਰੂਪ ਸਮਾਜ ਹੋਇਆ ਤਾਂ ਇਸ ਦੀ ਤਾਕਤ ਅਜਿਤ ਹੈ । ਜਿਸ ਨੇ ਇਸ ਦੀ ਸੇਵਾ ਨਾਲ ਇਸ ਦਾ ਬਲ ਪਾ ਲਿਆ ਉਹ ਸਿਖਰ 'ਤੇ ਪਹੁੰਚ ਗਿਆ । ਜਿਸ ਨੇ ਇਸ ਦੇ ਲਹੂ ਵਿਚ ਨਹੌਣ ਦੀ ਠਾਣੀ, ਉਹ ਅੱਜ ਨਹੀਂ ਤਾਂ ਭਲਕੇ, ਭਲਕੇ ਨਹੀਂ ਤਾਂ ਪਰਸੋਂ, ਪਤਾਲ ਵਿਚ ਡਿੱਗਾ ਕਿ ਡਿੱਗਾ । 'ਪਾਪ ਦੀ ਬੇੜੀ ਭਰਕੇ ਡੁੱਬਦੀ ਹੈ।' ਜਿਸ ਨਿਜ਼ਾਮ ਦੀਆਂ ਸੰਭਾਵਨਾਵਾਂ ਪੂਰੀਆਂ ਹੋ ਗਈਆਂ, ਉਸ ਨੇਸਤੀ ਦੇ ਕੰਢੇ 'ਤੇ ਪਹੁੰਚ ਗਿਆ : ''ਕੰਧੀ ਉਤੈ ਰੁਖੜਾ ਕਿਚਰਕੁ ਬੰਨੈ ਧੀਰ । ਫ਼ਰੀਦਾ ਕਚੈ ਭਾਂਡੈ ਰਖੀਐ ਕਿਚਰੁ ਤਾਂਈ ਨੀਰੁ ।'' 'ਖਾਲਕ ਖਲਕ ਖਲਕ ਮਹਿ ਖਾਲਕ' ਸਮਰਥ ਹੈ ਕਿ ''ਛਿਨ ਮਹਿ ਰਾਉ ਰੰਕ ਕਉ ਕਰਈ ਰਾਉ ਰੰਕ ਕਰ ਡਾਰੇ' । ਸਮਾਜ ਦੀ ਚੇਤਨਤਾ ਜਿਧਰ ਸੇਧ ਦਏਗੀ ਓਧਰ ਹੀ ਉਸ ਦੀ ਬੱਝਵੀਂ ਤਾਕਤ ਰੋੜ੍ਹ ਪਾ ਦਏਗੀ । ''ਜਿਧਰ ਰਬ ਰਜਾਇ ਵਹਣੁ ਤਿਦਾਊਂ ਗੰਉ ਕਰੇ'' (ਫਰੀਦ) । ਕੱਲਰ ਖੇਤੀ ਨੂੰ ਸੰਵਾਰਕੇ, ਸਮਾਜ ਦੀਆਂ ਇਨਕਲਾਬੀ ਰੁਚੀਆਂ ਨੂੰ ਉਭਾਰਕੇ, ਦ੍ਰਿੜ੍ਹ ਤੇ ਸੁਲਝੀ ਸੇਧ ਦੇ ਕੇ, ਅਤੇ ਅੰਤ ਸਭ ਸੰਸਿਆਂ ਦਾ ਭੋਗ ਪਾ ਕੇ, ਗੁਰੂ ਗੋਬਿੰਦ ਸਿੰਘ ਨੇ 'ਇਹ ਜਗ ਸਚੇ ਕੀ ਹੈ ਕੋਠੜੀ' ਵਲ ਇਸ਼ਾਰਾ ਕਰਦਿਆਂ ਫੁਰਮਾਇਆ : ''ਇਨਹੀ ਕੀ ਕ੍ਰਿਪਾ ਸੇ ਸਜੇ ਹਮ ਹੈਂ, ਨਹੀਂ ਮੋ ਸੇ ਗ੍ਰੀਬ ਕਰੋਰ ਪਰੇ ।''

— ਜਗਜੀਤ ਸਿੰਘ ਸੰਧੂ, ਨਵੀਂ ਦਿੱਲੀ

■ **ਖੋਜ ਪੱਤਰਾਂ ਦੀ ਗੱਲ** : ਜਿਸ ਰਫ਼ਤਾਰ ਨਾਲ ਪੰਜਾਬੀ ਵਾਲੇ ਡਾਕਟਰੇਟ ਤਕਸੀਮ ਕਰ ਰਹੇ ਹਨ, ਇਸ ਤੋਂ ਜਣੇ ਖਣੇ ਨੂੰ ਇਹ ਭੁਲੇਖਾ ਪੈਣ ਲਗ ਪਿਆ ਸੀ, ਕਿ ਜਿਹੜਾ ਪੰਜਾਬੀ ਦੀ ਐਮ. ਏ. ਕਰ ਲਵੇ, ਉਹਨੂੰ ਬਾਬੇ ਦੇ ਵੰਡ ਹੁੰਦੇ ਪ੍ਰਸ਼ਾਦ ਵਾਂਗ, ਡਾਕਟਰੇਟ ਦੀ ਡਿਗਰੀ ਅੱਜ ਭਲਕ ਮਿਲ ਹੀ ਜਾਣੀ ਹੈ । ਸੇਧ ਦੇ ਪਿਛਲੇ ਕੁਝ ਪਰਚਿਆਂ ਵਿਚ ਸ: ਹਰਚਰਨ ਸਿੰਘ ਸੋਬਤੀ ਵਲੋਂ ਐਲਾਨ ਪੜ੍ਹਕੇ ਬੜੀ ਉਤਸੁਕਤਾ ਉਤਪਨ ਹੋਈ ਸੀ ਕਿ ਵੇਖੀਏ ਇਹਨਾਂ ਡਾਕਟਰਾਂ ਨੇ ਕੀ



ਕਮਾਲ ਕੀਤੇ ਹਨ ਜਿਨ੍ਹਾਂ ਸਦਕਾ ਪੰਜਾਬੀ ਸਾਹਿਤ ਜਾਂ ਭਾਸ਼ਾ ਦੀ ਕੁੱਖ ਵਿਚ ਕੋਈ ਨਵਾਂ ਤੇ ਨਰੋਆ ਬਾਲ ਨਿੰਮਿਆਂ ਹੈ । ਕਿਉਂਕਿ ਕਈ ਐਸੀਆਂ ਹਸਤੀਆਂ ਦੀ ਸਾਨੂੰ ਸੂਹ ਸੀ ਜਿਹੜੇ ਗਾਈਡਾਂ ਦੇ ਸਹਾਰੇ ਮਸਾਂ ਐਮ. ਏ. ਕਰ ਸਕੇ, ਪਰ ਚੂੰਕਿ ਉਹਨਾਂ ਦੀਆਂ ਪੱਗਾਂ ਦੇ ਸ਼ਮਲੇ ਉੱਚੇ ਸਨ ਜਾਂ ਬਾਹਵਾਂ ਲੰਮੀਆਂ ਸਨ, ਦੋ ਕੁ ਵਰ੍ਹਿਆਂ ਪਿੱਛੋਂ ਉਹ ਡਾਕਟਰ ਅਖਵਾਉਣ ਲਗ ਪਏ । ਕਈ ਸੱਜਣ ਐਮ. ਏ. ਕਰਕੇ ਸਾਲਾਂ ਬਧੀ ਕਲਰਕੀਆਂ ਕਰਦੇ ਰਹੇ ਪਰ ਜਦੋਂ ਉਹਨਾਂ ਦੀ ਅਰਜ਼ੀ ਨੂੰ ਸਿਫ਼ਾਰਸ਼ ਦੀ ਹੁੱਜ ਵੱਜੀ ਤਾਂ ਉਹ ਸਿੱਧੇ ਯੂਨੀਵਰਸਿਟੀ ਦੇ ਲੈਕਚਰਾਰ ਜਾ ਬਣੇ ਅਤੇ ਦੋ ਕੁ ਸਾਲਾਂ ਪਿੱਛੋਂ ਉਹ ਵੀ ਡਾਕਟਰਾਂ ਦੀ ਕਤਾਰ ਵਲ ਭੱਜ ਤੁਰੇ ।

ਭਾਰਤੀ ਵਿਦਿਆ ਪ੍ਰਣਾਲੀ ਨੂੰ ਜਿਹੜਾ ਕੋਹੜ ਲੱਗਾ ਹੋਇਆ ਹੈ, ਉਹਦੀ ਇਕ ਝਲਕ ਮਾਤਰ ਹੀ ਡਾਕਟਰੇਟ ਦੀ ਤਕਸੀਮ ਹੈ । ਇਹਦੀਆਂ ਜੜ੍ਹਾਂ ਤਾਂ ਪਾਤਾਲ ਤੱਕ ਲੱਥੀਆਂ ਹੋਈਆਂ ਹਨ । ਡਾ. ਕੋਹਲੀ ਹੁਰਾਂ ਦੀ ਪ੍ਰਕਾਸ਼ਤ ਹੋ ਚੁਕੀ ਥੀਸਸ ਦੀ ਚੀਰ ਫਾੜ ਕਰਨੀ ਤਾਂ ਸੋਬਤੀ ਹੁਰਾਂ ਦਾ ਬੜਾ ਮੁੱਢਲਾ ਜਿਹਾ ਕਦਮ ਹੀ ਸੀ । ਉਹਨਾਂ ਤਾਂ ਸਿਰਫ਼ ਇਕ ਸ਼ਰਾਰਤ ਕਰਨੀ ਸੀ, ਕਰ ਲਈ । ਇਸ ਵਿਚੋਂ ਨਿਕਲਣਾ ਕਰਨਾ ਤਾਂ ਕੁਝ ਹੈ ਨਹੀਂ । ਜਿਸ ਕਾਗਜ਼ਾਂ ਦੇ ਥੱਬੇ ਨੂੰ, ਮੋਢੇ 'ਤੇ ਫੀਤੀਆਂ ਲਾਈ ਬੈਠੇ ਪ੍ਰੋਫੈਸਰਾਂ ਨੇ ਥਪਕੀ ਦੇ ਦਿਤੀ ਹੋਵੇ, ਉਹਦੇ 'ਤੇ ਗਿਲਾ ਗੁੱਸਾ ਕੀਤਿਆਂ ਕੀ ਬਣਦਾ ਹੈ ? ਮੈਨੂੰ ਇਹ ਵੀ ਯਕੀਨ ਹੈ, ਸੋਬਤੀ ਸਾਹਿਬ ਦਾ ਮਨਸ਼ਾ ਸਿਰਫ਼ ਕੋਹਲੀ ਸਾਹਿਬ ਦੀ ਥੀਸਸ ਦੀ ਚੀਰ ਫਾੜ ਕਰਨਾ ਹੀ ਸੀ । ਇਸ ਤੋਂ ਵੱਧ ਉਹ ਭੂੰਡਾਂ ਦੀ ਖੱਖਰ ਨੂੰ ਹੱਥ ਪਾਉਣ ਦਾ ਹੀਆ ਨਹੀਂ ਕਰਨਗੇ ।

ਨਾਲ ਹੀ ਮੈਂ ਦੋ ਗੱਲਾਂ ਹੋਰ ਵੀ ਸਪੱਸ਼ਟ ਕਰਨੀਆਂ ਚਾਹੁੰਦਾ ਹਾਂ । ਬਾਹਰਲੇ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਜਿਹੜੇ ਖੋਜ ਪੱਤਰ ਪ੍ਰਵਾਨ ਹੁੰਦੇ ਹਨ, ਉਹ ਯੂਨੀਵਰਸਿਟੀ ਦੀ ਮਲਕੀਅਤ ਹੁੰਦੇ ਹਨ । ਪਰ ਉਹਨੂੰ ਪੜ੍ਹਨ ਅਤੇ ਘੋਖਣ ਵਾਲੇ ਪਾਠਕ ਦੀ ਲਿਆਕਤ ਦੀ ਪੁੱਛ ਪੜਤਾਲ ਨਹੀਂ ਹੁੰਦੀ । ਕੋਈ ਵੀ ਪਾਠਕ, ਸ਼ਹਿਰ ਦੀ ਕਿਸੇ ਵੀ ਲਾਇਬਰੇਰੀ ਵਿਚ ਜਾ ਕੇ ਉਸ ਖੋਜ-ਪੱਤਰ ਨੂੰ ਵੇਖਣ ਦੀ ਆਗਿਆ ਲੈ ਸਕਦਾ ਹੈ । ਜੇ ਕੋਈ ਲਾਇਬਰੇਰੀ ਜਾਂ ਸੰਸਥਾ ਇਸ ਦੀ ਜ਼ੁੰਮੇਵਾਰੀ ਲੈਣ ਲਈ ਤਿਆਰ ਹੋਵੇ ਤਾਂ ਇਹ ਦੂਜੇ ਦੇਸਾਂ ਵਿਚ ਵੀ ਭੇਜੀ ਜਾ ਸਕਦੀ ਹੈ । ਕਾਪੀ ਰਾਈਟ ਐਕਟ ਅਧੀਨ ਇਸ ਦੇ ਉਤਾਰੇ ਨਹੀਂ ਤਿਆਰ ਕੀਤੇ ਜਾ ਸਕਦੇ ।

ਦੂਜੀ ਗੱਲ, ਦੇਸ਼ ਦੇ ਵਿਦਿਆ ਵਿਭਾਗ ਵਲੋਂ ਰਜਿਸਟਰ ਪ੍ਰਕਾਸ਼ਤ ਕੀਤੇ ਜਾਂਦੇ ਹਨ, ਜਿਨ੍ਹਾਂ ਵਿਚ ਦੇਸ਼ ਦੀ ਹਰ ਯੂਨੀਵਰਸਿਟੀ ਵਲੋਂ ਸਵੀਕਾਰ ਕੀਤੀ ਗਈ ਹਰ ਵਿਸ਼ੇ ਦੀ ਥੀਸਸ ਬਾਰੇ ਜਾਣਕਾਰੀ ਹੁੰਦੀ ਹੈ । ਇਸ ਤੋਂ ਪਤਾ ਲਗ ਸਕਦਾ ਹੈ ਕਿ ਕਿਸ ਨੇ, ਕਿਸ ਸਾਲ, ਕਿਸ ਵਿਸ਼ੇ 'ਤੇ, ਕਿਹੜੀ ਯੂਨੀਵਰਸਿਟੀ ਤੋਂ ਡਾਕਟਰੇਟ ਪ੍ਰਾਪਤ ਕੀਤੀ ਹੈ ।

ਜੇ ਕੋਈ ਏਹੋ ਜਿਹਾ ਰਜਿਸਟਰ ਭਾਰਤ ਦੀਆਂ ਯੂਨੀਵਰਸਿਟੀਆਂ ਵਿਚ ਵੀ ਤਿਆਰ ਕੀਤਾ ਜਾਵੇ ਤਾਂ ਸੋਬਤੀ ਸਾਹਿਬ ਲਈ ਚੀਰ ਫਾੜ ਦਾ ਕੰਮ ਸੁਖਾਲਾ ਹੋ ਜਾਵੇ । ਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਲਈ ਬੜਾ ਸਹਾਈ ਹੋਵੇ । ਅੰਤ ਵਿਚ ਮੈਂ ਸੋਬਤੀ ਹੁਰਾਂ ਨੂੰ ਸਲਾਹ ਦਿਆਂਗਾ ਉਹ ਅਗਲੀ ਚੀਰ ਫਾੜ ਲਈ ਡਾ. ਹਰਨਾਮ ਸਿੰਘ 'ਸ਼ਾਨ' ਦੀ ਥੀਸਸ ਲੈਣ ਤਾਂ ਜੋ ਪਤਾ ਲਗ ਸਕੇ ਇਕ ਬੰਦੇ ਨੂੰ ਦੋ ਯੂਨੀਵਰਸਿਟੀਆਂ ਕਿਵੇਂ ਡਾਕਟਰੇਟ ਦਿੰਦੀਆਂ ਹਨ । — ਮੁਸ਼ਤਾਕ ਸਿੰਘ, ਯੂ. ਕੇ.

■ **ਭਾਰਤੀ ਮਨੁੱਖ ਅਤੇ ਹੀਰ ਰਾਂਝਾ** : ਅਗਸਤ ਅੰਕ ਵਿਚ ਛਪੇ ਮੇਰੇ ਇਸ ਲੇਖ ਵਿਚ

ਸਫ਼ਾ 43 ਉਤੇ ਦੂਸਰੇ ਪੈਰੇ ਦੇ ਨਾਲ ਇਹ ਸਤਰਾਂ ਪਾ ਦਿਉ :— ਆਮ ਤੌਰ ਤੇ ਦੁਨੀਆਂ ਦੀਆਂ ਸਾਰੀਆਂ ਪ੍ਰੀਤ ਕਹਾਣੀਆਂ ਵਿਚ ਪ੍ਰੇਮੀ ਜਾਂ ਪ੍ਰੇਮਿਕਾ ਆਪਸ ਵਿਚ ਕੋਈ ਪ੍ਰੀਤ ਨਿਸ਼ਾਨੀ ਦਿੰਦੇ ਨੇ। ਇਹ ਨਿਸ਼ਾਨੀ ਉਨ੍ਹਾਂ ਦੇ ਮਨੋ-ਮੇਲ ਦਾ ਹੁੰਗਾਰਾ ਹੁੰਦੀ ਹੈ। ਇਸ ਨਿਸ਼ਾਨੀ ਦੀ ਵਿਸ਼ੇਸ਼ਤਾ ਇਹੀ ਹੁੰਦੀ ਹੈ ਕਿ ਇਸਨੇ ਮਨੋ-ਮੇਲ ਦੀ ਵਿਚੋਲਗੀ ਕੀਤੀ ਹੁੰਦੀ ਹੈ। ਇਹ ਨਿਸ਼ਾਨੀ ਚੂਰੀ, ਪੱਟ ਦਾ ਮਾਸ, ਘੋਗਾ, ਸਿਪੀ, ਮਣਕਾ, ਫੁੱਲ, ਫਲ, ਕਢਿਆ ਹੋਇਆ ਰੁਮਾਲ ਆਦਿ ਕੁਝ ਵੀ ਹੋ ਸਕਦੀ ਹੈ। ਜੇਕਰ ਅਸੀਂ ਇਸ ਚਿੰਨ੍ਹ ਦਾ ਅਗਲਾ ਪਾਸਾ ਵੇਖੀਏ ਭਾਵ ਦੁਨਿਆਵੀ ਕਦਰ ਨੂੰ ਜਾਣੀਏ ਤਾਂ ਦੇਣ ਵਾਲੇ ਦੇ ਕਿੱਤੇ ਦਾ ਪ੍ਰਤੀਕ ਹੁੰਦਾ ਹੈ। ਜੇਕਰ ਅਸੀਂ ਇਹ ਸੁਣੀਏ ਕਿ ਕਿਸੇ ਨੇ ਪ੍ਰੀਤ ਨਿਸ਼ਾਨੀ ਵਜੋਂ ਘੋਗਾ ਦਿਤਾ ਤਾਂ ਇਹ ਜਾਣਨਾ ਮੁਸ਼ਕਲ ਨਹੀਂ ਕਿ ਇਹ ਪਿਆਰ ਸਮੁੰਦਰ ਕੰਢੇ ਵਾਪਰਿਆ ਹੈ। ਚੂਰੀ ਦਸਦੀ ਹੈ ਕਿ ਸਮਾਜ ਦੀ ਖੇਤੀ ਉਪਜ ਕਣਕ ਹੈ ਅਤੇ ਜੇਕਰ ਇਸ ਵਿਚ ਪਾਏ ਸ਼ੱਕਰ ਅਤੇ ਘਿਓ ਨਾਲ ਤੁਅੱਲਕ ਰਖਿਆ ਜਾਵੇ ਤਾਂ ਇਹ ਜਮਾਤ ਦੀ ਵੀ ਪ੍ਰਤੀਕ ਹੋ ਸਕਦੀ ਹੈ। ਜੇਕਰ ਇਸ ਦਾ ਪਿਛਲਾ ਪੱਖ ਵਰਤਿਆ ਜਾਵੇ ਭਾਵ ਚੂਰੀ ਪਿਛੇ ਹੈ ਕੀ, ਤਾਂ ਇਹ ਸਾਰੇ ਉਪਰ ਕੱਥੇ ਚਿੰਨ੍ਹ ਸਮਾਨ ਨੇ। ਬਿਨਾਂ ਦਿਲ ਦੀ ਪੁਜੀਸ਼ਨ ਬਦਲੇ ਇਕ ਦੀ ਥਾਂ ਦੂਸਰਾ ਆ ਸਕਦਾ ਹੈ। ਮੇਰਾ ਭਾਵ ਹੈ ਕਿ ਦੁਨਿਆਵੀ ਅਹਿਸਾਸ ਵਿਚ ਜਿਹੜੇ ਪਦਾਰਥਕ ਚਿੰਨ੍ਹ ਆਉਂਦੇ, ਉਨ੍ਹਾਂ ਦਾ ਬਦਲ ਹੁੰਦਾ ਹੈ। ਇਕ ਦੀ ਥਾਂ ਦੂਸਰਾ ਆ ਸਕਦਾ ਹੈ। ਇਸ ਕਰਕੇ ਇਹ ਵਿਸ਼ੇਸ਼ ਨਹੀਂ। ਜੇ ਵਿਸ਼ੇਸ਼ ਨਹੀਂ ਤਾਂ ਪੈਮਾਨਾ ਨਹੀਂ। ਜੋ ਕੁਝ ਪ੍ਰੀਤ ਚਿੰਨ੍ਹਾਂ ਦੇ ਪਿਛੇ ਹੁੰਦਾ ਹੈ ਉਹ ਕਰਤਾ ਦਾ ਸੂਖਮ ਅਹਿਸਾਸ ਹੈ, ਉਸ ਦੀ ਮਿਥਿਆ ਹੈ, ਜਿਸ ਦਾ ਕੋਈ ਬਦਲ ਨਹੀਂ, ਜੋ ਸਦਾ ਪਿਆਸੀ ਹੈ ਅਤੇ ਕਿਸੇ ਵੀ ਚਿੰਨ੍ਹ ਨਾਲ ਸੰਮਿਲਤ ਨਹੀਂ ਹੋ ਸਕਦੀ। — ਭੁਪਿੰਦਰ ਸਿੰਘ ਖਹਿਰਾ, ਖਹਿਰਾ

■ ਭੁਪਿੰਦਰ ਸਿੰਘ ਖਹਿਰਾ ਦੀ ਮਨਘੜਤੀ : ਸਾਡੇ ਮੁਲਕ ਦੇ ਮਿਥਿਹਾਸ ਦਾ ਮਾਰਕਸ-ਵਾਦੀ ਨਜ਼ਰੀਏ ਤੋਂ ਵਿਸ਼ਲੇਸ਼ਨ ਹੋਣਾ ਚਾਹੀਦਾ ਹੈ ਅਤੇ ਸਮਾਜਕ ਰਿਸ਼ਤਿਆਂ ਦੀ ਬੋਲੀ ਵਿਚ ਉਸ ਦੀ ਸਮਾਜਕ ਮਨੁਖੀ ਵਸਤੂ ਦੀ ਵੀ ਸਮਝ ਆਉਣੀ ਚਾਹੀਦੀ ਹੈ। ਪਰ ਇਹ ਮਜ਼ਮੂਨ ਮੇਰਾ ਨਹੀਂ। ਭੁਪਿੰਦਰ ਸਿੰਘ ਖਹਿਰਾ ਨੇ ਭਾਰਤੀ ਮਨ ਦੀ ਬਣਾਵਟ — ਉਸ ਦੀਆਂ "ਦਿਮਾਗੀ ਗੱਠਾਂ" (Psyche) ਨੂੰ ਐਸੇ ਤਰੀਕੇ ਨਾਲ ਪੇਸ਼ ਕੀਤਾ ਹੈ ਜਿਸ ਤਰ੍ਹਾਂ ਕਿ ਨਿਜ਼ਾਮਾਂ ਦੀ ਤਬਦੀਲੀ ਦੇ ਬਾਵਜੂਦ ਭਾਰਤੀ ਮਨ ਦੀ ਬਣਾਵਟ ਜੂੰ ਦੀ ਤੂੰ ਹੀ ਤੁਰੀ ਆਉਂਦੀ ਰਹੀ ਹੋਵੇ ਅਤੇ ਅਗਾਂਹ ਉਸ ਇਦਾਂ ਹੀ ਤੁਰੀ ਜਾਣਾ ਹੋਵੇ। ਇਹ ਠੀਕ ਹੈ ਕਿ ਸਮਾਜਕ ਮਨੁਖੀ ਉਸਾਰੀ ਵਿਚ ਪੁਰਾਣੀ ਕਲਚਰ ਨਗੋਟ ਹੁੰਦੀ ਹੈ ਨਸ਼ਟ ਨਹੀਂ ਹੁੰਦੀ, ਪਰ ਮੂਲ ਵਿਚ ਮਨੁਖ ਦੀ, ਉਸ ਦੀ Psyche ਦੀ ਬਣਤਰ ਪੈਦਾਵਾਰੀ ਤੇ ਸਮਾਜਕ ਰਿਸ਼ਤਿਆਂ ਦੀ ਸਿਰਜਣਾ ਹੁੰਦੀ ਹੈ। ਜੇ ਇਉਂ ਨਾ ਹੋਵੇ ਤਾਂ ਮਨੁਖੀ ਬਣਤਰ ਸਮਾਜ ਦੀ ਤੋਰ ਨੂੰ ਚਲਾ ਹੀ ਨਹੀਂ ਸਕਦੀ। ਸਮਾਜ ਤੇ ਮਨੁਖ ਬਾਬਤ ਅਟਲ ਕਾਨੂੰਨ ਸਦਾ ਹੁੰਦੀ ਜਾਂਦੀ ਤਬਦੀਲੀ ਦਾ ਹੈ। ਸੋ ਖਹਿਰਾ ਸਾਹਿਬ ਦਾ ਬੁਨਿਆਦੀ ਸਿਧਾਂਤ ਹੀ ਗ਼ਲਤ ਹੈ।

ਪਰ ਚਲੋ ਸਿਧਾਂਤ ਦੀ ਗ਼ਲਤੀ ਨੂੰ ਛਡੋ। ਕਿਸੇ ਦਾ ਸਿਧਾਂਤ ਕੋਈ ਵੀ ਹੋਵੇ ਇਕ ਗੱਲ ਹਰ ਇਕ ਵਾਸਤੇ ਲਾਜ਼ਮੀ ਹੈ ਕਿ ਆਪਣੇ ਸਿਧਾਂਤ ਰਾਹੀਂ ਜੋ ਵੀ ਉਸ ਨੇ ਸਾਬਤ ਕਰਨਾ ਹੈ, ਸਿੱਕੇ ਬੰਦ ਤੱਥਾਂ ਦੇ ਆਧਾਰ 'ਤੇ ਕਰੇ। ਅਤੇ ਸਭ ਤੱਥ ਉਸ ਦੇ ਸਿਧਾਂਤ ਦੀ ਪੁਸ਼ਟੀ ਕਰਦੇ ਦਿਸ ਆਉਣ। ਖਹਿਰਾ ਸਾਹਿਬ ਦੀ ਸਾਰੀ ਵਿਆਖਿਆ, ਉਨ੍ਹਾਂ ਦਾ ਸਾਰਾ ਥੀਸਸ ਇਸ ਗੱਲ ਉਤੇ ਮੁਨਹੱਸਰ ਹੈ ਕਿ ਇਕ ਦੂਸਰੇ ਦੇ ਮੱਥੇ ਲਗਣ ਤੋਂ ਪਹਿਲਾਂ ਹੀ ਇਕ ਪਾਸੇ ਹੀਰ ਤੇ ਦੂਸਰੇ ਪਾਸੇ ਰਾਂਝੇ ਦੀ "ਸੂਖਮ



ਦਿਮਾਗੀ ਗੱਠ" ਬਣ ਚੁਕੀ ਸੀ। ਅਤੇ ਉਨ੍ਹਾਂ ਦੇ ਸਿਧਾਂਤ ਮੁਤਾਬਿਕ ਹੀਰ ਰਾਂਝੇ ਦਾ ਮਿਲਣਾ ਤੇ ਮੇਲ ਤੋਂ ਮਗਰੋਂ ਸਮੇਤ ਇਸ਼ਕ ਦੇ ਜੋ ਵੀ ਉਨ੍ਹਾਂ ਨਾਲ ਵਾਪਰੀ ਅਤੇ ਜੋ ਵੀ ਉਨ੍ਹਾਂ ਕੀਤਾ, ਉਨ੍ਹਾਂ ਦੀਆਂ ਮੇਲ ਤੋਂ ਪਹਿਲਾਂ ਦੀਆਂ ਬਣੀਆਂ "ਸੂਖਮ ਦਿਮਾਗੀ ਗੱਠਾਂ" ਦਾ ਹੀ ਇਜ਼ਹਾਰ ਸੀ। ਜੇ ਖਹਿਰਾ ਸਾਹਿਬ ਦੇ ਸਿਧਾਂਤ ਵਿਚ ਜ਼ਰਾ ਵੀ ਸੱਚ ਹੁੰਦਾ ਤਾਂ ਹਰ ਕਿੱਸਾਕਾਰ ਜਿਸ ਨੇ ਵੀ ਹੀਰ ਰਾਂਝੇ ਦਾ ਇਸ਼ਕ ਗਾਵਿਆ ਹੈ, ਉਹ ਹੀਰ ਤੇ ਰਾਂਝੇ ਦੋਹਾਂ ਦੀਆਂ "ਸੂਖਮ ਦਿਮਾਗੀ ਗੱਠਾਂ" ਦੀ ਉਸਾਰੀ ਦੇ ਵੇਗ ਨੂੰ ਚਿਤਰਨ ਵਿਚ ਆਪਣਾ ਵਧ ਤੋਂ ਵਧ ਜ਼ੋਰ ਲਾਉਂਦਾ, ਕਿਉਂਕਿ ਖਹਿਰਾ ਸਾਹਿਬ ਦੇ ਸਿਧਾਂਤ ਦੇ ਮੁਤਾਬਿਕ ਸਾਰੀ ਗੱਲ ਦਾ ਮੂਲ ਹੀ ਦੋਹਾਂ ਵਿਚ "ਸੂਖਮ ਦਿਮਾਗੀ ਗੱਠਾਂ" ਦੀ ਉਸਾਰੀ ਹੈ।

ਪਰ ਵਾਰਿਸ ਸ਼ਾਹ ਤੇ ਕੀ, ਕਿਸੇ ਕਿੱਸਾਕਾਰ ਦੀ ਰਚਨਾ ਵਿਚ ਵੀ ਐਸੀ ਉਸਾਰੀ ਦਾ ਕਿਤੇ ਨਾਮੋਂ ਨਿਸ਼ਾਨ ਨਹੀਂ। ਖਹਿਰਾ ਸਾਹਿਬ ਨੇ ਵਾਰਿਸ ਸ਼ਾਹ ਦੀ ਤਾਂ ਕੀ, ਕਿਸੇ ਦੀ ਰਚਨਾ ਵਿਚੋਂ ਵੀ ਇਕ ਵੀ ਟੂਕ ਨਹੀਂ ਦਿਤੀ ਜਿਸ ਤੋਂ ਉਨ੍ਹਾਂ ਦੇ ਪਾਠਕ ਨੂੰ ਇਹ "ਸੂਖਮ ਦਿਮਾਗੀ ਗੱਠਾਂ" ਸਪਸ਼ਟ ਉਸਰਦੀਆਂ ਦਿਸ ਆਉਣ। ਜ਼ਾਹਿਰ ਹੈ ਕਿ ਇਹ ਸਾਰੀ ਗੱਲ ਖਹਿਰਾ ਸਾਹਿਬ ਦੀ ਮਨਘੜਤ ਹੈ। ਉਨ੍ਹਾਂ ਦੇ ਦਿਮਾਗ ਵਿਚ ਉਠੀ ਬੇਮੁਹਾਰੀ ਲਹਿਰ ਹੈ ਜਿਸ ਦੀ ਸਾਹਿਤਕ ਚਿੱਤਰਾਂ ਵਿਚ ਜੜ੍ਹ ਮੇਖ ਨਹੀਂ। ਆਪਣੇ ਮੂੰਹ ਦੀ ਹਵਾੜ 'ਤੇ ਸਾਰੀ ਮੰਜ਼ਲ ਉਸਾਰ ਦੇਣ ਨੂੰ ਆਲੋਚਨਾ ਨਹੀਂ ਕਿਹਾ ਜਾਂਦਾ। ਨਾਲੇ ਮੇਲ ਤੋਂ ਪਹਿਲਾਂ ਦੀ ਹੀਰ ਵਲ ਹੀ ਵੇਖੋ। ਉਹ ਰੂਪ ਮੱਤੀ, ਰਜਵਾੜੇ ਦੀ ਧੀ, ਫਿੱਟੀ ਹੋਈ ਰੰਨ ਹੈ ਜੋ ਹਾਕਮ ਜਮਾਤਾਂ ਦੀ ਖਸਲਤ ਦੇ ਅਧੀਨ ਉਸ ਦੀ ਬਣਾਈ ਆਪਣੀ ਮਨ-ਆਈ ਦੇ ਅਧੀਨ ਲੁਡਣ ਨੂੰ ਲਹੂ ਲੁਹਾਨ ਕਰ ਮਾਰਦੀ ਹੈ। ਏਥੇ ਕਿਥੇ "ਸੂਖਮ ਦਿਮਾਗੀ ਗੱਠਾਂ" ਨੇ ?

ਖਹਿਰਾ ਸਾਹਿਬ ਨੇ ਇਸ਼ਕ ਨਾਲ ਉਹ ਕੀਤੀ ਹੈ ਜੋ ਉਹ ਵੀ ਯਾਦ ਹੀ ਕਰੂ ਕਿ ਕੋਈ ਮਿਲਿਆ ਸੀ। ਲਿਖਦੇ ਹਨ : "ਪਲ ਦੀ ਪਲ ਲਈ ਹੀਰ ਨੇ ਸਮਝਿਆ ਇਹ ਉਹ ਹੀ ਮਨੁਖ ਹੈ ਜਿਹੜਾ ਉਸ ਨੇ ਚਿਤਵਿਆ ਸੀ ਅਤੇ ਰਾਂਝੇ ਨੂੰ ਆਪਣੀ ਚਿਤਵੀ ਹੀਰ ਉਹ ਹੀਰ ਜਾਪੀ।" (ਸੋਧ, ਅਗਸਤ 1976, ਸਫ਼ਾ 42) ਸੋ ਖਹਿਰਾ ਸਾਹਿਬ ਦੇ ਅਨੁਸਾਰ ਇਸ਼ਕ ਕੀ ਹੈ ? ਪਲ ਦੇ ਪਲ ਲਈ ਮਨ ਵਿਚ ਫੁਰਿਆ ਫੁਰਨਾ, ਜਿਸ ਦੀ ਜ਼ਿੰਦਗੀ/ਹੋਂਦ ਉਸ ਪਲ ਤੋਂ ਬਾਹਰ ਨਹੀਂ, ਹੰਢਵੀਂ ਅਸਲੀਅਤ ਵਿਚ ਜਿਸ ਦੀ ਜੜ੍ਹ ਮੇਖ ਨਹੀਂ। ਵਾਰਿਸ ਸ਼ਾਹ ਦੇ ਮੁਤਾਬਿਕ ਇਸ਼ਕ ਕੀ ਹੈ ? ਜ਼ਿੰਦਗੀ ਦੇ ਸੌਦੇ। ਸਿਰ-ਧੜ ਦੀਆਂ ਬਾਜ਼ੀਆਂ। ਹੀਰ ਦੀ ਜ਼ਬਾਨੀ "ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ, ਨਹੀਂ ਏਹੁ ਸੁਖਾਲੀਆਂ ਯਾਰੀਆਂ ਵੇ।" "ਏਹ ਇਸ਼ਕ ਦੇ ਰੋਗ ਦੀ ਬਾਤ ਈਵੇਂ, ਸਿਰ ਜਾਏ ਤੇ ਸਿਰਰ ਨਾ ਜਾਏ ਮੀਆਂ।" ਅਤੇ ਰਾਂਝੇ ਦੀ ਜ਼ਬਾਨੀ, 'ਜਿਨ੍ਹਾਂ ਸੂਲੀਆਂ ਤੇ ਚੜ੍ਹ ਲਏ ਝੂਟੇ, ਮਨਸੂਰ ਹੋਰੀਂ ਸਾਡੇ ਨਾਲ ਦੇ ਨੀ...ਭਾਬੀ ਇਸ਼ਕ ਤੋਂ ਨੱਸ ਕੇ ਉਹ ਜਾਂਦੇ, ਪੁਤਰ ਹੋਣ ਜੋ ਕਿਸੇ ਕੰਗਾਲ ਦੇ ਨੀ।"

ਖਹਿਰਾ ਸਾਹਿਬ ਦੇ ਮੁਤਾਬਿਕ ਇਸ਼ਕ ਦੀ ਇਸ ਤੋਂ ਅਗਲੀ ਖ਼ਾਸੀਅਤ ਕੀ ਹੈ ? "ਇਸ਼ਕ ਜਿਸ ਨੂੰ ਮੈਂ ਨੀਂਦ ਦਾ ਰੁਤਬਾ ਦੇਂਦਾ ਹਾਂ" (ਉਹੀ ਸਫ਼ਾ) ਸੋ ਉਨ੍ਹਾਂ ਦੇ ਮੁਤਾਬਿਕ ਇਸ਼ਕ ਪਲ ਦੇ ਪਲ ਲਈ ਫੁਰਿਆ ਇਕ ਫੁਰਨਾ ਹੀ ਨਹੀਂ, ਘੁਰਾੜੇ ਮਾਰਨਾ ਵੀ ਹੈ। ਇਸ ਤੋਂ ਅਗਲੀ ਖ਼ਾਸੀਅਤ ਉਹ ਕੀ ਦਸਦੇ ਹਨ : "ਉਸ ਨੂੰ ਕੋਈ ਪਤਾ ਨਹੀਂ ਜ਼ਿੰਦਗੀ ਦਾ ਜ਼ਾਬਤਾ ਕੀ ਹੁੰਦਾ ਹੈ। "ਹੀਰ ਨੂੰ ਰਾਂਝਾ ਚਾਹੀਦਾ ਹੈ ਅਤੇ ਰਾਂਝੇ ਨੂੰ ਹੀਰ। ਆਪੋ ਧਾਪੀ ਪਈ ਹੋਈ ਐ।" (ਉਹੀ ਸਫ਼ਾ) ਖਹਿਰਾ ਸਾਹਿਬ ਦੇ ਮੁਤਾਬਿਕ ਇਸ਼ਕ ਤਾਂ ਜ਼ਿੰਦਗੀ ਦੇ ਸਭ ਜ਼ਾਬਤੇ ਤੋੜ ਕੇ ਮਨ-ਆਈਆਂ ਕਰਨ ਦਾ ਲਸੰਸ ਹੈ ! ਅਤੇ ਹੋਰ, ਮੁਨਾਫ਼ਾਖ਼ੋਰੀ ਵਾਲੇ ਸਮਾਜ ਦੀ, ਇਕ ਦੂਸਰੇ ਉਤੇ ਕਬਜ਼ਾ ਮਾਰਨ ਦੀ ਆਪੋ ਧਾਪੀ !! ਜੇ ਇਸ਼ਕ ਆਪੋ ਧਾਪੀ ਹੈ ਤਾਂ ਪਿਆਰ ਤੇ ਸਾਂਝ ਦੇ ਨਾਂ ਦੀ ਦੁਨੀਆਂ ਵਿਚ ਕੋਈ

ਚੀਜ਼ ਨਹੀਂ ਹੈ। ਅਤੇ ਗੁਰੂ ਸਾਹਿਬ ਨੇ ਵੀ ਐਵੇਂ ਬੇਬੁਨਿਆਦ ਗੱਲ ਹੀ ਕੀਤੀ ਹੋਈ ਹੈ : "ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕੱਠੇ ਹੋਇ। ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ। (788)।

ਖਹਿਰਾ ਸਾਹਿਬ ਦੀ ਅਗਿਆਨਤਾ ਨੂੰ ਕੋਈ ਹੱਦ ਬੰਨਾ ਨਹੀਂ। ਜਿਸ ਤਰ੍ਹਾਂ ਉਨ੍ਹਾਂ ਇਨਸਾਨੀਅਤ ਦਾ ਮਜ਼ਾਕ ਉਡਾਇਆ ਹੈ ਅਤੇ ਉਸ ਨੂੰ ਪਰਲੇ ਦਰਜੇ ਦੀ, ਸਿਖਰ ਦੀ ਬੇਸ਼ਰਮੀ ਦਸਿਆ ਹੈ ਅਤੇ ਜਿਸ ਬੋਲੀ ਰਾਹੀਂ ਦਸਿਆ ਹੈ ਉਹ ਉਨ੍ਹਾਂ ਨੂੰ ਮੁਬਾਰਕ! ਵੈਸੇ ਇਨਸਾਨੀਅਤ ਬੇਹਯਾਈ ਨਹੀਂ ਹੁੰਦੀ। ਮਨੁਖ ਦੀ ਆਜ਼ਾਦੀ, ਉਸ ਦੀ ਪੂਰਨ ਸਫਲਤਾ ਹੈ। ਖਹਿਰਾ ਸਾਹਿਬ ਦੇ ਮੁਤਾਬਿਕ ਤਾਂ ਹੀਰ ਦਾ ਰਾਂਝੇ ਨੂੰ ਮੰਗ ਲੈਣਾ ਪਰਲੇ ਦਰਜ਼ੇ ਦੀ ਬੇਹਯਾਈ ਬਣਦਾ ਹੈ। ਕਿਸੇ ਇਕੱਠ ਵਿਚ ਜਾ ਕੇ ਨੰਗ ਮੁਨੰਗ ਹੋਕੇ ਮੂਤਣ ਵਾਲੀ ਗੱਲ ਹੈ। ਉਨ੍ਹਾਂ ਦੇ ਮੁਤਾਬਿਕ ਇਸ਼ਕ ਇਹ ਹੀ ਬਣਦਾ ਹੈ। ਉਹ ਲਿਖਦੇ ਹਨ : "ਕਿਸੇ ਵੀ ਸਮਾਜ ਦੀਆਂ ਪਰੰਪਰਾਵਾਂ ਉਸ ਸਮਾਜ ਦੇ ਕਪੜੇ ਹੁੰਦੀਆਂ ਨੇ — ਜਿਹਨਾਂ ਨੂੰ ਪਹਿਨ ਕੇ ਪਸ਼ੂ ਮਨੁਖ ਬਣਦੇ।" (ਸਫ਼ਾ 44) ਸਮਾਜ ਦੀਆਂ ਪਰੰਪਰਾਵਾਂ, ਉਸ ਦੀ ਕਲਚਰ, ਉਸ ਸਮਾਜ ਦੇ ਕਪੜੇ ਹੀ ਨਹੀਂ ਹੁੰਦੀ, ਬਲਕਿ ਉਸ ਸਮਾਜ ਦੇ ਮਨੁਖ ਦੀ ਸਿਰਜਣਹਾਰ ਵੀ ਹੁੰਦੀ ਹੈ। ਪਰ ਖਹਿਰਾ ਸਾਹਿਬ ਨੇ ਜੋ ਇਹ ਲਿਖ ਮਾਰਿਆ ਹੈ "ਜਿਹਨਾਂ ਨੂੰ ਪਹਿਨਕੇ ਪਸ਼ੂ ਮਨੁਖ ਬਣਦੇ" — ਹਰ ਕਿਸਮ ਦੇ ਸਮਾਜ ਵਾਸਤੇ ਸਹੀ ਨਹੀਂ। ਜਮਾਤੀ ਸਮਾਜ ਦੀਆਂ ਪਰੰਪਰਾਵਾਂ, ਉਸ ਦੀ ਕਲਚਰ ਤਾਂ ਮਨੁਖ ਨੂੰ ਪਸ਼ੂਆਂ ਨਾਲੋਂ ਬਦਤਰ ਵਹਿਸ਼ੀ ਬਣਾ ਧਰਦੀ ਹੈ। "ਕਲੀ ਅੰਦਰ ਨਾਨਕਾ ਜਿਨ੍ਹਾਂ ਦਾ ਅਉਤਾਰ। ਪੁਤ ਜਿਨੂਰਾ ਧੀ ਜਿਨੂਰੀ ਜੋਰੂ ਜਿਨ੍ਹਾਂ ਦਾ ਸਿਕਦਾਰ" (556) ਜਮਾਤੀ ਸਮਾਜਾਂ ਦੀਆਂ ਸਰਕਾਰਾਂ ਇਕ ਦੂਸਰੇ ਨੂੰ ਖ਼ਤਮ ਕਰਨ ਵਾਸਤੇ ਪ੍ਰਮਾਣੂ ਹਥਿਆਰ ਚੁਕੀ ਫਿਰਦੀਆਂ ਹਨ। ਇਹ ਪਸ਼ੂ ਤੋਂ ਮਨੁਖ ਬਣਨ ਦਾ ਚੰਗਾ ਨਮੂਨਾ ਹੈ ਅਤੇ ਹੈ ਵੀ ਪ੍ਰਤੱਖ। ਉਹ ਹੋਰ ਲਿਖਦੇ ਹਨ : "ਇਨਸਾਨੀਅਤ ਜਾਂ ਲੋਕਾਈ ਕੋਈ ਬਾਜਰੇ ਦੇ ਦਾਣੇ ਨਹੀਂ, ਬਈ ਹੀਰ ਨੇ ਛੱਟਾ ਦਿਤਾ ਤੇ ਫੱਟਾ ਫਟ ਪੁੰਗਰ ਪਏ।" (ਸਫ਼ਾ 44) ਇਹ ਇਨਸਾਨੀਅਤ ਉਸ ਹੀਰ ਤੇ ਰਾਂਝੇ ਦਾ ਬੀਜਿਆ ਹੋਇਆ ਬੀਜ ਨਹੀਂ "ਜੋ ਇਸ ਜਗਤ ਦੇ ਵਸਨੀਕ ਨਹੀਂ"। ਇਹ ਇਨਸਾਨੀਅਤ ਉਨ੍ਹਾਂ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਦਾ ਬੀਜਿਆ ਹੋਇਆ ਬੀਜ ਸੀ ਜਿਨ੍ਹਾਂ ਦੀ ਵਿਚਾਰਧਾਰਾ, ਜਿਨ੍ਹਾਂ ਦਾ ਸੱਚ "ਜਉ ਤਉ ਪ੍ਰੇਮ ਖੇਲਣ ਕਾ ਚਾਉ। ਸਿਰੁ ਧਰਿ ਤਲੀ ਗਲੀ ਮੋਰੀ ਆਉ। ਇਤੁ ਮਾਰਗਿ ਪੈਰੁ ਧਰੀਜੈ। ਸਿਰ ਦੀਜੈ ਕਾਣਿ ਨ ਕੀਜੈ" ਸੀ। ਹੀਰ ਰਾਂਝਾ ਉਨ੍ਹਾਂ ਕਿਸਾਨਾਂ ਕਾਮਿਆਂ ਆਦਿ ਦੇ ਇਸਤਰੀ ਮਰਦੇ ਦੇ ਰਿਸ਼ਤੇ ਵ ਪ੍ਰਤੀਨਿਧ ਹਨ।

ਖਹਿਰਾ ਸਾਹਿਬ ਲਿਖਦੇ ਹਨ : "ਉਸ (ਹੀਰ) ਨੂੰ ਕੋਈ ਪਤਾ ਨਹੀਂ ਜ਼ਿੰਦਗੀ ਦਾ ਜ਼ਾਬਤਾ ਕੀ ਹੁੰਦਾ ਹੈ?" (ਸਫ਼ਾ 42)। ਹੋਰ ਲਿਖਦੇ ਹਨ : "ਮੈਂ ਕਿਹਾ ਸੀ ਕਿ ਹੀਰ ਰਾਂਝਾ ਇਸ ਜਗਤ ਦੇ ਵਸਨੀਕ ਨਹੀਂ। ਉਹ ਤਾਂ ਸੂਖਮ ਜਗਤ ਦੇ ਵਸਨੀਕ ਨੇ। ਜਿਉਂ ਜਿਉਂ ਉਹ ਆਪਣੀ ਮੰਜ਼ਲ ਵਲ ਅਗਾਂਹ ਅਗਾਂਹ ਤੁਰੇ ਜਾਂਦੇ ਨੇ ਉਹ ਦੁਨਿਆਵੀ ਦੁਨੀਆਂ ਤੋਂ ਦੂਰ ਦੂਰ ਜਾਈ ਜਾਂਦੇ ਨੇ। ਉਨ੍ਹਾਂ ਦੀਆਂ ਅੱਖਾਂ ਸੂਖਮ ਜਗਤ ਵਿਚ ਨੇ। ਇਸੇ ਕਰਕੇ ਉਨ੍ਹਾਂ ਨੂੰ ਸ਼ਰਮ ਨਹੀਂ। ਇਸੇ ਕਰਕੇ ਇਥੇ ਉਨ੍ਹਾਂ ਨੂੰ ਸਮਾਜਕ ਨਿਆਂ ਦੀ ਜ਼ਰੂਰਤ ਨਹੀਂ?...ਹੀਰ ਦਾ ਕੀ ਕਸੂਰ ਹੈ ਜਿਹੜੀ ਨੰਗੀ ਹੋ ਕੇ ਆਪਣੇ ਆਪ ਨੂੰ ਢੱਕੀ ਹੋਈ ਦਸਦੀ ਹੈ।" (ਸਫ਼ਾ 44) ਖ਼ਹਿਰਾ ਸਾਹਿਬ ਦੀਆਂ ਇਨ੍ਹਾਂ ਸਭ ਗੱਲਾਂ ਵਿਚੋਂ ਇਕ ਵੀ ਠੀਕ ਨਹੀਂ। ਹੀਰ ਤੇ ਰਾਂਝਾ ਇਸ ਜਗ ਦੇ ਇਸ ਸਮਾਜ ਦੇ ਵਸਨੀਕ ਹਨ, ਪੂਰੇ ਵਸਨੀਕ ਹਨ। ਇਸ ਵਾਸਤੇ ਹੀ ਉਹ ਆਪਣੇ ਇਸ਼ਕ ਉਤੇ ਸਮਾਜ ਦੀ ਮੋਹਰ ਲਗਵਾ ਕੇ,



ਵਿਆਹ ਕਰਵਾ ਕੇ ਜੀਉਣਾ ਚਾਹੁੰਦੇ ਹਨ। ਵਿਆਹ ਤੋਂ ਪਹਿਲਾਂ ਹੀਰ ਰਾਂਝੇ ਨੂੰ ਆਖਦੀ ਹੈ : "ਹੀਰ ਆਖਿਆ ਰਾਂਝਿਆ! ਕਹਿਰ ਹੋਇਆ, ਏਥੋਂ ਉੱਠ ਕੇ ਚੱਲ ਜੇ ਚੱਲਣਾ ਈਂ"। ਤਾਂ ਰਾਂਝਾ ਜਵਾਬ ਦੇਂਦਾ ਹੈ : "ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ।" ਇਥੇ ਪੁਜ਼ੀਸ਼ਨ ਕੀ ਹੈ? ਇਕ ਪਾਸੇ ਤੋਂ ਤਾਂ ਹੀਰ ਤੇ ਰਾਂਝਾ ਇਤਿਹਾਸਕ ਭੁਲੇਖੇ ਦਾ ਸ਼ਿਕਾਰ ਹਨ ਕਿ ਸਮਾਜ ਉਨ੍ਹਾਂ ਦੇ ਇਸ਼ਕ ਉਤੇ ਮੋਹਰ ਲਗਾ ਸਕਦਾ ਹੈ। ਦੂਸਰੇ ਪਾਸੇ ਤੋਂ ਲੋਕ ਕਲਪਨਾ ਨੇ ਜੋ ਕਹਾਣੀ ਬਣਾਈ ਹੋਈ ਹੈ ਉਹ ਹੀਰ ਰਾਂਝੇ ਨੂੰ ਇਸ ਸਟੇਜ ਉਤੇ ਨਹੀਂ ਨਸਾਉਂਦੀ। ਇਸ ਸਟੇਜ 'ਤੇ ਨਾ ਨਸਾਉਣ ਵਿਚ ਉਸ ਨੇ ਠੀਕ ਕੀਤਾ ਹੈ। ਜੇ ਹੀਰ ਰਾਂਝਾ ਇਸ ਸਟੇਜ ਉਤੇ ਨਸ ਜਾਂਦੇ ਤਾਂ ਇਹ ਜੋੜਾ ਤਾਂ ਕਿਸੇ ਉਜਾੜ ਬੀਆਬਾਨ ਵਿਚ ਸ਼ਾਇਦ ਇਕ ਦੂਸਰੇ ਨੂੰ ਹੰਢਾ ਲੈਂਦਾ ਪਰ ਦੋ ਗੱਲਾਂ ਨਹੀਂ ਸਨ ਹੋਣੀਆਂ। ਇਕ ਤਾਂ ਇਹ ਉਘੜ ਕੇ ਸਪੱਸ਼ਟ ਨਹੀਂ ਸੀ ਹੋਣਾ ਕਿ ਜਮਾਤੀ ਸਮਾਜ, ਫ਼ੀਊਡਲ ਸਮਾਜ ਕਿਸੇ ਹਾਲਤ ਵਿਚ ਵੀ ਇਸ਼ਕ ਉਤੇ ਆਪਣੀ ਮੋਹਰ ਨਹੀਂ ਲਾ ਸਕਦਾ। ਉਸ ਨੂੰ ਹਜ਼ਮ ਨਹੀਂ ਕਰ ਸਕਦਾ। ਕਿਉਂਕਿ ਇਸ ਵਿਚ ਉਸ ਦੀ ਆਪਣੀ ਮੌਤ ਹੈ। ਆਪ ਮਰਨ ਤੋਂ ਪਹਿਲਾਂ ਉਹ ਆਸ਼ਕਾਂ ਨੂੰ ਮਾਰੇਗਾ। ਦੂਸਰੇ ਭਜ ਜਾਣ ਨਾਲ, ਚੋਰੀਂ ਛੱਪੀਂ ਆਪਣਾ ਇਸ਼ਕ ਹੰਢਾਉਣ ਨਾਲ ਸਮਾਜਕ ਮਨੁਖੀ ਮਸਲਾ ਹੱਲ ਨਹੀਂ ਹੁੰਦਾ। ਉਹ ਹੱਲ ਤਾਂ ਹੁੰਦਾ ਹੈ ਜੇ ਇਸ਼ਕ ਸਮਾਜ ਵਿਚ ਪ੍ਰਵੇਸ਼ ਕਰੇ। ਇਸ਼ਕ ਸਮਾਜ ਨੂੰ ਪ੍ਰਵਾਨ, ਉਸ ਦਾ ਨਾਰਮਲ ਕਾਨੂੰਨ ਹੋਵੇ। ਆਸ਼ਕ ਫ਼ੀਊਡਲ ਦੇ ਵਿਰੁਧ ਬਗ਼ਾਵਤ ਦੇ ਪ੍ਰਤੀਨਿਧ ਤਾਂ ਹੀ ਰਹਿੰਦੇ ਹਨ ਜੇ ਆਪਣੇ ਇਸ਼ਕ ਵਿਚ ਪੂਰੇ ਉਤਰਦੇ ਉਤਰਦੇ ਇਸ਼ਕ ਦੀ ਪ੍ਰਵਾਨਗੀ ਵਾਸਤੇ ਅੰਤ ਤਕ ਜੂਝਦੇ ਜੂਝਦੇ ਤੁਰੇ ਜਾਣ। ਜਦੋਂ ਕੋਈ ਹੋਰ ਰਾਹ ਨਹੀਂ ਰਹਿ ਜਾਂਦਾ ਤਾਂ ਖੇੜਿਆਂ ਤੋਂ ਹੀਰ ਤੇ ਰਾਂਝਾ ਨਸਦੇ ਹਨ। ਪਰ ਜਦੋਂ ਫੜੇ ਜਾਂਦੇ ਹਨ ਅਤੇ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਵੀ ਹੋ ਜਾਂਦਾ ਹੈ ਤਾਂ ਵੀ ਉਹ ਆਪਣੇ ਇਸ਼ਕ ਉਤੇ ਸਮਾਜ ਦੀ ਮੋਹਰ ਲਵਾਉਣਾ ਚਾਹੁੰਦੇ ਹਨ। ਫ਼ੀਊਡਲ ਸਮਾਜ ਮਾਪਿਆਂ ਦੇ ਹੱਥੋਂ ਆਪਣੀਆਂ ਜਾਈਆਂ ਨੂੰ ਮਰਵਾ ਦੇਂਦਾ ਹੈ ਪਰ ਇਸ਼ਕ ਉਤੇ ਆਪਣੀ ਮੋਹਰ ਨਹੀਂ ਲਾ ਸਕਦਾ। ਇਸ਼ਕ 'ਤੇ ਮੋਹਰ ਲਾਉਣਾ ਸਮਾਜ ਦੀ ਕਾਇਆਂ-ਪਲਟੀ ਹੈ। ਉਸ ਵਿਚ ਇਨਕਲਾਬ ਹੈ। ਸੋ ਇਹ ਕਹਿਣਾ ਕਿ ਹੀਰ ਤੇ ਰਾਂਝਾ ਇਸ ਜਗਤ ਦੇ ਵਸਨੀਕ ਨਹੀਂ ਬਿਲਕੁਲ ਗ਼ਲਤ ਹੈ। ਉਹ ਇਸ ਜਗਤ ਦੇ, ਸਮਾਜ ਦੇ ਵਸਨੀਕ ਨੇ ਅਤੇ ਆਪਣੇ ਇਸ਼ਕ ਨੂੰ ਸਮਾਜ ਕੋਲੋਂ ਪ੍ਰਵਾਨ ਕਰਵਾ ਕੇ ਖ਼ੁਸ਼ੀ ਨਾਲ ਸਮਾਜ ਵਿਚ ਵਸਣਾ ਰਸਣਾ ਚਾਹੁੰਦੇ ਹਨ।

ਖਹਿਰਾ ਸਾਹਿਬ ਦੀ ਦੂਸਰੀ ਗੱਲ ਕਿ ਹੀਰ ਰਾਂਝੇ ਨੂੰ ਸ਼ਰਮ ਨਹੀਂ (ਕਾਰਨ ਉਨ੍ਹਾਂ ਭਾਵੇਂ ਕੁਛ ਵੀ ਦਸਿਆ ਹੈ) ਅਤੇ ਹੀਰ ਨੰਗੀ ਹੈ ਮੁਢੋਂ ਸੁਢੋਂ ਹੀ ਗ਼ਲਤ ਹੈ। ਨਾ ਹੀਰ ਨਿਲੱਜੀ ਹੈ ਅਤੇ ਨਾ ਰਾਂਝਾ ਹੀ ਬੇਹੱਯਾ, ਬੇਸ਼ਰਮ। ਉਹ ਦੋਵੇਂ ਲੱਜ ਪਤ ਵਾਲੀਆਂ ਸ਼ਖ਼ਸੀਅਤ ਹਨ। ਬੁਨਿਆਦੀ ਗੱਲ ਜੋ ਏਥੇ ਹੈ, ਸਭ ਕਾਸੇ ਦਾ ਮੂਲ ਹੈ ਉਹ ਖਹਿਰਾ ਸਾਹਿਬ ਦੇ ਪੱਲੇ ਨਹੀਂ ਪਈ। ਸ਼ਰਮ ਹਯਾ ਦਾ ਮਤਲਬ ਕੀ ਹੈ? ਸਮਾਜਕ ਮਨੁਖੀ ਕਦਰਾਂ ਕੀਮਤਾਂ ਦੀ ਹੋਂਦ। ਅਤੇ ਬੇਸ਼ਰਮੀ, ਬੇਹੱਯਾਈ ਦਾ ਅਰਥ ਹੈ ਉਨ੍ਹਾਂ ਦੀ ਅਣਹੋਂਦ। ਏਥੇ ਸ਼ਰਮ, ਹੱਯਾ, ਲੱਜ ਇਕ ਨਹੀਂ, ਦੋ ਹਨ। ਅਤੇ ਮੁਢੋਂ ਲੈਕੇ ਅਖੀਰ ਤਕ ਇਕ ਦੂਸਰੇ ਦੇ ਵਿਰੋਧੀ। ਹੀਰ ਨੰਗੀ ਨਹੀਂ। ਜੇ ਖਹਿਰਾ ਸਾਹਿਬ ਦੀ ਬੋਲੀ ਹੀ ਵਰਤਣੀ ਹੋਵੇ ਤਾਂ ਉਸ ਨੇ ਪੂਰੇ ਕਪੜੇ ਪਹਿਨੇ ਹੋਏ ਹਨ। ਸੱਪ ਕੁੰਜ ਲਾਹੁੰਦਾ ਹੈ ਪਰ ਉਦੋਂ ਜਦੋਂ ਉਸ ਉਤੇ ਅੰਦਰੋਂ ਪੂਰੀ ਤਰ੍ਹਾਂ ਨਵੀਂ ਕੁੰਜ ਆ ਚੁਕੀ ਹੁੰਦੀ ਹੈ। ਪੂਰੀ ਤਰ੍ਹਾਂ ਨਵੀਂ ਕੁੰਜ ਦੇ ਆਉਣ ਤੋਂ ਪਹਿਲਾਂ ਉਹ ਪੁਰਾਣੀ ਕੁੰਜ ਲਾਹ ਹੀ ਨਹੀਂ ਸਕਦਾ। ਜਿਸ ਨੂੰ ਫ਼ੀਊਡਲ ਸਮਾਜ ਸ਼ਰਮ ਹੱਯਾ ਕਹਿੰਦਾ

ਹੈ ਉਹ ਉਸ ਦੇ ਹਿਤੀ ਸਮਾਜਕ ਮਨੁਖੀ ਕੀਮਤਾਂ ਹਨ ਜਿਨ੍ਹਾਂ ਦੇ ਆਸਰੇ ਉਹ ਆਪਣੀ ਵਸੋਂ ਨੂੰ ਆਪਣੇ ਅਨੁਸਾਰੀ ਤੋਰਦਾ ਹੈ। ਆਸ਼ਕ ਉਸ ਨੰਗੋ ਨਾਮੂਸ ਨੂੰ ਲੀਰੋ ਲੀਰ ਕਰਦੇ ਹਨ। ਉਸ ਨੂੰ ਟਾਕੀ ਟਾਕੀ ਕਰਨ ਬਗੈਰ ਉਨ੍ਹਾਂ ਦੀ, ਉਨ੍ਹਾਂ ਦੇ ਇਸ਼ਕ ਦੀ ਹੋਂਦ ਹੀ ਮੁਮਕਿਨ ਨਹੀਂ। ਪਰ ਉਸ ਦੀ ਫੀਤੀ ਫੀਤੀ ਉਹ ਕਰਦੇ ਕਾਹਦੇ ਆਸਰੇ ਹਨ ? ਇਸ਼ਕ ਤੇ ਉਸ ਦੀਆਂ ਕੀਮਤਾਂ ਦੇ ਆਸਰੇ। ਉਸ ਦਾ ਸਰੂਪ ਹੋਕੇ। ਇਸ਼ਕ ਹੈ ਕੀ ? ਔਰਤ ਤੇ ਮਰਦ ਦੇ ਰਿਸ਼ਤੇ ਦਾ ਜਮਾਤ-ਰਹਿਤ ਸਮਾਜ ਵਿਚ ਰੂਪ — ਉਥੇ ਉਨ੍ਹਾਂ ਦੇ ਆਪਸ ਵਿਚ ਪਿਆਰ ਦੀ ਕਿਸਮ। ਉਸ ਸਮਾਜ ਦੀਆਂ ਕੀਮਤਾਂ। ਇਸਕ ਤੇ ਉਸ ਦੀਆਂ ਕੀਮਤਾਂ ਦੇ ਸਰੂਪ ਹੋਣ ਤੋਂ ਬਗੈਰ ਉਹ ਨੰਗੋ ਨਾਮੂਸ ਦੇ ਤੂਸੜੇ ਨਹੀਂ ਉੜਾ ਸਕਦੇ। ਖ਼ਲਾਅ ਸਮਾਜ ਦੇ ਨੰਗੋ ਨਾਮੂਸ ਨੂੰ ਖਤਮ ਨਹੀਂ ਕਰ ਸਕਦਾ। ਸਿਰਫ਼ ਸ਼ਬਦ ਹੀ ਹਉਮੈ ਨੂੰ ਜਲਾ ਸਕਦਾ ਹੈ। "ਸ਼ਕਰਗੰਜ ਮਸਊਦ ਵਾਂਗੂ ਉਹ ਨਫਸ ਤੇ ਹਿਰਸ ਨੂੰ ਮਾਰ ਰਿਹਾ।" ਜਿਸ ਤਰ੍ਹਾਂ ਅਸੀਂ ਪਿਛੇ ਵੀ ਟੂਕਾਂ ਦੇ ਆਏ ਹਾਂ ਇਸ਼ਕ ਦੇ ਹਵਾਲੇ ਹੋਕੇ ਹੀ, ਉਸ ਨੂੰ ਪੂਰਨ ਵਫਾਦਾਰ ਹੋਕੇ ਹੀ ਆਸ਼ਕ ਫੀਊਡਲ ਸਮਾਜ ਦੇ ਨੰਗੋ ਨਾਮੂਸ ਦੀ ਫੀਤੀ ਫੀਤੀ ਕਰਦੇ ਹਨ ਜਿਸ ਨੂੰ ਫੀਊਡਲ ਸਮਾਜ ਸ਼ਰਮ ਹੱਯਾ ਕਰਾਰ ਦੇਂਦਾ ਹੈ।

"ਸਿਰ ਦਿੱਤਿਆਂ ਬਾਝ ਨਾ ਇਸ਼ਕ ਪੱਕੇ, ਨਾਹੀਂ ਇਹ ਸੁਖਾਲੀਆਂ ਯਾਰੀਆਂ ਵੇ।" "ਭਾਬੀ ਇਸ਼ਕ ਤੋਂ ਨਸ ਕੇ ਉਹ ਜਾਂਦੇ, ਪੁਤਰ ਹੋਣ ਜੋ ਕਿਸੇ ਕੰਗਾਲ ਦੇ ਨੀਂ।" "ਫਰੀਦਾ ਗਲੀਏ ਚਿੱਕੜ ਦੂਰਿ ਘਰੁ ਨਾਲਿ ਪਿਆਰੇ ਨੇਹੁ। ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ। ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ। ਜਾਇ ਮਿਲਾ ਤਿਨਾ ਸੱਜਣਾ ਤੁਟਉ ਨਾਹੀਂ ਨੇਹੁ।" ਇਹ ਸ਼ਰਮਹੀਣ, ਸਮਾਜਕ ਮਨੁਖੀ ਕੀਮਤਾਂ-ਹੀਣ ਦਸ਼ਾ ਨਹੀਂ। ਇਹ ਇਸ਼ਕ ਦੀਆਂ, ਇਨਸਾਨੀਅਤ ਦੀਆਂ, ਮਨੁਖ ਦੀ ਆਜ਼ਾਦੀ ਦੀਆਂ, ਸਰਬਤ ਦੀ ਆਜ਼ਾਦੀ ਦੀਆਂ ਕੀਮਤਾਂ ਦਾ ਸਰੂਪ ਹੋਣਾ ਹੈ। ਮਾਇਆ ਦੇ, ਇਕਾਨੋਮਿਜ਼ਮ ਦੇ ਬੰਧਨ ਤੋਂ, ਸਮਾਤੀ ਸਮਾਜ ਦੀ ਫਾਹੀ ਤੋਂ ਪਾਕ ਹੋਣਾ ਹੈ। ਜਿਸ ਨੂੰ ਖਹਿਰਾ ਸਾਹਿਬ 'ਜ਼ਿੰਦਗੀ ਦਾ ਜ਼ਾਬਤਾ' ਕਹਿੰਦੇ ਹਨ ਅਤੇ ਜਿਸ ਦੀ ਬਾਖਤ ਕਹਿੰਦੇ ਹਨ ਕਿ ਹੀਰ ਨੂੰ ਉਸ ਦਾ ਕੁਛ ਪਤਾ ਹੀ ਨਹੀਂ ਉਹ ਮਨੁਖੀ ਜ਼ਿੰਦਗੀ ਦਾ ਬਤੌਰ ਜ਼ਿੰਦਗੀ ਜਾਬਤਾ ਨਹੀਂ। ਫੀਊਡਲ ਨਿਜ਼ਾਮ ਦਾ ਜ਼ਾਬਤਾ ਹੈ। ਹੀਰ ਨੂੰ ਉਸ ਦੇ ਰੋਲ ਦਾ ਪੂਰਾ ਚਾਨਣਾ ਹੈ। ਉਹ ਜਾਣਦੀ ਹੈ ਕਿ ਫੀਊਡਲ ਨਿਜ਼ਾਮ ਦੇ ਪਾਏ ਜ਼ਾਬਤੇ ਦੀ ਜੜ੍ਹ ਮੇਖ ਉਖੇੜਿਆਂ ਬਗੈਰ ਉਸ ਦਾ ਇਸ਼ਕ ਨਹੀਂ ਪੱਕ ਸਕਦਾ। ਇਸ ਵਾਸਤੇ ਹੀ ਉਹ ਇਸ ਜ਼ਾਬਤੇ ਨੂੰ, ਉਸ ਦੇ ਨੰਗੋ ਨਾਮੂਸ ਨੂੰ ਲੀਰੋ ਲੀਰ ਕਰਦੀ ਹੈ। ਇਹ ਸਵਾਲ ਸਾਰੀ ਗੱਲ ਦੀ ਬੁਨਿਆਦ ਹੈ, ਸਭ ਕਾਸੇ ਦਾ ਮੂਲ ਹੈ। ਜਾਂ ਕੰਬਲੀ ਬੇਦਾਗ ਰਹਿ ਸਕਦੀ ਹੈ ਜਾਂ ਸੱਜਣਾਂ ਨੂੰ ਮਿਲਿਆ ਜਾ ਸਕਦਾ ਹੈ। ਦੋਵੇਂ ਗੱਲਾਂ ਤਾਂ ਪੂਰੀਆਂ ਹੋ ਹੀ ਨਹੀਂ ਸਕਦੀਆਂ। ਚੋਣ ਲਾਜ਼ਮੀ ਹੈ। ਆਸ਼ਕਾਂ ਦੀ, ਫਰੀਦ ਦੀ, ਗੁਰਮੁਖਾਂ ਦੀ ਚੋਣ ਸਪਸ਼ਟ ਹੈ। ਉਨ੍ਹਾਂ ਨੂੰ ਆਪਣੀ ਚੋਣ ਦੇ ਸਹੀ ਹੋਣ 'ਤੇ ਪੂਰੀ ਦ੍ਰਿੜ੍ਹਤਾ ਹੈ। ਉਸ ਦੀ ਬਾਬਤ ਉਨ੍ਹਾਂ ਦੀ ਕਿਸੇ ਕਿਸਮ ਦੀ ਦੋਚਿਤੀ ਨਹੀਂ। ਆਪਣੀ ਚੋਣ 'ਤੇ ਦ੍ਰਿੜ੍ਹ ਰਹਿਣ ਵਾਸਤੇ ਉਹ ਹਰ ਕੀਮਤ ਦੇਣ ਨੂੰ ਤਿਆਰ ਹਨ। ਇਸ ਗੱਲ ਵਿਚ ਹੀ ਉਨ੍ਹਾਂ ਦੀ ਬੰਦਿਆਈ ਹੈ, ਖੁਦਾਈ ਹੈ। ਸੋ ਹੱਥ ਰੱਸਾ ਸਿਰੇ ਤੇ ਗੰਢ। ਜਦੋਂ ਗੰਢ ਹੀ ਖਹਿਰਾ ਸਾਹਿਬ ਦੀ ਸਮਝ ਵਿਚ ਨਹੀਂ ਆਈ ਤਾਂ ਉਨ੍ਹਾਂ ਦੀ ਸਾਰੀ ਮੰਜ਼ਲ ਰੇਤ ਦੀ ਕੰਧ ਹੈ।

ਖਹਿਰਾ ਸਾਹਿਬ ਸਿਧਿਆਂ ਤੱਥਾਂ ਨੂੰ ਪੁਠਿਆਂ ਕਰੀ ਆਉਂਦੇ ਹਨ। ਉਨ੍ਹਾਂ ਦੇ ਮੁਤਾਬਿਕ ਰਾਂਝੇ ਦਾ ਖੇੜੀਂ ਹੀਰ ਨੂੰ ਮਿਲਣ ਜਾਣਾ ਆਪਣੀ ਮੰਜ਼ਲ ਤੋਂ ਮੂੰਹ ਭਾਰ ਡਿਗਣਾ ਹੈ। ਲਿਖਦੇ ਹਨ : "ਜਦੋਂ ਤੁਣਕਾ ਪੈਂਦਾ ਹੈ ਤਾਂ ਸ਼ਿਵਜੀ ਵਰਗੇ ਮਹਾਯੋਗੀ ਉਖੜ ਜਾਂਦੇ ਹਨ। ਇਹ ਗਠ ਯੋਗੀ ਤਾਂ ਕਿਸੇ



ਦਾ ਪਾਣੀ ਹਾਰ ਹੀ ਨਹੀਂ। ਜਦੋਂ ਤੁਣਕਾ ਪਿਆ, ਰਾਂਝਾ ਖੇੜੀਂ ਜਾ ਵੜਿਆ।" ਖਹਿਰਾ ਸਾਹਿਬ ਨੇ ਸ਼ਾਇਦ ਵਾਰਿਸ ਸ਼ਾਹ ਪੜ੍ਹਿਆ ਨਹੀਂ। ਜੇ ਪੜ੍ਹਿਆ ਹੁੰਦਾ ਤਾਂ ਉਨ੍ਹਾਂ ਨੂੰ ਗਿਆਨ ਹੁੰਦਾ ਕਿ ਹੀਰ ਨੇ ਸੁਨੇਹਾ ਘਲਿਆ ਸੀ ਕਿ ਜੋਗੀ ਬਣ ਕੇ ਆ ਮਿਲ। ਉਹ ਜੋਗੀ ਬਣਿਆ ਹੀ ਖੇੜੀਂ ਜਾਣ ਵਾਸਤੇ ਸੀ, ਹੀਰ ਨੂੰ ਮਿਲਣ ਵਾਸਤੇ ਸੀ। ਨਹੀਂ ਤਾਂ ਉਹ "ਟਿੱਲੇ ਤੇ ਧਾਰ ਨਾ ਮਾਰਦਾ ਮੈਂ"। ਖਹਿਰਾ ਸਾਹਿਬ ਬਦੋ ਬਦੀ ਆਸ਼ਕਾਂ ਦੇ ਮੇਲ ਦੇ ਰਾਹ ਵਿਚ 'ਮੌਤ ਦੀ ਝਨਾਂ' ਲਿਆਣ ਖੜੀ ਕਰਦੇ ਹਨ। "ਏਨ੍ਹਾਂ ਦੀ ਵਿਚੋਲੀ ਮੌਤ ਬਣੇਗੀ।" ਆਸ਼ਕਾਂ ਦੇ ਮੇਲ ਦੇ ਰਾਹ ਵਿਚ ਰੁਕਾਵਟ ਮਨੁਖੀ ਜ਼ਿੰਦਗੀ ਨਹੀਂ, ਸਮਾਜ ਦਾ ਜਮਾਤੀ ਅੰਗ ਹੈ। ਸਮਾਜ ਵਿਚੋਂ ਜਮਾਤੀ ਅੰਗ ਅਲੋਪ ਹੋਵੇ ਆਸ਼ਕ ਨਾ ਸਿਰਫ਼ ਮਨੁਖੀ ਜ਼ਿੰਦਗੀ ਮਾਨਣਗੇ, ਸਮਾਜ ਵਿਚ ਘੁਗ ਕੇ ਵਸਣਗੇ। ਮੌਤ ਨੂੰ ਆਸ਼ਕਾਂ ਦੀ ਵਿਚੋਲੀ ਬਣਾਉਣਾ ਸਮਾਜ ਵਿਚ ਚਲ ਰਹੀ ਜਮਾਤੀ ਜਦੋ-ਜਹਿਦ ਨੂੰ ਅੱਖਾਂ ਤੋਂ ਪਰੋਖਿਆ ਕਰਨਾ ਹੈ।

"ਆਜੁ ਮਿਲਾਵਾ ਸ਼ੇਖ ਫਰੀਦ ਟਾਕਿਮ ਕੂੰਜੜੀਆ ਮਨਹੁ ਮਚਿੰਦੜੀਆ।" ਰਬ ਐਥੇ ਮਿਲਦਾ ਹੈ। ਹੁਣ ਮਿਲਦਾ ਹੈ। ਮੌਤ ਤੋਂ ਪਾਰ ਦਾ ਮਸਲਾ ਨਹੀਂ। ਸਤਿਗੁਰੂ ਸਮਾਜ ਵਿਚ, ਕਲਜੁਗ ਵਿਚ ਪੈਦਾ ਹੋਇਆ ਸੀ। ਨਾਮ ਉਸ ਨੇ ਮਨੁਖੀ ਜਾਮੇ ਵਿਚ ਵੰਡਿਆ ਸੀ। ਖੰਡਾ ਉਸ ਨੇ ਮਾਇਆ ਦੇ ਵਿਰੁਧ ਇਸ ਸਮਾਜ ਵਿਚ, ਐਥੇ ਖੜਕਾਇਆ ਸੀ। ਉਹ ਮੌਤੋਂ ਪਾਰ ਦੇ ਕੰਢੇ ਨਹੀਂ ਜੀ ਖੜੋਤਾ ਰਿਹਾ। ਖਹਿਰਾ ਸਾਹਿਬ ਲਿਖਦੇ ਹਨ : "ਜਮਾਤੀ ਸੰਗਰਸ਼ ਕੁਲੀ ਗੁਲੀ ਜੁਲੀ ਦਾ ਸੰਗਰਸ਼ ਹੈ।" ਇਉਂ ਕਹਿਣਾ ਇਕਾਨੋਮਿਜ਼ਮ ਦੀ ਦਿਤੀ ਹੋਈ ਗੁੜ੍ਹਤੀ ਹੈ। ਜਮਾਤੀ ਜਦੋ-ਜਹਿਦ ਮਨੁਖ ਦੀ ਆਜ਼ਾਦੀ ਦੇ ਆਧਾਰ 'ਤੇ ਪੂਰਨ ਤਰਜ਼ੇ-ਜ਼ਿੰਦਗੀ ਵਾਸਤੇ ਜਦੋ-ਜਹਿਦ ਹੈ। ਸਿਰਫ ਟੁਕ ਦੀ ਬੁਰਕੀ ਵਾਸਤੇ ਹੀ ਨਹੀਂ। ਮਨੁਖਤਾ ਦੀ ਕਲਚਰ ਵਾਸਤੇ ਵੀ ਹੈ। ਮਨੁਖ ਵਿਚ ਮਨੁਖਤਾ ਉਸਾਰਨ ਵਾਸਤੇ ਵੀ ਹੈ, ਮਨੁਖ ਦੀ ਕਿਸਮ ਦੀ ਤਬਦੀਲੀ ਵਾਸਤੇ, ਸਮਾਜ ਦੇ ਸਾਰੇ ਉਸਾਰ ਦੀ ਤਬਦੀਲੀ ਵਾਸਤੇ ਵੀ ਹੈ। ਸਿਰਫ਼ ਆਰਥਕਤਾ ਦੀ ਗੱਲ ਹੀ ਨਹੀਂ। ਆਸਾ ਦੀ ਵਾਰ ਦਾ ਅਤੇ ਮਾਰਕਸਵਾਦ ਦਾ ਸੰਕਲਪੀ ਮੁਹਾਵਰਾ ਤਾਂ ਆਪੋ ਆਪਣਾ ਹੈ, ਅਤੇ ਇਹ ਦੋਵੇਂ ਮੁਹਾਵਰੇ ਆਪਸ ਵਿਚ ਮਿਲ ਨਹੀਂ ਸਕਦੇ। ਪਰ ਦੋਹਾਂ ਵਿਚ ਪ੍ਰਗਟ ਸਮਾਜਕ ਮਨੁਖੀ ਕੀਮਤਾਂ ਲੋਕ-ਹਿੱਤ ਦੀਆਂ, ਮਨੁਖ ਦੀ ਆਜ਼ਾਦੀ ਦੀਆਂ ਹਨ, ਮਾਇਆ ਤੇ ਇਕਾਨੋਮਿਜ਼ਮ ਦੇ ਬੰਧਨ ਤੋਂ ਪਾਰ ਹੋਣ ਦੀਆਂ ਹਨ। ਪੈਂਤੜਾ ਲੋਕ-ਹਿੱਤ ਦਾ ਹੈ। ਇਸ਼ਕ ਆਦਿ ਦਾ ਸਾਰਾ ਮਸਲਾ ਇਸ ਜਗਤ ਦਾ, ਸਮਾਜ ਦਾ ਮਸਲਾ ਹੈ। ਮੌਤੋਂ ਪਾਰ ਦਾ ਨਹੀਂ। ਮਸਲਾ ਦੁਨਿਆਵੀ ਤੇ ਗ਼ੈਰ ਦੁਨਿਆਵੀ ਦਾ ਨਹੀਂ। ਝਗੜਾ ਸਾਰਾ ਹੈ — ਜਮਾਤੀ ਤੇ ਜਮਾਤ-ਰਹਿਤ ਸਮਾਜਾਂ ਦਾ, ਅਤੇ ਜਿਸ ਕਿਸਮ ਦਾ ਉਹ ਸਮਾਜ, ਮਨੁਖੀ ਸਮਾਜ ਦੀ ਕਲਚਰ ਤੇ ਸਮਾਜ ਦਾ ਉਸਾਰ ਪੈਦਾ ਕਰਦੇ ਹਨ। ਮਨੁਖ ਦੀ ਚੇਤਨਤਾ, ਉਸ ਦੀ Psyche ਭਾਵੇਂ ਕਿੰਨੀ ਸੂਖਮ ਤੋਂ ਸੂਖਮ ਹੋਵੇ ਅੰਤ ਸਮਾਜਕ ਪੈਦਾਵਾਰ ਹੈ। ਸਮਾਜਕ ਮਨੁਖੀ ਅਮਲ ਤੇ ਜਿਨ੍ਹਾਂ ਸਮਾਜਕ ਰਿਸ਼ਤਿਆਂ ਰਾਹੀਂ ਉਹ ਅਮਲ ਹੁੰਦਾ ਹੈ ਉਨ੍ਹਾਂ ਦੀ ਪੈਦਾਵਾਰ ਹੈ।

ਖਹਿਰਾ ਸਾਹਿਬ ਦਾ ਨਜ਼ਰੀਆ ਮਾਸੂਮ ਗ਼ਲਤੀ ਨਹੀਂ। ਮਨੁਖੀ ਜ਼ਿੰਦਗੀ ਦੇ ਵਿਰੁਧ ਗਹਿਰੀ ਸਾਜ਼ਿਸ਼ ਹੈ। ਇਨਸਾਨੀਅਤ ਨੂੰ, ਮਨੁਖ ਦੀ ਆਜ਼ਾਦੀ ਨੂੰ ਕਬਰ ਵਿਚ ਪਾਉਣ ਦਾ ਰਾਹ ਹੈ। ਸਰਮਾ-ਇਦਾਰੀ ਦੀ ਖਲਾਰੀ ਸਮਾਜ ਵਿਚ ਵਹਿਸ਼ਤ ਦੀ ਡੱਟ ਕੇ ਰਾਖੀ ਹੈ। ਜ਼ਰਾ ਧਿਆਨ ਨਾਲ ਪੜ੍ਹੋ। ਲਿਖਦੇ ਹਨ : "ਤੇ ਫਿਰ ਕੀ ਹੀਰ ਰਾਂਝਾ ਮਿਲ ਗਏ ? ਨਹੀਂ, ਇਹ ਮਿਲ ਨਹੀਂ ਸਕਦੇ, ਇਹ ਦਿਮਾਗੀ ਗਠ ਦੀ ਕਹਾਣੀ ਹੈ। ਮੌਤ ਦਾ ਝਨਾਂ ਵਗ ਰਿਹਾ ਹੈ। ਉਸ ਦੇ ਇਕ ਕੰਢੇ ਉਤੇ ਹੀਰ ਖੜੀ ਹੈ ਅਤੇ ਦੂਸਰੇ ਪਾਸੇ ਉਸ ਦਾ ਸੂਖਮ ਰਾਂਝਾ, ਉਹ ਰਾਂਝਾ ਜਿਸ ਨੂੰ ਪੁਕਾਰਦੀ ਪੁਕਾਰਦੀ ਉਹ

ਆਪ ਰਾਂਝਾ ਹੋ ਗਈ। ਇਸ ਤਰ੍ਹਾਂ ਇਕ ਪਾਸੇ ਰਾਂਝਾ ਖੜਾ ਹੈ ਅਤੇ ਦੂਸਰੇ ਪਾਸੇ ਉਸ ਦੀ ਸੂਖਮ ਹੀਰ। ਜੇ ਕਰ ਇਨ੍ਹਾਂ ਨੇ ਵਫ਼ਾ ਖਟਣੀ ਹੈ, ਜੇ ਕਰ ਇਨ੍ਹਾਂ ਦਾ ਇਸ਼ਕ ਸੱਚਾ ਹੈ ਤਾਂ ਸੋਚਣ ਦੀ ਲੋੜ ਨਹੀਂ। ਝਨਾਂ ਵਿਚ ਕੁਦ ਪੈਣ, ਇਨ੍ਹਾਂ ਦੀ ਵਿਚੋਲੀ ਮੌਤ ਬਣੇਗੀ। ਮੌਤ ਤੋਂ ਸਿਵਾਏ ਕੋਈ ਚਾਰਾ ਨਹੀਂ। ਉਨ੍ਹਾਂ ਦੇ ਮਿਲਣ ਦਾ, ਕਿਉਂਕਿ ਦੁਨਿਆਵੀ ਅਹਿਸਾਸ ਤੇ ਸੂਖਮ ਅਹਿਸਾਸ ਦੇ ਵਿਚਾਲੇ ਮੌਤ ਦੀ ਕੰਧ ਹੈ ਜਿਸ ਦੇ ਟੱਪੇ ਬਗੈਰ ਨਾ ਉਹ ਐਧਰ ਆ ਸਕਦਾ ਹੈ, ਨਾ ਇਹ ਉਧਰ। ਦਿਮਾਗੀ ਗਠ ਦੀਆਂ ਸਾਰੀਆਂ ਵਿਥਿਆਵਾਂ ਵਿਚ ਇਸੇ ਤਰ੍ਹਾਂ ਹੁੰਦਾ ਹੈ। ਜਿਹੜਾ ਝਨਾਂ ਲੰਘ ਗਿਆ ਉਹ ਪੱਕਾ ਜਿਹੜਾ ਡੁਬ ਗਿਆ ਸੋ ਕੱਚਾ। ਇਸ ਲਈ ਪ੍ਰੋ: ਕਿਸ਼ਨ ਸਿੰਘ ਅਤੇ ਨਜਮ ਹੁਸੈਨ ਹੋਰੀਂ ਭਾਰਤੀ ਪੈਮਾਨੇ ਅਨੁਸਾਰ ਠੀਕ ਨਹੀਂ ਉਤਰਦੇ।'' (ਸਫ਼ਾ 45)।

ਜੇ ਸਿੱਧੇ ਲਫ਼ਜ਼ਾਂ ਵਿਚ ਕਹਿਣਾ ਹੋਵੇ ਤਾਂ ਖਹਿਰਾ ਸਾਹਿਬ ਤੇ ਉਨ੍ਹਾਂ ਦਾ ਨਜ਼ਰੀਆ ਕਹਿੰਦੇ ਕੀ ਨੇ। ਉਹ ਕਹਿੰਦੇ ਨੇ ਕਿ ਸੂਖਮ ਅਹਿਸਾਸ ਦੀ, ਸੂਖਮਤਾ ਦੀ ਸਫਲਤਾ, ਸੰਪੂਰਨਤਾ ਇਸ ਜ਼ਿੰਦਗੀ ਵਿਚ, ਮਨੁਖੀ ਜ਼ਿੰਦਗੀ ਵਿਚ ਮੁਮਕਿਨ ਹੀ ਨਹੀਂ ਹੈ। ਜੇ ਸੂਖਮ ਅਹਿਸਾਸੀ ਹੋਣਾ ਹੈ, ਜੇ ਸੂਖਮ ਬਣਤਰ ਵਾਲੇ ਬਣਨਾ ਹੈ, ਮਤਲਬ ਹੈ ਜੇ ਇਸ਼ਕ, ਇਨਸਾਨੀਅਤ, ਆਜ਼ਾਦੀ ਪਰਾਪਤ ਕਰਨੀ ਹੈ ਤਾਂ ਮੌਤ ਦੀ ਵਗਦੀ ਝਨਾਂ ਵਿਚ ਛਾਲ ਮਾਰੋ। ਇਨ੍ਹਾਂ ਵਿਚ ਤੁਹਾਡੀ ਸਫਲਤਾ, ਇਨ੍ਹਾਂ ਦੀ ਪਰਾਪਤੀ ਮੌਤ ਤੋਂ ਪਿਛੋਂ ਹੀ ਹੋ ਸਕਦੀ ਹੈ। ਦੂਸਰੇ ਲਫ਼ਜ਼ਾਂ ਵਿਚ, ਇਨ੍ਹਾਂ ਦਾ ਨਜ਼ਰੀਆ ਸਿਖਾਉਂਦਾ ਹੈ ਕਿ ਮਨੁਖੀ ਜ਼ਿੰਦਗੀ, ਬਤੌਰ ਜ਼ਿੰਦਗੀ ਹੀ, ਆਪਣੇ ਬੁਨਿਆਦੀ ਅਸਲਿਉਂ ਹੀ ਵਹਿਸ਼ਤ ਹੈ। ਬਾਕੀ ਇਸ ਦਾ ਜਿਗਰੀ ਅੰਗ, ਇਸ ਦੀ ਤਹਿ ਦੀ ਤਾਸੀਰ ਹੈ। ਸਮਾਜਕ ਜ਼ਿੰਦਗੀ ਵਿਚ ਖਿਲਰੀ ਹੋਈ ਵਹਿਸ਼ਤ ਸਰਮਾਇਦਾਰੀ ਦੀ ਨਹੀਂ, ਜ਼ਿੰਦਗੀ ਦੀ ਬਤੌਰ ਜ਼ਿੰਦਗੀ ਹੈ। ਇਸ ਦੀ ਬਾਬਤ ਕੁਛ ਨਹੀਂ ਹੋ ਸਕਦਾ। ਜੇ ਆਪਣੀ ਸੂਖਮਤਾ ਨਾਲ ਵਫ਼ਾ ਖਟਣੀ ਹੈ, ਉਸ ਵਿਚ ਪੂਰਿਆਂ ਉਤਰਨਾ ਹੈ ਤਾਂ ਇਸ ਜ਼ਿੰਦਗੀ ਵਿਚੋਂ ਚਲਦੇ ਬਣੋ। ਮੌਤ ਦੇ ਹਵਾਲੇ ਹੋਵੋ। ਸੋਚਣ ਦੀ ਵੀ ਲੋੜ ਨਹੀਂ। ਇਨ੍ਹਾਂ ਦਾ ਨਜ਼ਰੀਆ ਸੋਚ ਦੀਆਂ ਅੱਖਾਂ 'ਤੇ ਪਟੀਆਂ ਬੰਨ੍ਹਾਉਂਦਾ ਹੈ। ਸਮਾਜਕ ਅਸਲੀਅਤ ਵਲ ਨੂੰ ਅੱਖ ਵੀ ਸਿੱਧੀ ਨਹੀਂ ਕਰਨ ਦੇਂਦਾ। ਜਿਹੜਾ ਮਨੁਖ ਸੂਖਮਤਾ ਦੇ ਸੁਪਨੇ ਲਵੇ ਉਸ ਨੂੰ ਖੜਬਾਨੇ ਦੇਕੇ ਮੌਤ ਦੇ ਘਾਟ ਉਤਾਰਦਾ ਹੈ। ਸਪਸ਼ਟ ਹੈ ਕਿ ਇਨ੍ਹਾਂ ਦਾ ਨਜ਼ਰੀਆ ਸਮਾਜ ਦੀ ਅਸਲੀਅਤ ਵਲ ਨੂੰ, ਜ਼ਿੰਦਗੀ ਵਲ ਨੂੰ ਪਿੱਛਾ ਕਰਾਉਂਦਾ ਤੇ ਮੌਤ ਵਲ ਨੂੰ ਮੂੰਹ ਕਰਾਉਂਦਾ ਹੈ। ਅਮਲੀ ਪੱਧਰ 'ਤੇ ਸਿੱਟਾ ਕੀ ਹੈ? ਸਰਮਾਇਦਾਰੀ ਤੇ ਉਸ ਦੀ ਖਿਲਾਰੀ ਵਹਿਸ਼ਤ ਦੀ ਰਾਖੀ।

ਜਮਾਤੀ ਜਦੋ-ਜਹਿਦ ਦੇ ਨੁਕਤੇ ਤੋਂ ਜਿਸ ਆਸਾ ਦੀ ਵਾਰ (ਗੁਰਬਾਣੀ ਤੇ ਸੂਫੀਆਂ ਦੀਆਂ ਰਚਨਾਵਾਂ ਦਾ) ਦਾ ਖਹਿਰਾ ਸਾਹਿਬ ਮਜ਼ਾਕ ਉਡਾਉਂਦੇ ਹਨ ਤੇ ਕਹਿੰਦੇ ਹਨ ਕਿ ਉਸ ਦੀ ਮਾਰਕਸ-ਵਾਦ ਨਾਲ ਸਾਂਝ ਹੋ ਹੀ ਨਹੀਂ ਸਕਦੀ, ਉਹ ਤੇ ਮਾਰਕਸਵਾਦ ਇਕ ਆਵਾਜ਼ ਨਾਲ ਦਸਦੇ ਹਨ ਕਿ ਸਮਾਜ ਵਿਚ ਖਿਲਰੀ ਵਹਿਸ਼ਤ ਤੇ ਮਨੁਖ ਦੀ ਗੁਲਾਮੀ ਸਮਾਜਕ ਪੈਦਾਵਾਰ ਹੈ। ਮਾਇਆ ਦੀ, ਹਉਮੈ ਦੀ, ਨਫਸ ਹਿਰਸ ਦੀ, ਕਬਜ਼ੇ ਦੀ ਹਵਸ ਦੀ, ਸਮਾਜ ਦੇ ਜਮਾਤੀ ਅਗ ਦੀ ਸਿਰਜਣਾ ਹੈ, ਜ਼ਿੰਦਗੀ ਦੀ ਬਤੌਰ ਜ਼ਿੰਦਗੀ ਨਹੀਂ। ਇਨ੍ਹਾਂ ਨੂੰ ਖਤਮ ਕਰ ਦਿਉ ਤੇ ਸਮਾਜ ਵਿਚ ਇਸ਼ਕ ਤੇ ਇਨਸਾਨੀਅਤ ਦਾ ਪ੍ਰਵੇਸ਼ ਹੋ ਜਾਏਗਾ। ਮਨੁਖੀ ਬਰਾਦਰੀ ਅਸਲੀਅਤ ਹੋਵੇਗੀ ਤੇ ਮਨੁਖ ਇੱਜ਼ਤ ਤੇ ਆਜ਼ਾਦੀ ਦੀ ਜ਼ਿੰਦਗੀ ਜੀਵੇਗਾ। ਹੁਣ ਵਾਂਗ ਨਿਲੱਜਾ ਬਣ ਕੇ ਦਿਨ ਪੂਰੇ ਨਹੀਂ ਕਰੇਗਾ। ਇਨ੍ਹਾਂ ਵਿਚੋਂ ਮਨੁਖ ਦੀ ਨਿਜ਼ਾਤ ਵਾਸਤੇ ਕੋਈ ਵੀ ਮੌਤ ਦਾ ਰਾਹ ਨਹੀਂ ਵਿਖਾਉਂਦਾ।



ਖਹਿਰਾ ਸਾਹਿਬ ਅਖੌਤੀ ਭਾਰਤੀ ਪੈਮਾਨੇ ਦਾ ਜ਼ਿਕਰ ਕਰਦੇ, ਉਸ ਨੂੰ ਲਾਗੂ ਕਰਦੇ ਹਨ। ਪੈਮਾਨਾ ਨਿਜ਼ਾਮ ਦਾ ਹੁੰਦਾ ਹੈ ਕਿਸੇ ਮੁਲਕ ਦਾ ਸਦੀਵੀ ਨਹੀਂ — ਗੁਲਾਮੀ (slavery), ਫੀਊਡਲ, ਸਰਮਾਇਦਾਰੀ ਤੇ ਸਮਾਜਵਾਦ ਆਦਿ ਦਾ। ਕਿਸੇ ਖ਼ਾਸ ਨਿਜ਼ਾਮ ਦਾ ਹੁੰਦਾ ਹੋਇਆ ਪੈਮਾਨਾ ਰੂਪੋਂ ਭਾਰਤੀ, ਚੀਨੀ, ਜਾਪਾਨੀ, ਜਰਮਨ ਹੁੰਦਾ ਹੈ, ਪਰ ਨਿਜ਼ਾਮ ਤੋਂ ਅਣਸਬੰਧਤ ਭਾਰਤੀ, ਜਰਮਨ ਜਾਂ ਜਾਪਨੀ ਆਦਿ ਕੋਈ ਪੈਮਾਨਾ ਨਹੀਂ। ਨਾ ਹੋ ਹੀ ਸਕਦਾ ਹੈ। ਜਿਸ ਭਾਰਤੀ ਪੈਮਾਨੇ ਅਨੁਸਾਰ ਕਿਸ਼ਨ ਸਿੰਘ ਤੇ ਨਜਮ ਹੁਸੈਨ 'ਠੀਕ ਨਹੀਂ ਉਤਰਦੇ', ਉਸ ਪੈਮਾਨੇ ਦੀ ਹੋਂਦ ਹੈ ਕਿਥੇ?

— ਪ੍ਰੋ. ਕਿਸ਼ਨ ਸਿੰਘ, ਨਵੀਂ ਦਿੱਲੀ

---

## ਪੁਸਤਕ-ਰੀਵੀਊ

### ਜੀਵਨ ਅਤੇ ਬਾਣੀ ਸੰਚਾਰ ਗੁਰੂ ਤੇਗ਼ ਬਹਾਦਰ

ਕਰਤਾ : ਰਾਏ ਜਸਬੀਰ ਸਿੰਘ, ਅਜੰਤਾ ਪ੍ਰਕਾਸ਼ਨ, ਅਮ੍ਰਿਤਸਰ, 1976, ਮੁੱਲ : 6.50, ਪੰਨੇ 90.

ਝੂਠ ਬੇਵਕੂਫ਼ਾਂ ਕੋਲ ਜਾਂ ਜ਼ਾਲਮਾਂ ਅੱਗੇ ਬੋਲੀਦਾ ਹੈ। ਜੇ ਕੋਈ ਆਦਮੀ ਕਿਸੇ ਅੱਗੇ ਸਾਫ਼ ਸਾਫ਼ ਗੱਲ ਕਹਿ ਸਕਦਾ ਹੈ ਤਾਂ ਉਹ ਉਹਦਾ ਸਭ ਤੋਂ ਵਧੀਆ ਤਰੀਕੇ ਨਾਲ ਸਤਿਕਾਰ ਕਰਦਾ ਹੈ। ਮੇਰੀ ਰਾਏ ਜਸਬੀਰ ਸਿੰਘ ਪ੍ਰਤੀ ਸਤਿਕਾਰ ਹੈ। ਇਸ ਕਰਕੇ ਮੈਂ ਸਾਫ਼ ਸਾਫ਼ ਗੱਲ ਕਹਿਣ ਦੀ ਹਿੰਮਤ ਕਰਾਂਗਾ।

ਇਸ ਪੁਸਤਕ ਦੀ ਸਭ ਤੋਂ ਵੱਡੀ ਖ਼ੂਬੀ ਇਹ ਹੈ ਕਿ ਇਸ ਉਤੇ ਬਹੁਤ ਮਿਹਨਤ ਕੀਤੀ ਗਈ ਹੈ। ਹਰ ਗੱਲ ਦਾ ਹਵਾਲਾ ਦਿਤਾ ਗਿਆ ਹੈ। ਪੁਸਤਕ ਵਿਚ ਆਲੋਚਨਾ ਜੰਤਰ (critical apparatus) ਬੜਾ ਪ੍ਰਭਾਵਸ਼ਾਲੀ ਹੈ।

'ਕਾਵਿ-ਬੋਲੀ' ਦਾ ਭਾਗ ਪੁਸਤਕ ਦਾ ਉੱਤਮ ਹਿੱਸਾ ਹੈ : ਰਾਏ ਜਸਬੀਰ ਸਿੰਘ ਪੰਜਾਬੀ ਦੀ ਹਮਾਇਤ ਵਿਚ ਗੁਰੂ ਤੇਗ਼ ਬਹਾਦਰ ਦੀ ਬਾਣੀ ਦੇ ਭਾਸ਼ਾਈ ਯਥਾਰਥ ਨੂੰ ਗ਼ਲਤ ਨਹੀਂ ਕਰਦੇ। ਗੁਰੂ ਸਾਹਿਬ ਦੀ ਰਚਨਾ ਬ੍ਰਿਜ ਭਾਸ਼ਾ ਵਿਚ ਹੈ।

ਪੁਸਤਕ ਵਿਚ ਕਾਵਿ-ਸ਼ੈਲੀ ਦਾ ਅਧਿਆਯ ਕਮਜ਼ੋਰ ਹੈ। ਰਾਏ ਜਸਬੀਰ ਸਿੰਘ ਕਹਿੰਦੇ ਹਨ ਕਿ (ੳ) ਕਵਿਤਾ ਇਹ ਹੁੰਦੀ ਹੈ ਅਤੇ (ਅ) ਇਹ ਊੜਾ ਗੱਲ ਗੁਰੂ ਤੇਗ਼ ਬਹਾਦਰ ਦੀ ਬਾਣੀ ਵਿਚ ਹੈ। ਪਰ ਲੇਖਕ ਨੇ ਆਪਣੀ ਦਲੀਲ ਦੀ ਕਮਜ਼ੋਰੀ ਦਾ ਖ਼ਿਆਲ ਨਹੀਂ ਕੀਤਾ ਕਿਉਂਕਿ (ੳ) ਪ੍ਰੀਭਾਸ਼ਾ ਗ਼ਲਤ ਹੋ ਸਕਦੀ ਹੈ ਅਤੇ ਯਥਾਰਥਕ ਰੂਪ ਜ਼ਰੂਰੀ ਨਹੀਂ ਕਿ ਐੜਾ ਗੱਲ ਕਿਸੇ ਰਚਣਹਾਰ ਵਿਚ ਹੋਵੇ। ਕੋਈ ਗੱਲ ਕਹਿਣ ਨਾਲ ਸਿੱਧ ਨਹੀਂ ਹੁੰਦੀ ਸਗੋਂ ਸਿੱਧ ਕਰਕੇ ਕਹਿਣੀ ਚਾਹੀਦੀ ਹੈ।

ਰਾਏ ਜਸਬੀਰ ਸਿੰਘ ਕਹਿੰਦੇ ਹਨ ਕਿ ਉਹਨਾਂ ਨੇ ਗੁਰੂ ਤੇਗ਼ ਬਹਾਦਰ ਨੂੰ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਵੇਖਿਆ ਹੈ ਪਰ ਉਹ ਏਸ ਦ੍ਰਿਸ਼ਟੀਕੋਣ ਨੂੰ ਆਪਣੀ ਕਿਰਤ ਵਿਚ ਨਿਭਾ ਨਹੀਂ ਸਕੇ। ਇਹਨਾਂ ਦਾ ਪ੍ਰਗਤੀਵਾਦ ਬੱਸ ਇਸ ਗੱਲ ਕਹਿਣ ਵਿਚ ਹੈ ਕਿ ਗੁਰੂ ਤੇਗ਼ ਬਹਾਦਰ

S E D H (Panjabi Monthly) SEPTEMBER, 1976
Registered with the Registrar of Newspapers
for India--Registration No. 23895/72 Regd. No. D (S) 022

ਜਾਗੀਰਦਾਰ-ਵਿਰੋਧੀ ਸਨ। ਭਾਵੇਂ ਇਹ ਗੱਲ ਸੁਖਾਵੀਂ ਲਗਦੀ ਹੈ, ਪਰ ਇਸ ਦਾ ਕੋਈ ਮੂਲ ਨਹੀਂ ਹੈ। ਜੇ ਇਹ ਗੱਲ ਮੰਨ ਵੀ ਲਈ ਜਾਏ ਤਾਂ ਇਹਦੇ ਨਾਲ ਬੜੀ ਮੁਸ਼ਕਿਲ ਪੈਦਾ ਹੁੰਦੀ ਹੈ ਜਿਸ ਨੂੰ ਹੱਲ ਕਰਨਾ ਇਹ ਗੱਲ ਕਹਿਣ ਵਾਲੇ ਦਾ ਫਰਜ਼ ਬਣਦਾ ਹੈ। ਜੇ ਗੁਰੂ ਤੇਗ ਬਹਾਦਰ ਜਾਗੀਰਦਾਰ-ਦੁਸ਼ਮਣ ਸਨ ਤਾਂ ਗੁਰੂ ਗੋਬਿੰਦ ਸਿੰਘ ਤੋਂ ਸਿਰਫ਼ 40 ਸਾਲ ਬਾਅਦ ਹੀ ਸਿੱਖ ਰਜਵਾੜਾ-ਸ਼ਾਹੀ ਕਿਵੇਂ ਸਥਾਪਿਤ ਹੋ ਗਈ? ਸਿੱਖ ਧਰਮ ਵਿਚ ਇਹ ਉਲਟਬਾਜ਼ੀ (turnabout) ਦੇ ਬਰਾਬਰ ਦਾ ਦੁਖਾਂਤ ਹੋਵੇਗਾ ਪਰ ਇਸ ਦੁਖਾਂਤ ਦੀ ਕੋਈ ਸਮਕਾਲੀ ਗਵਾਹੀ ਕਿਉਂ ਨਹੀਂ ਹੈ? ਦੂਸਰੇ ਜਾਗੀਰਦਾਰ-ਦੁਸ਼ਮਣ ਵਿਰਸੇ ਨੂੰ ਛੱਡਣ ਅਤੇ ਰਜਵਾੜਾ-ਸ਼ਾਹੀ ਰੁਚੀਆਂ ਅਪਣਾਉਣ ਨਾਲ 18ਵੀਂ ਸਦੀ ਵਿਚ ਸਿੱਖ ਧਰਮ ਪ੍ਰਤੀ ਲੋਕ-ਹਮਾਇਤ ਘਟਣੀ ਚਾਹੀਦੀ ਹੈ। ਪਰ ਇਤਿਹਾਸਿਕ ਯਥਾਰਥ ਇਹ ਹੈ ਕਿ ਸਿੱਖੀ ਵਿਚ ਵਾਧਾ ਹੁੰਦਾ ਰਿਹਾ। ਮਨ-ਘੜਤ ਇਤਿਹਾਸ ਭੂਤਕਾਲ ਨੂੰ ਸੁਲਝਾਉਣ ਦੀ ਥਾਂਉ ਉਲਝਾਉਂਦਾ ਹੈ।

ਇਹਨਾਂ ਤਰੁਟੀਆਂ ਦੀ ਜ਼ਿੰਮੇਦਾਰੀ ਰਾਏ ਜਸਬੀਰ ਸਿੰਘ ਦੀ ਨਹੀਂ ਸਗੋਂ ਉਹਨਾਂ ਵਿਦਵਾਨਾਂ ਦੀ ਹੈ ਜਿਹਨਾਂ ਤੋਂ ਰਾਏ ਜਸਬੀਰ ਸਿੰਘ ਨੇ ਸਿਖਲਾਈ ਪ੍ਰਾਪਤ ਕੀਤੀ ਹੈ। ਇਹ ਭਾੜੇ ਦੇ ਵਿਦਵਾਨ ਕੇਵਲ ਉਹ ਗੱਲ ਕਹਿਣੀ ਜਾਣਦੇ ਹਨ ਜਿਹੜੀ ਮੌਕਾ-ਪ੍ਰਸਤੀ ਦੇ ਕੰਮ ਆ ਸਕੇ ਅਤੇ ਇਹਨਾਂ ਦੀ ਸ਼ਾਤਤ੍ਰਿਕ ਗਿਆਨ (academic knowledge) ਪ੍ਰਤੀ ਕੋਈ ਜ਼ਿੰਮੇਦਾਰੀ ਨਹੀਂ ਹੈ। ਇਹ ਫੁੱਟਨੋਟਾਂ ਰਾਹੀਂ ਵੀ ਸਾਧਾਰਨ ਵਿਸ਼ਵਾਸ਼ੀ ਦੀ ਬੌਧਿਕ ਸਥਿਤੀ ਵਿਚ ਹੀ ਰਹਿੰਦੇ ਹਨ ਅਤੇ ਕਿਰਤ ਦੀ ਦਲੀਲ ਅਤੇ ਦ੍ਰਿਸ਼ਟੀ ਵਲ ਧਿਆਨ ਹੀ ਨਹੀਂ ਦੇਣਾ ਜਾਣਦੇ। ਸਾਧਾਰਨ ਬੰਦਿਆਂ ਵਿਚ ਵਿਦਵਾਨ ਬਣਕੇ ਅਤੇ ਵਿਦਵਾਨਾਂ ਵਿਚ ਸਾਧਾਰਨ ਬੁੱਧ ਰੱਹਿ ਕੇ ਯੂਨੀਵਰਸਿਟੀਆਂ ਦੇ ਸਿੱਖ ਵਿਭਾਗਾਂ ਦੇ ਕਈ ਕਰਮਚਾਰੀ ਧਰਮ ਦੀ ਸੇਵਾ ਦੀ ਥਾਂਉਂ ਸਿੱਖੀ ਨਾਲ ਦੁਸ਼ਮਣੀ ਕਰ ਰਹੇ ਹਨ।

ਪੁਸਤਕ ਵਿਚ ਇਕ ਦੋ ਫੁੱਟ ਨੋਟ ਉਲਟ ਪੁਲਟ ਹੋ ਗਏ ਹਨ। ਰਾਏ ਜਸਬੀਰ ਸਿੰਘ ਦੀ ਕਿਰਤ ਸਲਾਹੁਣਯੋਗ ਹੈ ਅਤੇ ਇਹਨਾਂ ਤੋਂ ਤਰੁਟੀਆਂ 'ਤੇ ਕਾਬੂ ਪਾਉਣ ਦੀ ਆਸ ਕੀਤੀ ਜਾ ਸਕਦੀ ਹੈ।

— ਸੁਰਜੀਤ ਹਾਂਸ

---

ਸੋਧ: **ਜੁਲਾਈ** 1976 **ਅੰਕ**, ਸਫ਼ਾ 48, ਥਲਿਉਂ ਨੌਵੀਂ ਸਤਰ 'ਨਿਸ਼ਾਨਾ ਬਣਨ' ਦੀ ਥਾਂ 'ਨਿਸ਼ਾਨਾ ਬੰਨਣ' ਪੜ੍ਹੋ।

**ਅਗਸਤ** 1976 **ਅੰਕ**, ਸਫ਼ਾ 4, ਉਪਰੋਂ ਚੌਥੀ ਸਤਰ — 'ਨਮੇਸ਼ਨ' ਦੀ ਥਾਂ 'ਨਗੇਸ਼ਨ', ਸਫ਼ਾ 6, ਉਪਰੋਂ 23ਵੀਂ ਸਤਰ — 'ਜਹਾਨਤ' ਦੀ ਥਾਂ 'ਲਾਹਨਤ', ਸਫ਼ਾ 8, 27ਵੀਂ ਸਤਰ — 'his' ਦੀ ਥਾਂ 'this' ਪੜ੍ਹੋ।

ਏਸੇ ਤਰ੍ਹਾਂ, ਸਫ਼ਾ 24, 8ਵੀਂ ਸਤਰ ਵਿਚ 'ਨੀਤੀ' ਦੀ ਥਾਂ 'ਕੀਤੀ', 12ਵੀਂ ਸਤਰ ਵਿਚ 'ਦੇ' ਦੀ ਥਾਂ 'ਤੇ', ਸਫ਼ਾ 25, ਉਪਰੋਂ ਨੌਵੀਂ ਸਤਰ ਵਿਚ 'ਨੀਤੀ' ਦੀ ਥਾਂ 'ਕੀਤੀ', ਸਫ਼ਾ 26, ਉਪਰੋਂ 13ਵੀਂ ਸਤਰ ਵਿਚ 'ਸਮਾਜ' ਦੀ ਥਾਂ 'ਸਮਾਜਕ', ਸਫ਼ਾ 29, ਥਲਿਉਂ 7ਵੀਂ ਸਤਰ ਵਿਚ 'ਮੁਹਾਂਦਰਾ' ਦੀ ਥਾਂ 'ਮੁਹਾਵਰਾ', ਸਫ਼ਾ 35, ਉਪਰੋਂ 13ਵੀਂ ਲਾਈਨ ਵਿਚ 'strength' ਦੀ ਥਾਂ 'struggle', 16ਵੀਂ ਸਤਰ ਵਿਚ 1940 ਦੀ ਥਾਂ 1640 ਆਦਿ ਪੜ੍ਹੋ।